
Driver Needed, Owner op. needed
ਡਰਾਈਵਰਾਂ ਦੀ ਲੋੜ
ਓਨਰ ਅਪਰੇਟਰਾਂ ਦੀ ਲੋੜ
209-479-0242



ਹਫਤਾਵਾਰੀ
# ਦੇਸ਼ ਦੁਆਬਾ
VOL - 5 ISSUE - 23
September 14, 2016
Postal Address
5101 Doe Hollow Pl, Antelope, CA-95843
www.deshdoaba.com
www.ambedkartimes.com



Golden State Truck Sales Inc.
ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh
Cell : 530-870-6600
Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ


## 9/11 ਦੇ ਅੱਤਵਾਦੀ ਹਮਲੇ ਤੋਂ ਬਾਅਦ ਪੂਰੀ ਤਰ੍ਹਾਂ ਬਦਲ ਗਿਆ ਅਮਰੀਕਾ



**ਨਿਊਯਾਰਕ (ਬਿਊਰੋ)–** ਅਮਰੀਕਾ ਵਿਚ 15 ਸਾਲ ਪਹਿਲਾਂ 11 ਸਤੰਬਰ ਨੂੰ ਵਰਲਡ ਟਰੇਡ ਸੈਂਟਰ ਅਤੇ ਰੱਖਿਆ ਹੈਡਕੁਆਰਟਰ ਪੇਂਟਾਗਨ ’ਤੇ ਕੱਟੜਪੰਥੀ ਹਮਲੇ ਹੋਏ ਸਨ, ਜਿਹਨਾਂ ਵਿਚ ਕਰੀਬ ਤਿੰਨ ਹਜ਼ਾਰ ਲੋਕ ਮਾਰੇ ਗਏ ਸਨ। ਅਮਰੀਕਾ ਵਿਚ ਇਸ ਦਹਿਸ਼ਤੀ ਹਮਲੇ ਵਿਚ ਮਾਰੇ ਗਏ ਲੋਕਾਂ ਦੇ ਅਫਸੋਸ ਵਿਚ ਤਿੰਨ ਦਿਨ ਦਾ ਕੌਮੀ ਸ਼ੋਕ ਐਲਾਨ ਕੀਤਾ ਗਿਆ। 11 ਸਤੰਬਰ ਤੋਂ ਕੌਮੀ ਝੰਡਾ ਝੁਕਾ ਕੇ ਅਫਸੋਸ ਮਨਾਇਆ ਗਿਆ ਪਰ ਇਹਨਾਂ 15 ਸਾਲਾਂ ਵਿਚ ਇਸ ਘਟਨਾ ਨੇ ਪੂਰੀ ਦੁਨੀਆਂ ਵਿਚ ਬਹੁਤ ਕੁਝ ਬਦਲ ਦਿੱਤਾ ਹੈ। ਕੱਟੜਪੰਥ ਨੂੰ ਲੈ ਕੇ ਅਮਰੀਕੀ ਨੀਤੀ ਵਿਚ ਤਬਦੀਲੀ ਅਤੇ ਭਵਿੱਖ ਦੀਆਂ ਯੋਜਨਾਂਵਾਂ ’ਤੇ ਬੋਸਟਨ ਯੂਨੀਵਰਸਿਟੀ ਦੇ ਪ੍ਰੋਫੈਸਰ ਅਤੇ ਸੁਰੱਖਿਆ ਮਾਮਲਿਆਂ ਦੇ ਮਾਹਿਰ ਹੁਸੈਨ ਹਕਾਨੀ ਦੀ ਸਲਾਹ ਦੇਖੋ: ’’ਬੇਸ਼ੱਕ ਹੀ ਅਮਰੀਕਾ ਵਿਚ 9/11 ਤੋਂ ਬਾਅਦ ਇੰਨਾ ਵੱਡਾ ਹਮਲਾ ਨਹੀਂ ਹੋਇਆ ਪਰ ਪੂਰੀ ਦੁਨੀਆਂ ਵਿਚ ਹੁਣ ਵੀ ਕੱਟੜਪੰਥ ਹੈ। ਦੁਨੀਆਂ ਵਿਚ ਕਈ ਥਾਵਾਂ ਤੇ ਕੱਟੜਪੰਥੀ ਹਮਲੇ ਹੋ ਰਹੇ ਹਨ।


**(ਬਾਕੀ ਸਫਾ 20 ਤੇ)**


# ਪੰਜਾਬ ਵਿਚ ਇਸ ਵਾਰ ਮੁਕਾਬਲਾ ਹੋਇਆ ਬਹੁ-ਕੋਣਾ

## ਚੌਥਾ ਫਰੰਟ ਆਵਾਜ਼-ਏ-ਪੰਜਾਬ ਵੀ ਮੈਦਾਨ ਵਿਚ ਹੋਇਆ, ਅਕਾਲੀ ਦਲ ਨੇ ਲਗਾਈ ਸਹੂਲਤਾਂ ਦੀ ਝੜੀ, ਕਾਂਗਰਸ ਇਕੱਲੀ ਹੀ ਚੋਣ ਲੜੇਗੀ, ਆਪ ਦੀ ਕਮਾਨ ਖੁਦ ਕੇਜਰੀਵਾਲ ਨੇ ਸੰਭਾਲੀ

**ਚੰਡੀਗੜ੍ਹ (ਬਿਊਰੋ)–** ਪੰਜਾਬ ਵਿਧਾਨ ਸਭਾ ਚੋਣਾਂ ਦਾ ਐਲਾਨ ਹੁੰਦੇ ਹੀ ਪੰਜਾਬ ਵਿਚ ਸਿਆਸੀ ਸਰਗਰਮੀ ਫਿਰ ਤੇਜ਼ ਹੋ ਗਈ ਹੈ। ਆਮ ਆਦਮੀ ਪਾਰਟੀ ਨੂੰ ਸੰਭਾਲਣ ਲਈ ਜਿੱਥੇ ਕੇਜਰੀਵਾਲ ਖੁਦ ਮੈਦਾਨ ਵਿਚ ਆ ਗਏ ਹਨ, ਉਥੇ ਹੀ ਨਵਜੋਤ ਸਿੱਧੂ, ਬੈਂਸ ਭਰਾਵਾਂ ਅਤੇ ਪਰਗਟ ਸਿੰਘ ਦੀ ਨਵੀਂ ਪਾਰਟੀ ’ਆਵਾਜ਼-ਇ-ਪੰਜਾਬ’ ਨੇ ਵੀ ਚੋਣ ਮੈਦਾਨ ਵਿਚ ਕੁੱਦਣ ਦਾ ਫੈਸਲਾ ਕਰ ਲਿਆ ਹੈ। ਚੋਣਾਂ ਦੇ ਮੱਦੇਨਜ਼ਰ ਸੱਤਾਧਾਰੀ ਅਕਾਲੀ-ਭਾਜਪਾ ਸਰਕਾਰ ਨੇ ਸਹੂਲਤਾਂ ਦੀ ਝੜੀ ਲਗਾ ਦਿੱਤੀ ਹੈ।






ਜਲੰਧਰ ਛਾਉਣੀ ਤੋਂ ਵਿਧਾਇਕ ਪਰਗਟ ਸਿੰਘ ਨੇ ਸ਼੍ਰੋਮਣੀ ਅਕਾਲੀ ਦਲ ਦੀ ਮੁੱਢਲੀ ਮੈਂਬਰਸ਼ਿਪ ਤੋਂ ਅਸਤੀਫਾ ਦੇ ਕੇ ਲੁਧਿਆਣਾ ਤੋਂ ਆਜ਼ਾਦ ਵਿਧਾਇਕ ਭਰਾਵਾਂ ਸਿਮਰਜੀਤ ਸਿੰਘ ਬੈਂਸ ਤੇ ਬਲਵਿੰਦਰ ਸਿੰਘ ਬੈਂਸ ਨਾਲ ਮਿਲ ਕੇ ਸਦਨ ’ਚ ਧਰਨਾ ਦੇ ਕੇ ਪੰਜਾਬ ਵਿਧਾਨ ਸਭਾ ’ਚ ਚੌਥੇ ਫਰੰਟ ’ਆਵਾਜ਼-ਏ-ਪੰਜਾਬ’ ਦੀ ਸ਼ੁਰੂਆਤ ਕੀਤੀ ਹੈ। ਦੂਜੇ ਪਾਸੇ ਕਾਂਗਰਸ ਨੇ ਵੀ ਦੋ ਵਾਰ ਸਪੀਕਰ ਮੂਹਰੇ ਜਾ ਕੇ ਨਾਅਰੇਬਾਜ਼ੀ ਕੀਤੀ। ਸਪੀਕਰ ਚਰਨਜੀਤ ਸਿੰਘ ਅਟਵਾਲ ਨੇ ਬਾਅਦ ਦੁਪਹਿਰ 2 ਵਜੇ ਸੈਸ਼ਨ ਸ਼ੁਰੂ ਹੁੰਦਿਆਂ ਹੀ ਵਿਧਾਨ ਸਭਾ ਦੇ ਸਾਬਕਾ ਡਿਪਟੀ ਸਪੀਕਰ ਪੰਨਾ ਲਾਲ ਨਈਅਰ ਦੀ ਮੌਤ ਦੀ ਜਾਣਕਾਰੀ ਦਿੰਦਿਆਂ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕਰਕੇ ਅੱਧੇ ਘੰਟੇ ਲਈ ਸਦਨ ਉਠਾ ਦਿੱਤਾ। ਇਸ ਦੌਰਾਨ ਬੈਂਸ ਭਰਾਵਾਂ ਨਾਲ ਓਲੰਪੀਅਨ ਪਰਗਟ ਸਿੰਘ ਅਕਾਲੀ ਦਲ ਦੇ ਦਫ਼ਤਰ ਪੁੱਜੇ ਤੇ ਪਾਰਟੀ ਦੀ ਮੁੱਢਲੀ ਮੈਂਬਰਸ਼ਿਪ ਤੋਂ ਅਸਤੀਫ਼ਾ ਸੌਂਪਿਆ। ਪਰਗਟ ਸਿੰਘ ਨੇ ਅਸਤੀਫੇ ’ਚ ਲਿਖਿਆ ਹੈ ਕਿ ਉਨ੍ਹਾਂ ਨੂੰ ਅਖਬਾਰਾਂ ਰਾਹੀਂ ਪਤਾ ਲੱਗਾ ਹੈ ਕਿ ਪਾਰਟੀ ਨੇ ਉਨ੍ਹਾਂ ਨੂੰ ਮੁਅੱਤਲ ਕਰ ਦਿੱਤਾ ਹੈ। ਉਨ੍ਹਾਂ ਨੂੰ ਪਾਰਟੀ ਵੱਲੋਂ ਜਾਰੀ ਕੀਤਾ ਵ੍ਹਿਪ ਵੀ ਪ੍ਰਾਪਤ ਹੋਇਆ ਹੈ। ਉਹ ਪਾਰਟੀ ਤੇ ਵਿਸ਼ੇਸ਼ ਤੌਰ ’ਤੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਪੰਜਾਬ ਨਾਲ ਕੀਤੇ ਧ੍ਰੋਹ ਨੂੰ ਮੁੱਖ ਰੱਖਦਿਆਂ ਪਾਰਟੀ ਦੀ ਮੁੱਢਲੀ ਮੈਂਬਰਸ਼ਿਪ ਤੋਂ ਅਸਤੀਫਾ ਦਿੰਦਾ ਹੈ। ਇਸ ਬਾਅਦ ਪਰਗਟ ਸਿੰਘ


**(ਬਾਕੀ ਸਫਾ 20 ਤੇ)**


## ਪੰਥ ਦੀਆਂ ਦੋ ਮਹਾਨ ਸ਼ਖਸੀਅਤਾਂ ਪਹਿਲੀ ਵਾਰ ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਖੇ ਪਹੁੰਚੀਆਂ



ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ (ਕੈਲੇਫੋਰਨੀਆ) ਵਿਖੇ ਐਤਵਾਰ ਮਿਤੀ 11 ਸਤੰਬਰ, 2016 ਨੂੰ ਸਿੱਖ ਪੰਥ ਦੇ ਪ੍ਰਸਿੱਧ ਰਾਗੀ ਜਥਾ ਭਾਈ ਸਾਹਿਬ ਭਾਈ ਹਰਜਿੰਦਰ ਸਿੰਘ ਸ੍ਰੀਨਗਰ ਵਾਲਿਆਂ ਨੇ ਬਹੁਤ ਹੀ ਰਸਭਿੰਨਾ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਵੱਡੀ ਗਿਣਤੀ ਵਿਚ ਦੂਰੋਂ-ਨੇੜਿਉਂ ਸੰਗਤਾਂ ਨੇ ਗੁਰੂ ਘਰ ਹਾਜ਼ਰੀ ਲਗਵਾ ਕੇ ਰਸਭਿੰਨਾ ਸ਼ਬਦ ਕੀਰਤਨ ਸਰਵਣ ਕੀਤਾ। ਇਸੇ ਦਿਨ ਸੰਤ ਬਾਬਾ ਰਣਜੀਤ ਸਿੰਘ ਢੱਡਰੀਆਂ ਵਾਲੇ ਅਤੇ ਉਹਨਾਂ ਦੇ ਜਥੇ ਨੇ ਸ਼ਾਮ ਦੇ ਵਿਸ਼ੇਸ਼ ਦੀਵਾਨ ਸਮੇਂ ਰਸ ਭਿੰਨਾ ਸ਼ਬਦ ਗਾਇਨ ਕਰਕੇ ਭਾਰੀ ਗਿਣਤੀ ਵਿਚ ਹਾਜ਼ਰ ਸੰਗਤਾਂ ਨੂੰ ਨਿਹਾਲ ਕੀਤਾ। ਅਜਿਹਾ ਪਹਿਲੀ ਵਾਰ ਹੋਇਆ ਕਿ ਦੋ ਮਹਾਨ ਸ਼ਖਸੀਅਤਾਂ ਇਕ ਹੀ ਦਿਨ ਗੁਰੂ ਘਰ ਪਹੁੰਚੀਆਂ ਹੋਣ।


*ਰਿਪੋਰਟ ਅਤੇ ਤਸਵੀਰਾਂ ਦੇਖੋ ਸਫਾ 12 ਤੋਂ 14 ਤੱਕ*




## ਵਿਸ਼ਵ ਕਬੱਡੀ ਕੱਪ ਦੀਆਂ ਤਿਆਰੀਆਂ ਮੁਕੰਮਲ


ਅਮੋਲਕ ਸਿੰਘ ਗਾਖਲ

ਆ ਰਹੀ 18 ਸਤੰਬਰ ਦਿਨ ਐਤਵਾਰ ਨੂੰ ਯੂਨਾਈਟਿਡ ਸਪੋਰਟਸ ਕਲੱਬ ਕੈਲੇਫੋਰਨੀਆ ਵੱਲੋਂ ਕਰਵਾਏ ਜਾਣ ਵਾਲੇ 12ਵੇਂ ਇਤਿਹਾਸਕ ਵਿਸ਼ਵ ਕਬੱਡੀ ਕੱਪ ਦੀਆਂ ਤਿਆਰੀਆਂ ਮੁਕੰਮਲ ਹੋ ਗਈਆਂ ਹਨ। ਹੋਰ ਜਾਣਕਾਰੀ ਲਈ


*ਦੇਖੋ ਸਫਾ 4 ਅਤੇ ਇਸ਼ਤਿਹਾਰ ਸਫਾ 23 ਤੇ*



ਮੱਖਣ ਸਿੰਘ ਬੈਂਸ



SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਸਿਆਸੀ ਸ਼ਰਨ, ਗਰੀਨ ਕਾਰਡ ਆਦਿ ਲਈ ਮਿਲੋ
Passports, Political Asylum, Visas, Green Cards, I-9 Notary, Immigration Forms, Citizenship, Spouse/Family Petitions, Study Visas
All Kinds of Immigration Forms/Petitions/Visa
U-Visa
WE OPEN 7-DAYS A WEEK
MANDEEP SANDHU
Note: I am not an Immigration Attorney. msandhu2014@gmail.com (CST# 2122162-50)
"We sell International and Domestic Airline Tickets on Low Airfares"
(209-373-3562) 3222 PENELOPE DR. STOCKTON, CA- 95212 (NEAR HWY 99 ON MORADA LANE)



ONE REALTYONEGROUP AMERICAN
ਕਿਰਾਏ ਵਿਚ ਅਜਾਈਂ ਜਾ ਰਹੇ ਹਜ਼ਾਰਾਂ ਡਾਲਰਾਂ ਨੂੰ ਆਪਣੇ ਘਰ ਦੀ ਕਿਸ਼ਤ ਵਿਚ ਲਾਓ,
ਵਿਆਜ ਦੀਆਂ ਦਰਾਂ ਸਸਤੀਆਂ ਹੋਣ ਕਾਰਨ ਆਪਣਾ ਘਰ ਲੈਣ ਲਈ ਢੁਕਵਾਂ ਵਕਤ
ਜਗਦੇਵ ਸਿੰਘ 510-689-4625
CalBre # 01423409




RIYA'S FASHION
9165 ELK GROVE FLORIN RD.
ELK GROVE CA 95624
Tel : 916-647-3708
Follow us on
RIYAFASHION16



SAROAY INVESTMENT REALTY
Ram Saroay Broker
ramsaroay@hotmail.com

39039 Paseo Padre Parkway Suite # 205 Fremont, CA 94538
Office: (510) 742-8120, Fax: (510) 742-8121



Amrik Chand (CPA)
Phone : 510-490-8200
Fax : 510-490-8202
Email : achand@pacbell.net

Income Tax Preparation (Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539




# INDIA BAZAAR




INDIAN, PAKISTANI & FIJJIAN GROCERIES

WE ARE OPEN
7 DAYS A WEEK
9:00am to 8:30pm

RENT DVDS & BUY CLOTHES
ENJOY YOUR DAY WITH HOPES

CALL TO HAPPY
Cell: (415) 706-7027
Ph: (209) 478-0285
Fax: (209) 477-3206

WE ACCEPT FOOD STAMPS

ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।

EVERY SATURDAY & SUNDAY SPECIAL DISCOUNT ON GROCERIES

1304-E HAMMER LANE, SUITE 12, STOCKTON CA, 95210
EMAIL: indiabazaar08@yahoo.com

# Raja SWEETS & CATERING



AUTHORIZED CATERER FOR MAJOR 5-STAR HOTELS

ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor

CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que

ADDITIONAL SERVICE
Warmers | Chaffing Dishes
China & Silverware
Linen Rental | Waiters
Bartenders



CONTACT US:
RAJA SWEETS & CATERING
WORK (510) 489-9100
CELL (510) 715-1619

Email: msbains@rajasweets.com
www.rajasweets.com
Find us on facebook rajasweetsandcatering
Follow us on Twitter rajasweets

# ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ


Kash FABRICS

## ਸਾੜੀ ਸਪੈਸ਼ਲਟੀ

* ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ ਸੂਟ ਅਤੇ ਨਾਲ ਡਿਜ਼ਾਈਨਰ ਮੈਚਿੰਗ ਜਿਊਲਰੀ
* ਖੁੱਲ੍ਹਾ ਕੱਪੜਾ, ਵਧੀਆ ਤੋਂ ਵਧੀਆ ਸਾੜੀਆਂ ਤੇ ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
* ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀ. ਵੀ. ਡੀ. ਦੀ ਬਹੁਤ ਵੱਡੀ ਕੁਲੈਕਸ਼ਨ ਹੈ।
* ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਾਮਾਨ ਅਸੀਂ ਯੂ. ਪੀ. ਐਸ. ਰਾਹੀਂ ਤੁਰੰਤ ਭੇਜ ਸਕਦੇ ਹਾਂ।



Appointments & Walk-Ins Welcome
Tuesday - Sunday: 11 AM - 8 PM




Threading Salon
Specializing in:
Eyebrow Threading .... $5
Full Face Threading, Facial,
Unique Mehndi Designs,
Natural Henna for Hair



KASH FABRICS
ONE STOP SHOPPING CENTRE
29576 Mission Blvd, Hayward, CA 94544
Tel: (510) 538-1138, Fax: (510) 538-4737
www.Kashfabrics.com
Like us on Facebook | Follow us on Instagram

# INDIA MARKET

SWEETS & SPICES

CHAAT PAPDI, SAMOSA, CHAAT, PANI PURI
DAHI VADA, BHEL PURI CHAAT

CHAAT PLATE ONLY FOR $2.99

ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ

WE HAVE LARGEST COLLECTION FOR INDIAN FIJIAN & PAKISTANI GROCERY

MUSIC, FABRIC ARTIFICIAL JEWELRY, SWEETS, FRESH VEGETABLES & MORE..








Super Eyebrow Threading Now Open

Eyebrow Threading & Henna Tattoo

7 times, Get 8th one free!



Inside India Market

SACRAMENTO
5203 EKLHORN BLVD
SACRAMENTO CA 95842
916- 338-5511

WALK INS WELCOME

ROSEVILLE
1265 PLEASANT GROVE BLVD.
# 100 ROSEVILLE, CA 95747
916- 786-7666

Cell :
916- 396-8939
916-338-5511
Email: IndiaMarketRoseville@gmail.com

# ਅੰਮ੍ਰਿਤਸਰ ਤੇ ਆਨੰਦਪੁਰ ਸਾਹਿਬ ਨੂੰ ਪਵਿੱਤਰ ਸ਼ਹਿਰ ਐਲਾਨੇਗੀ 'ਆਪ' ਸਰਕਾਰ

**ਅੰਮ੍ਰਿਤਸਰ (ਬਿਊਰੋ)–** ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਅੱਜ ਇੱਥੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਣ ਮੌਕੇ ਐਲਾਨ ਕੀਤਾ ਕਿ ਪੰਜਾਬ ਵਿੱਚ 'ਆਪ' ਸਰਕਾਰ ਬਣਨ 'ਤੇ ਅੰਮ੍ਰਿਤਸਰ ਅਤੇ ਆਨ-ਦਪੁਰ ਸਾਹਿਬ ਨੂੰ ਪਵਿੱਤਰ ਸ਼ਹਿਰ ਬਣਾਇਆ ਜਾਵੇਗਾ।

ਚਾਰ ਰੋਜ਼ਾ ਪੰਜਾਬ ਦੌਰੇ 'ਤੇ ਆਏ ਸ੍ਰੀ ਕੇਜਰੀਵਾਲ ਨੇ ਆਪਣੇ ਪ੍ਰੋਗਰਾਮ ਵਿੱਚ ਬਦਲਾਅ ਕਰਦਿਆਂ ਅੱਜ ਸਵੇਰੇ ਅਚਨਚੇਤੀ ਅੰਮ੍ਰਿਤਸਰ ਆਉਣ ਦਾ ਪ੍ਰੋਗਰਾਮ ਬਣਾਇਆ। ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਉਨ੍ਹਾਂ ਆਖਿਆ ਕਿ ਉਹ ਜਦੋਂ ਵੀ ਪੰਜਾਬ ਆਉਂਦੇ ਹਨ ਤਾਂ ਸ੍ਰੀ ਹਰਿਮ-ਦਰ ਸਾਹਿਬ ਮੱਥਾ ਟੇਕਣ ਲਈ ਜ਼ਰੂਰ ਆਉਂਦੇ ਹਨ। ਉਨ੍ਹਾਂ ਨੂੰ ਇਸ ਰੂਹਾਨੀ ਅਸਥਾਨ 'ਤੇ ਆ ਕੇ ਸਕੂਨ ਪ੍ਰਾਪਤ ਹੁੰਦਾ ਹੈ। ਉਨ੍ਹਾਂ ਆਖਿਆ ਕਿ 'ਆਪ' ਸਰਕਾਰ ਬਣਨ 'ਤੇ ਅੰਮ੍ਰਿਤਸਰ ਨੂੰ ਪਵਿੱਤਰ ਸ਼ਹਿਰ ਬਣਾਇਆ ਜਾਵੇਗਾ। ਖਾਸ ਕਰਕੇ ਚਾਰਦੀਵਾਰੀ ਵਾਲੇ ਪੁਰਾਤਨ ਸ਼ਹਿਰ ਦੇ ਅੰਦਰੂਨੀ ਹਿੱਸੇ ਵਿੱਚ ਸ਼ਰਾਬ, ਤੰਬਾਕੂ, ਸਿਗਰੇਟ, ਮੀਟ ਅਤੇ ਨਸ਼ੇ ਆਦਿ ਵਰਜਿਤ ਕੀਤੇ ਜਾਣਗੇ। ਇਸੇ ਤਰ੍ਹਾਂ ਆਨੰਦਪੁਰ ਸਾਹਿਬ ਨੂੰ ਵੀ ਪਵਿੱਤਰ ਸ਼ਹਿਰ ਬਣਾਇਆ ਜਾਵੇਗਾ। ਉਨ੍ਹਾਂ ਆਖਿਆ ਕਿ ਸਿੱਖ ਭਾਈਚਾਰੇ ਵੱਲੋਂ ਪਿਛਲੇ ਲੰਮੇ ਸਮੇਂ ਤੋਂ ਇਹ ਮੰਗ ਕੀਤੀ ਜਾ ਰਹੀ ਸੀ, ਜਿਸ ਨੂੰ 'ਆਪ' ਸਰਕਾਰ ਪੂਰਾ ਕਰੇਗੀ।





ਦੌਰੇ ਸਬੰਧੀ ਉਨ੍ਹਾਂ ਆਖਿਆ ਕਿ 'ਆਪ' ਵੱਲੋਂ ਪੰਜਾਬ ਨੂੰ ਨਸ਼ਾ ਤੇ ਭ੍ਰਿਸ਼ਟਾਚਾਰ ਮੁਕਤ ਬਣਾਉਣ ਲਈ ਸ਼ੁਰੂ ਕੀਤੀ ਗਈ ਲੜਾਈ ਹੁਣ ਨਿਰਣਾਇਕ ਮੋੜ 'ਤੇ ਆ ਚੁੱਕੀ ਹੈ। ਉਨ੍ਹਾਂ ਆਖਿਆ ਕਿ ਅੱਜ ਸ੍ਰੀ ਹਰਿਮੰਦਰ ਸਾਹਿਬ ਵਿਖੇ ਉਨ੍ਹਾਂ ਨੇ ਅਰਦਾਸ ਕੀਤੀ ਹੈ ਕਿ ਪ੍ਰਮਾਤਮਾ ਉਨ੍ਹਾਂ ਨੂੰ ਬਲ ਬਖਸ਼ੇ ਤਾਂ ਜੋ ਪੰਜਾਬ ਨੂੰ ਨਸ਼ਾ ਅਤੇ ਭ੍ਰਿਸ਼ਟਾਚਾਰ ਮੁਕਤ ਕਰਨ ਦੀ ਸ਼ੁਰੂ ਕੀਤੀ ਗਈ ਲੜਾਈ ਵਿੱਚ ਜਿਤ ਪ੍ਰਾਪਤ ਹੋ ਸਕੇ। ਇਸ ਮਗਰੋਂ ਸ੍ਰੀ ਕੇਜਰੀਵਾਲ ਨੇ ਸ੍ਰੀ ਦੁਰਗਿਆਣਾ ਮੰਦਿਰ ਮੱਥਾ ਟੇਕਣ ਲਈ ਵੀ ਜਾਣਾ ਸੀ ਪਰ ਅਚਨਚੇਤੀ ਉਨ੍ਹਾਂ ਨੇ ਇਹ ਪ੍ਰੋਗਰਾਮ ਰੱਦ ਕਰ ਦਿੱਤਾ। ਇਸ ਮੌਕੇ ਪਾਰਟੀ ਦੇ ਸੂਬਾਈ ਕਨਵੀਨਰ ਗੁਰਪ੍ਰੀਤ ਸਿੰਘ ਘੁੱਗੀ, ਸੰਸਦ ਮੈਂਬਰ ਭਗਵੰਤ ਮਾਨ, ਐਡਵੋਕੇਟ ਐਚ.ਐਸ. ਫੂਲਕਾ, ਪੰਜਾਬ ਮਾਮਲਿਆਂ ਦੇ ਸਹਿ ਇੰਚਾਰਜ ਜਰਨੈਲ ਸਿੰਘ ਆਦਿ ਆਗੂ ਹਾਜ਼ਰ ਸਨ। ਇਸ ਦੌਰਾਨ ਵਾਰਡ ਨੰਬਰ 43 ਤੋਂ ਆਜ਼ਾਦ ਕੌਂਸਲਰ ਅਮਰਜੀਤ ਸਿੰਘ ਭਾਟੀਆ ਅੱਜ 'ਆਪ' ਵਿੱਚ ਸ਼ਾਮਲ ਹੋ ਗਏ ਹਨ। ਦੱਸਣਯੋਗ ਹੈ ਕਿ ਬੀਤੇ ਦਿਨ 'ਆਪ' ਤੋਂ ਵੱਖ ਹੋਏ ਸੁੱਚਾ ਸਿੰਘ ਛੋਟੇਪੁਰ ਨੇ ਸ੍ਰੀ ਕੇਜਰੀਵਾਲ ਨੂੰ ਸਿੱਖ ਅਤੇ ਪੰਜਾਬ ਵਿਰੋਧੀ ਕਰਾਰ ਦਿੱਤਾ ਸੀ, ਜਿਸ ਨਾਲ ਪਾਰਟੀ ਦੀ ਸਿੱਖਾਂ ਪ੍ਰਤੀ ਸਾਖ਼ ਨੂੰ ਢਾਹ ਲੱਗੀ ਸੀ। ਅੱਜ ਅਚਨਚੇਤੀ ਪ੍ਰੋਗਰਾਮ ਵਿੱਚ ਬਦਲਾਅ ਕਰਕੇ ਸ੍ਰੀ ਕੇਜਰੀਵਾਲ ਨੇ ਹਰਿਮੰਦਰ ਸਾਹਿਬ ਮੱਥਾ ਟੇਕ ਕੇ ਅਤੇ ਅੰਮ੍ਰਿਤਸਰ ਤੇ ਆਨੰਦਪੁਰ ਨੂੰ ਪਵਿੱਤਰ ਸ਼ਹਿਰ ਬਣਾਉਣ ਦਾ ਐਲਾਨ ਕਰਕੇ ਆਪਣੀ ਸਿੱਖਾਂ ਪ੍ਰਤੀ ਸਾਖ਼ ਨੂੰ ਮੁੜ ਉਭਾਰਨ ਦਾ ਯਤਨ ਕੀਤਾ ਹੈ।

# ਪਰਗਟ ਸਿੰਘ ਦੇ ਬਿਆਨ ਕਾਰਨ ਅਕਾਲੀ ਦਲ ਵਿਚ ਹਲਚਲ

**ਜਲੰਧਰ (ਬਿਊਰੋ)–** ਪੰਜਾਬ ਦੀ ਰਾਜਨੀਤੀ ਵਿੱਚ ਚੌਥੇ ਫਰੰਟ ਵਜੋਂ ਬਦਲ ਪੇਸ਼ ਕਰਨ ਦਾ ਦਾਅਵਾ ਕਰਨ ਵਾਲੇ ਆਵਾਜ਼-ਏ-ਪੰਜਾਬ ਫੋਰਮ ਦੇ ਆਗੂ ਪਰਗਟ ਸਿੰਘ ਨੇ ਦਾਅਵਾ ਕੀਤਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਦੇ ਅੱਧੀ ਦਰਜਨ ਤੋਂ ਵੱਧ ਵਿਧਾਇਕ ਆਵਾਜ਼-ਏ-ਪੰਜਾਬ ਦੇ ਸੰਪਰਕ ਵਿੱਚ ਹਨ।

ਉਨ੍ਹਾਂ ਕਿਹਾ ਕਿ ਵਿਧਾਇਕਾਂ ਦੇ ਨਾਲ-ਨਾਲ ਸ਼੍ਰੋਮਣੀ ਅਕਾਲੀ ਦਲ ਦੇ ਕਈ ਆਗੂ ਵੀ ਉਨ੍ਹਾਂ ਨਾਲ ਰਲਣ ਲਈ ਕਾਹਲੇ ਹਨ। ਰਾਜਨੀਤਿਕ ਪੈਂਤੜੇ ਬਾਰੇ ਉਨ੍ਹਾਂ ਕਿਹਾ ਕਿ ਰਾਜਨੀਤਿਕ ਪਾਰਟੀ ਤੋਂ ਬਿਨਾਂ ਤਾਂ ਪੰਜਾਬ ਦੇ ਲੋਕਾਂ ਨੂੰ ਢੁਕਵਾਂ ਬਦਲ ਨਹੀਂ ਦਿੱਤਾ ਜਾ ਸਕਦਾ। ਇਸ ਲਈ ਰਾਜਨੀ-ਤਿਕ ਪਾਰਟੀ ਬਣਾ ਕੇ ਹੀ ਚੋਣਾਂ ਲੜੀਆਂ ਜਾਣਗੀਆਂ ਅਤੇ ਇਸੇ ਮਹੀਨੇ ਦੇ ਅੰਦਰ ਬਹੁਤ ਸਾਰਾ ਕੰਮ ਨਿਪਟਾ ਲਿਆ ਜਾਵੇਗਾ। ਪਾਰਟੀ ਦਾ ਦਫ਼ਤਰ ਬਣਾਉਣ, ਸੋਸ਼ਲ ਮੀਡੀਆ 'ਤੇ ਕੰਮ ਕਰਨ ਵਾਲੀ ਟੀਮ ਸਮੇਤ ਹੋਰ ਬਹੁਤ ਸਾਰੇ ਬੁਨਿਆਦੀ ਕੰਮਾਂ ਨੂੰ ਨੇਪਰੇ ਚਾੜ੍ਹਨ ਦੀਆਂ ਤਿਆਰੀਆਂ ਜ਼ੋਰਾਂ 'ਤੇ ਚੱਲ ਰਹੀਆਂ ਹਨ।ਪਰਗਟ ਸਿੰਘ ਨੇ ਦੱਸਿਆ ਕਿ ਪਹਿਲੇ ਪੜਾਅ ਵਿੱਚ ਚੰਗੇ ਕਿਰਦਾਰ ਵਾਲੀਆਂ ਸ਼ਖ਼ਸੀਅਤਾਂ ਨਾਲ ਰਾਬਤਾ ਕਾਇਮ ਕੀਤਾ ਜਾ ਰਿਹਾ ਹੈ। ਡਾ. ਧਰਮਵੀਰ ਗਾਂਧੀ ਤੇ ਡਾ. ਦਲਜੀਤ ਸਿੰਘ ਨਾਲ ਗੱਲਬਾਤ ਹੋ ਚੁੱਕੀ ਹੈ। ਇਨ੍ਹਾਂ ਤੋਂ ਇਲਾਵਾ ਹੋਰ ਸਮਾਜਿਕ ਪੱਧਰ 'ਤੇ ਕੰਮ ਕਰਦੀਆਂ ਸ਼ਖ਼ਸੀਅਤਾਂ ਨਾਲ ਵੀ ਸੰਪਰਕ ਕੀਤਾ ਜਾ ਰਿਹਾ ਹੈ। ਉਨ੍ਹਾਂ ਇਹ ਦਾਅਵਾ ਕੀਤਾ ਕਿ ਸੂਬੇ ਦੇ ਲੋਕਾਂ ਦਾ 'ਆਪ' ਤੋਂ ਵਿਸ਼ਵਾਸ ਉਠਦਾ ਜਾ ਰਿਹਾ ਹੈ। ਲੋਕਾਂ ਨੂੰ ਚੌਥੇ ਬਦਲ ਦੀ ਉਮੀਦ ਦਿਖਾਈ ਦੇਣ ਲੱਗ ਪਈ ਹੈ ਅਤੇ ਇਸ ਮਕਸਦ ਵਿੱਚ ਉਨ੍ਹਾਂ ਦੀ ਸਮੁੱਚੀ ਟੀਮ ਕਾਮਯਾਬ ਹੋਵੇਗੀ।



ਪੰਜਾਬ ਵਿਧਾਨ ਸਭਾ ਲਈ 2017 ਵਿੱਚ ਹੋਣ ਵਾਲੀਆਂ ਚੋਣਾਂ ਦੀ ਤਿਆਰੀ ਲਈ ਆਵਾਜ਼-ਏ-ਪੰਜਾਬ ਕੋਲ ਸਮਾਂ ਬਹੁਤ ਘੱਟ ਹੋਣ ਬਾਰੇ ਪੁੱਛੇ ਜਾਣ 'ਤੇ ਉਨ੍ਹਾਂ ਕਿਹਾ ਕਿ ਜਦ ਉਨ੍ਹਾਂ ਨੇ ਸਾਲ 2012 ਵਿੱਚ ਚੋਣ ਲੜੀ ਸੀ ਤਾਂ ਉਨ੍ਹਾਂ ਕੋਲ ਸਿਰਫ਼ 14 ਦਿਨ ਸਨ ਜਦ ਕਿ ਹੁਣ ਉਨ੍ਹਾਂ ਕੋਲ ਚਾਰ ਮਹੀਨਿਆਂ ਦਾ ਸਮਾਂ ਹੈ, ਜੋ ਕਿ ਕਾਫ਼ੀ ਹੈ। ਟੀਮ ਵਰਕ ਦੀ ਰਣਨੀਤੀ 'ਤੇ ਜ਼ੋਰ ਦਿੰਦਿਆ ਪਰਗਟ ਸਿੰਘ ਨੇ ਕਿਹਾ ਕਿ ਲੋਕ ਭ੍ਰਿਸ਼ਟ ਆਗੂਆਂ ਤੇ ਭ੍ਰਿਸ਼ਟ ਸਿਸਟਮ ਤੋਂ ਅੱਕ ਚੁੱਕੇ ਹਨ। ਉਨ੍ਹਾ ਦਾਅਵਾ ਕੀਤਾ ਕਿ 2017 ਦੀਆਂ ਚੋਣਾਂ ਵਿੱਚ ਲੋਕ ਆਵਾਜ਼-ਏ-ਪੰਜਾਬ ਦੇ ਹੱਕ ਵਿੱਚ ਫਤਵਾ ਦੇਣਗੇ ਕਿਉਂਕਿ ਹੁਣ ਮਸਲਾ ਪੰਜਾਬ ਦੀ ਅਣਖ ਤੇ ਗੈਰਤ ਦਾ ਬਣ ਗਿਆ ਹੈ ਅਤੇ ਲੋਕ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੇ ਹੱਕ ਵਿੱਚ ਭੁਗਤਣਗੇ ।

# ਨਵਜੋਤ ਸਿੱਧੂ ਵੱਲੋਂ 'ਆਵਾਜ਼-ਏ-ਪੰਜਾਬ' ਨਾਂ ਦਾ ਨਵਾਂ ਫਰੰਟ

**ਚੰਡੀਗੜ੍ਹ (ਬਿਊਰੋ)–** ਸਾਬਕਾ ਰਾਜ ਸਭਾ ਮੈਂਬਰ ਨਵਜੋਤ ਸਿੰਘ ਸਿੱਧੂ ਨੇ 'ਆਵਾਜ਼-ਏ-ਪੰਜਾਬ' ਫਰੰਟ ਬਣਾਉਣ ਦਾ ਐਲਾਨ ਕਰਕੇ ਪੰਜਾਬ ਦੀ ਖੁਸ਼ਹਾਲੀ ਲਈ ਮੁਹਿੰਮ ਵਿੱਢਣ ਦਾ ਸੱਦਾ ਦਿੱਤਾ ਹੈ। ਨਵਜੋਤ ਸਿੱਧੂ ਨੇ ਵਿਧਾਇਕ ਭਰਾਵਾਂ ਬਲਵਿੰਦਰ ਸਿੰਘ ਬੈਂਸ ਅਤੇ ਸਿਮ-ਰਜੀਤ ਸਿੰਘ ਬੈਂਸ ਤੇ ਵਿਧਾਇਕ ਪ੍ਰਗਟ ਸਿੰਘ ਨਾਲ ਇੱਥੇ ਪ੍ਰੈੱਸ ਕਾਨਫਰੰਸ ਦੌਰਾਨ ਸ਼੍ਰੋਮਣੀ ਅਕਾਲੀ ਦਲ, ਕਾਂਗਰਸ ਤੇ 'ਆਪ' ਦੇ ਬਖੀਏ ਉਧੇੜਦਿਆਂ ਐਲਾਨ ਕੀਤਾ ਕਿ ਉਨ੍ਹਾਂ ਦਾ ਟੀਚਾ ਪੰਜਾਬ ਨੂੰ ਤਿੱਕੜੀ ਤੋਂ ਬਚਾ ਕੇ ਪੰਜਾਬ ਹਿਤੈਸ਼ੀਆਂ ਦੇ ਸਾਥ ਨਾਲ 'ਸੂਬੇ' ਨੂੰ ਰੁਸ਼ਨ-ਾਉਣਾ ਹੈ। ਉਨ੍ਹਾਂ ਕਿਹਾ ਕਿ ਉਹ 15-20 ਦਿਨਾਂ ਅੰਦਰ ਆਪਣਾ ਪੂਰਾ ਸਿਆਸੀ ਏਜੰਡਾ ਅਤੇ ਪਾਰਟੀ ਦੀ ਬਣਤਰ ਨਸ਼ਰ ਕਰ ਦੇਣਗੇ। ਉਨ੍ਹਾਂ ਦੋਸ਼ ਲਾਇਆ ਕਿ ਪੰਜਾਬ ਵਿੱਚ ਹੁਣ ਲੋਕਾਂ ਦੀ ਸਰਕਾਰ ਮਹਿਜ਼ ਬਾਦਲ ਪਰਿਵਾਰ ਦੇ ਹਿੱਤ ਪਾਲਣ ਤੱਕ ਸੀਮਤ ਰਹਿ ਗਈ ਹੈ।

ਸ੍ਰੀ ਸਿੱਧੂ ਨੇ ਦੋਸ਼ ਲਾਇਆ ਕਿ ਇੱਥੇ ਪਿਛਲੇ ਸਾਢੇ ਨੌਂ ਸਾਲਾਂ ਤੋਂ 'ਡੰਡਾਤੰਤਰ' ਚੱਲ ਰਿਹਾ ਹੈ ਅਤੇ ਹੁਣ ਆਖ਼ਰੀ ਪੜਾਅ 'ਤੇ ਸਾਜ਼ਿਸ਼ੀ ਢੰਗ ਨਾਲ ਗੋਲੀਆਂ ਚਲਾ ਕੇ ਲੋਕਾਂ ਨੂੰ ਤੋੜਣ ਦਾ ਯਤਨ ਕੀਤਾ ਜਾ ਰਿਹਾ ਹੈ। ਪੰਜਾਬ ਵਿੱਚ ਭੈਅ ਦੀ ਰਾਜਨੀਤੀ ਚਲਾਈ ਜਾ ਰਹੀ ਹੈ। ਪੰਜਾਬ ਡਰੱਗ ਤੇ ਕਰਜ਼ੇ ਦੀ ਦਲਦਲ ਵਿੱਚ ਧਸਿਆ ਪਿਆ ਹੈ ਅਤੇ ਬਾਦਲ ਤੇ ਕੈਪਟਨ ਇੱਕੋ ਸਿੱਕੇ ਦੇ ਦੋ ਪਾਸੇ ਸਾਬਿਤ ਹੋਏ ਹਨ। ਸਾਬਕਾ ਕ੍ਰਿਕਟਰ ਨੇ ਕਿਹਾ ਕਿ ਇਹ ਦੋਵੇਂ ਫਰੈਂਡਲੀ ਮੈਚ ਖੇਡਦੇ ਹਨ। ਇਸ ਦੀ ਮਿਸਾਲ ਹੈ ਕਿ 2012 ਦੀਆਂ ਚੋਣਾਂ ਦੌਰਾਨ ਕੈਪਟਨ ਅਮਰਿੰਦਰ ਵੱਲੋਂ ਮੰਤਰੀ ਬਿਕਰਮ ਸਿੰਘ ਮਜੀਠੀਆ ਵਿਰੁੱਧ ਕਮਜ਼ੋਰ ਉਮੀਦਵਾਰ ਖੜ੍ਹਾ ਕੀਤਾ ਗਿਆ ਸੀ ਅਤੇ ਬਾਅਦ ਵਿੱਚ ਸ੍ਰੀ ਮਜੀਠੀਆ ਨੂੰ ਸੀਬੀਆਈ ਜਾਂਚ ਤੋਂ ਬਚਾਉਣ ਦੀ ਜ਼ਿੰਮੇਵਾਰੀ ਵੀ ਨਿਭਾਈ ਗਈ ਸੀ। ਉਨ੍ਹਾਂ ਕਿਹਾ ਕਿ ਬਾਦਲ ਅਤੇ ਕੈਪਟਨ ਬਾਹਰੋਂ ਭਾਵੇਂ ਇੱਕ-ਦੂਜੇ ਵਿਰੁੱਧ ਬਿਆਨ ਦਾਗਦੇ ਹਨ ਪਰ ਅੰਦਰੋਂ ਇਕਮਿਕ ਹਨ। ਸ੍ਰੀ ਸਿੱਧੂ ਨੇ ਖੁਲਾਸਾ ਕੀਤਾ ਕਿ ਭਾਜਪਾ ਨੇ ਉਨ੍ਹਾਂ ਨੂੰ ਆਦੇਸ਼ ਦਿੱਤੇ ਸਨ ਕਿ ਪੰਜਾਬ ਵਿੱਚ ਬਾਦਲਾਂ ਲਈ ਚੋਣ ਪ੍ਰਚਾਰ ਕੀਤਾ ਜਾਵੇ ਪਰ ਉਨ੍ਹਾਂ ਨੇ ਇਨਕਾਰ ਕਰ ਦਿੱਤਾ ਸੀ ਤੇ ਫਿਰ ਕਿਹਾ ਗਿਆ ਕਿ ਉਹ ਪੰਜਾਬ ਵੱਲ ਮੂੰਹ ਨਾ ਕਰਨ।

# ਨਿਊਯਾਰਕ ਵਿਚ ਪੰਜਾਬਣਾਂ ਵੱਲੋਂ ਮਨਾਇਆ ਗਿਆ ਤੀਆਂ ਦਾ ਪ੍ਰੋਗਰਾਮ

**ਨਿਊਯਾਰਕ (ਹੁਸਨ ਲੜੋਆ ਬੰਗਾ)–** ਨਿਊਯਾਰਕ ਦੇ ਸ਼ਹਿਰ ਲੱਗ ਆਈਲੈਂਡ ਵਿਚ ਤੀਆਂ ਦਾ ਤਿਉਹਾਰ ਉਥੋਂ ਦੀਆਂ ਪੰਜਾਬਣਾਂ ਤੇ ਹੋਰ ਭਾਈਚਾਰੇ ਦੀਆਂ ਬੀਬੀਆਂ ਵੱਲੋਂ ਬੜੇ ਜੋਸ਼ ਨਾਲ ਮਨਾਇਆ ਗਿਆ। ਪੰਜਾਬਣਾਂ ਵੱਲੋਂ ਮਨਾਏ ਗਏ ਤੀਆਂ ਦੇ ਪ੍ਰੋਗਰਾਮ 'ਚ ਬੱਚਿਆਂ, ਨੌਜਵਾਨਾਂ, ਬੀਬੀਆਂ ਤੇ ਵਡੇਰੀ ਉਮਰ ਦੀਆਂ ਮਾਤਾਵਾਂ ਨੇ ਸੁਹਾਗ ਘੋੜੀਆਂ ਤੇ ਸਿੱਠਣੀਆਂ ਤੇ ਗਿੱਧਾ ਪਾ ਕੇ ਖੂਬ ਪੰਜਾਬੀ ਪੇਂਡੂ ਰੰਗ ਬੰਨ੍ਹਿਆ ਤੇ ਉਥੇ ਹੀ ਦੂਜੇ ਪਾਸੇ ਵੱਖ-ਵੱਖ ਹੋਰ ਆਈਟਮਾਂ ਨਾਲ ਕੁੜੀਆਂ ਨੇ ਝਲਕੀਆਂ ਪੇਸ਼ ਕੀਤੀਆਂ ਤੇ ਮੁਟਿਆਰਾਂ ਨੇ ਟੱਪੇ ਤੇ ਰੰਗਲੇ ਗਿੱਧੇ ਦੇ ਖੂਬ ਰੰਗ ਪੇਸ਼ ਕਰ ਕਿੱਕਲੀਆਂ ਪਾਈਆਂ ਤੇ ਆਪਣੇ ਵਿਰਾਸਤ ਨੂੰ ਸੁਚੱਜੀ ਤਾਂਘ ਨਾਲ ਚਮਕਦਾ ਵਿਖਾਇਆ। ਇਸ ਦੌਰਾਨ ਵੱਖ ਵੱਖ ਬੀਬੀਆਂ ਨੇ ਪ੍ਰਬੰਧਾਂ ਤੇ ਆਈਟਮਾਂ ਤੇ ਪ੍ਰਬੰਧਾਂ ਵਿਚ ਹਿੱਸਾ ਲਿਆ, ਜਿਹਨਾਂ 'ਚ ਮੁੱਖ ਪ੍ਰਬੰਧਕ ਰਾਜ ਅਟਵਾਲ, ਅਮਨ ਪੰਨੂ, ਕਿਰਨ ਚੱਠਾ, ਗੁਰਦੀਪ ਕੌਰ, ਹਰਪ੍ਰੀਤ ਕੌਰ, ਰਾਜ ਵਿਰਦੀ, ਪ੍ਰਭਜੋਤ ਕੌਰ, ਜਸ ਬਨਿੰਗ, ਅਮਨ ਬੱਲ, ਮਨੂੰ ਸੇਖੋਂ, ਆਤਮਜੀਤ ਕੌਰ, ਜਸਵਿੰਦਰਕੌਰ ਤੇ ਨਰਿੰਦਰ ਕੌਰ ਬਾਸੀ ਆਦਿ ਨੇ ਸ਼ਮੂਲੀਅਤ ਕੀਤੀ। ਸਭ ਨੇ ਰਲ ਕੇ ਬੋਲੀਆਂ ਪਾਈਆਂ ਤੇ ਸਾਉਣ ਮਹੀਨੇ ਨੂੰ ਅਲਵਿਦਾ ਕਰ ਅਗਲੇ ਸਾਲ ਫਿਰ ਮਿਲਣ ਦਾ ਉਤਸ਼ਾਹ ਜਤਾਇਆ। ਰਾਜ ਅਟਵਾਲ ਦੁਆਰਾ ਨਿਊਯਾਰਕ ਸ਼ਹਿਰ ਵਿਚ ਇਕ ਅਜਿਹਾ ਸਾਂਝਾ ਪੰਜਾਬੀ ਭਾਈਚਾਰਕ ਮੰਚ ਬਣਾਇਆ ਹੋਇਆ ਹੈ, ਜਿਸ ਵਿਚ ਸਮਾਜਿਕ ਤੇ ਸਭਿਆਚਾਰਕ ਰਹੁ ਰੀਤ ਰਿਵਾਜਾਂ ਨੂੰ ਪ੍ਰਮੋਟ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ।




# ਮਾਤਾ ਜੀ ਦੇ ਅਕਾਲ ਚਲਾਣੇ 'ਤੇ ਪੱਤਰਕਾਰ ਨੀਟਾ ਮਾਛੀਕੇ ਨੂੰ ਗਹਿਰਾ ਸਦਮਾ

**ਫਰਿਜ਼ਨੋ, ਕੈਲੀਫੋਰਨੀਆਂ (ਕੁਲਵੰਤ ਊਭੀ ਧਾਲੀਆਂ):** ਬੀਤੇ ਦਿਨੀ ਪੰਜਾਬੀ ਭਾਈਚਾਰੇ ਵਿੱਚ ਜਾਣੀ-ਪਹਿਚਾਣੀ ਸਖਸੀਅਤ ਪੱਤਰਕਾਰ ਗੁਰਿੰਦਰਜੀਤ ਸਿੰਘ 'ਨੀਟਾ ਮਾਛੀਕੇ' ਨੂੰ ਆਪਣੇ ਮਾਤਾ ਮੁਖਤਿਆਰ ਕੌਰ ਧਾਲੀਵਾਲ (ਸਪਤਨੀ ਮਾਸਟਰ ਸ. ਦਲਬਾਰਾ ਸਿੰਘ ਧਾਲੀਵਾਲ) ਜੀ ਦੇ ਅਕਾਲ ਚਲਾਣੇ 'ਤੇ ਭਾਰੀ ਸਦਮਾ ਲੱਗਾ। ਉਹ ਇਸ ਸਮੇਂ 77 ਸਾਲਾ ਦੇ ਸਨ। ਇੰਨ੍ਹਾਂ ਦਾ ਪਿਛਲਾ ਪਿੰਡ ਮਾਛੀਕੇ, ਜਿਲ੍ਹਾ ਮੋਗਾ ਹੈ। ਮਾਤਾ ਜੀ ਆਪਣੀ ਖੁਸ਼ਹਾਲ ਪਰਿਵਾਰਕ ਫੁਲਵਾੜੀ ਨਾਲ ਪਿਛਲੇ 16 ਸਾਲਾ ਤੋਂ ਅਮਰੀਕਾ ਦੀ ਸਟੇਟ ਕੈਲੀਫੋਰਨੀਆਂ ਦੇ ਸ਼ਹਿਰ ਫਰਿਜ਼ਨੋ ਵਿਖੇ ਰਹਿ ਰਹੇ ਸਨ। ਉਨ੍ਹਾਂ ਨੇ ਆਪਣੀ ਜ਼ਿੰਦਗੀ ਦਾ ਬਹੁਤ ਸਮਾਂ ਬਤੌਰ ਸਫਲ ਅਧਿਆਪਕ ਬਤੀਤ ਕੀਤਾ। ਇਸ ਤੋਂ ਇਲਾਵਾ ਸਮਾਜ ਸੇਵਾ ਵਿੱਚ ਵੀ ਮਾਣ ਹਾਸਲ ਕੀਤਾ। ਮਾਤਾ ਜੀ ਦਾ ਅੰਤਮ ਸੰਸਕਾਰ ਅਤੇ ਸਰਧਾਜ਼ਲੀਆਂ ਦੀ ਰਸ਼ਮ 17 ਸਤੰਬਰ 2016 ਦਿਨ ਸ਼ਨੀਵਾਰ ਨੂੰ 'ਸ਼ਾਂਤ ਭਵਨ ਪੰਜਾਬੀ ਫਿਊਨਰਲ ਹੋਮ' ਫਰਿਜ਼ਨੋ ਵਿਖੇ ਸਵੇਰੇ 11 ਵਜ਼ੇ ਤੋਂ ਬਾਅਦ ਦੁਪਿਹਰ 1 ਵਜ਼ੇ ਤੱਕ ਹੋਵੇਗੀ। ਜਿਸ ਦਾ ਪਤਾ: 4800 E Clayton Ave, Fowler, CA 93625 ਹੈ। ਇਸ ਉਪਰੰਤ ਮਾਤਾ ਜੀ ਦੇ ਨਮਿੱਤ ਰੱਖੇ ਸਹਿਜ਼ ਪਾਠ ਦਾ ਭੋਗ ਅੰਤਮ ਅਰਦਾਸ ਬਾਅਦ ਦੁਪਹਿਰ 2 ਵਜ਼ੇ ਤੋਂ 4 ਵਜ਼ੇ ਤੱਕ ਗੁਰਦੁਆਰਾ 'ਗੁਰੂ ਨਾਨਕ ਪ੍ਰਕਾਸ਼' ਫਰਿਜ਼ਨੋ ਵਿਖੇ ਹੋਵੇਗੀ। ਜਿਸ ਦਾ ਪਤਾ: 4250 E Lincoln Ave, Fresno, CA 93725 ਹੈ। ਉਨ੍ਹਾਂ ਦੀ ਚੰਗੀ ਸਿਖਿਆਂ ਅਤੇ ਅਗਵਾਈ ਕਰਕੇ ਦੋ ਪੁੱਤਰ ਬੱਚਿਆ ਸਮੇਤ ਆਪਣੀ ਸਫਲ ਜ਼ਿੰਦਗੀ ਬਿਤਾ ਰਹੇ ਹਨ। ਜਿੰਨ੍ਹਾਂ ਵਿੱਚ ਨੀਟਾ ਮਾਛੀਕੇ ਦਾ ਪੱਤਰਕਾਰੀ ਦੇ ਨਾਲ-ਨਾਲ ਆਪਣਾ ਟਰੱਕਿੰਗ ਦਾ ਕੰਮ ਹੈ ਅਤੇ ਦੂਸਰੇ ਵੱਡੇ ਪੁੱਤਰ ਡਾ. ਸਿਮ-ਰਜੀਤ ਸਿੰਘ ਧਾਲੀਵਾਲ ਬਤੌਰ ਡਾਕਟਰੀ ਸੇਵਾਵਾ ਨਿਭਾ ਰਹੇ ਹਨ। ਮਾਤਾ ਜੀ ਦਾ ਨਿੱਘਾ ਸੁਭਾਅ ਅਤੇ ਪਿਆਰ ਪਰਿਵਾਰ ਦੇ ਨਾਲ-ਨਾਲ ਸਾਨੂੰ ਸਭ ਦੋਸਤਾਂ ਨੂੰ ਮਿਲਦਾ ਰਿਹਾ ਹੈ। ਜਿਸ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕੇਗਾ। ਉਨ੍ਹਾਂ ਦੀ ਸ਼ਖ਼ਸੀਅਤ ਬਹੁਤ ਮਹਾਨ ਸੀ, ਜੋ ਸਰੀਰ ਕਰਕੇ ਨਹੀਂ ਰਹੇ। ਪਰ ਆਪਣੀਆਂ ਯਾਦਾ ਵਿੱਚ ਹਮੇਸਾ ਜ਼ਿੰਦਾ ਰਹਿਣਗੇ। ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਉਨ੍ਹਾਂ ਦੇ ਪੁਤਰ ਗੁਰਿੰਦਰਜੀਤ ਸਿੰਘ ਨੀਟਾ ਮਾਛੀਕੇ (559) 333-5776 ਜਾਂ ਡਾ. ਸਿਮਰਜੀਤ ਸਿੰਘ ਧਾਲੀਵਾਲ (559) 647-7948 'ਤੇ ਸੰਪਰਕ ਕੀਤਾ ਜਾ ਸਕਦਾ ਹੈ। ਅਦਾਰਾ 'ਦੇਸ ਦੁਆਬਾ' ਪੱਤਰਕਾਰ ਨੀਟਾ ਮਾਛੀਕੇ ਅਤੇ ਸਮੂਹ ਧਾਲੀਵਾਲ ਪਰਿਵਾਰ ਨਾਲ ਦੁੱਖ ਸਾਂਝਾ ਕਰਦਾ ਹੈ।



# ਸਤਾਰਾਂ ਵਾਲਾ ਇਮਤਿਹਾਨ

ਪੰਜੇ ਤੱਕੜੀ ਝਾੜੂ ਦੇ ਨਾਲ ਰੁੱਸੇ
'ਕੱਠੇ ਹੋਣ ਲਈ ਬਣਤ ਬਣਾਉਣ ਲੱਗੇ।

ਜਿੱਦਾਂ 'ਲੰਡੇ ਨੂੰ ਮੀਣਾ' ਹੈ ਆਣ ਮਿਲਦਾ
ਅਚਨਚੇਤ ਇਉਂ ਜੱਫੀਆਂ ਪਾਉਣ ਲੱਗੇ।

ਬੰਨ੍ਹੀ ਆਸ ਹੈ ਜਿਸਨੇ ਤਬਦੀਲੀਆਂ ਦੀ
ਬਣੀ ਲਹਿਰ ਵਿਚ ਰੋੜੇ ਅਟਕਾਉਣ ਲੱਗੇ।

ਸੋਚਾਂ ਸੋਚਦੇ ਲੋਕਾਂ ਦੇ ਵਿਚ ਦੇਖੋ
ਭੰਬਲ ਭੂਸੇ ਜਿਹੇ ਹੋਰ ਵਧਾਉਣ ਲੱਗੇ।

ਵਰ੍ਹਾ ਬਣੇ ਗਾ 'ਖਾਸ' ਪੰਜਾਬੀਆਂ ਲਈ
ਭਾਵੇਂ ਕਹਿਣ ਨੂੰ 'ਆਮ' ਜਿਹੀ ਚੋਣ ਵਾਲਾ।

ਚੜ੍ਹਦੇ ਸਾਲ ਪੰਜਾਬ ਦੇ ਵਾਸੀਆਂ ਦਾ
ਕਰੜਾ ਇਮਤਿਹਾਨ ਹੈ ਹੋਣ ਵਾਲਾ।



ਤਰਲੋਚਨ ਸਿੰਘ
'ਦੁਪਾਲ ਪੁਰ'
001-408-915-1268

# 16ਵੀਂ ਸਾਲਾਨਾ ਸਪੋਰਟਸ ਪਿਕਨਿਕ 2 ਅਕਤੂਬਰ ਨੂੰ

**ਫੇਅਰਫੀਲਡ (ਬਿਊਰੋ)–** ਸਪੋਰਟਸ ਕਲੱਬ ਆਫ ਸੋਲਾਨੋ ਕਾਉਂਟੀ ਅਤੇ ਗੁਰੂ ਨਾਨਕ ਸਿੱਖ ਟੈਂਪਲ ਕਮੇਟੀ ਫੇਅਰਫੀਲਡ ਵੱਲੋਂ ਸਾਧ ਸੰਗਤ ਦੇ ਸਹਿਯੋਗ ਨਾਲ ਹਰ ਸਾਲ ਵਾਂਗ ਇਸ ਵਾਰ ਵੀ 16ਵੀਂ ਸਾਲਾਨਾ ਸਪੋਰਟਸ ਪਿਕਨਿਕ ਆਗਾਮੀ 2 ਅਕਤੂਬਰ, 2016 (ਐਤਵਾਰ) ਨੂੰ ਗੁਰੂ ਨਾਨਕ ਸਿੱਖ ਟੈਂਪਲ, ਫੇਅਰਫੀਲਡ ਵਿਖੇ ਕਰਵਾਈ ਜਾ ਰਹੀ ਹੈ। ਇਸ ਮੌਕੇ ਬੱਚਿਆਂ, ਔਰਤਾਂ ਅਤੇ ਪੁਰਸ਼ਾਂ ਦੀਆਂ ਦੌੜਾਂ ਹੋਣਗੀਆਂ ਅਤੇ ਹੋਰ ਮਨੋਰੰਜਨ ਦੇ ਪ੍ਰੋਗਰਾਮ ਹੋਣਗੇ। ਇਸ ਦਰਮਿਆਨ 4 ਤੋਂ 70 ਸਾਲ ਦੇਬੱਚੇ-ਬੱਚੀਆਂ, ਬਜ਼ੁਰਗਾਂ ਦੀਆਂ ਦੌੜਾਂ ਕਰਵਾਈਆਂ ਜਾਣਗੀਆਂ। ਰੱਸਾਕੱਸੀ, ਚਾਟੀ ਰੇਅ ਅਤੇ ਹੋਰ ਦਿਲਚਸਪ ਮੁਕਾਬਲੇ ਹੋਣਗੇ। ਪ੍ਰੋਗਰਾਮ ਸਬੰਧੀ ਹੋਰ ਜਾਣਕਾਰੀ ਲਈ ਪ੍ਰਮੁੱਖ ਆਯੋਜਕਾਂ ਭਿੰਦਰ ਸਿੰਘ ਸੰਧੂ (707-334-7820) ਨਾਲ ਸੰਪਰਕ ਕੀਤਾ ਜਾ ਸਕਦਾ ਹੈ ਜਾਂ 510-375-3285 ਤੇ ਸੰਪਰਕ ਕੀਤਾ ਜਾ ਸਕਦਾ ਹੈ। ਪ੍ਰੋਗਰਾਮ ਦੀ ਸਫਲਤਾ ਲਈ ਜਸਵੰਤ ਸਿੰਘ ਹੰਸ, ਕੇਵਲ ਸਿੰਘ, ਬਲਦੇਵ ਸਿੰਘ ਬਸਰਾ, ਮਹਿੰਦਰ ਸਿੰਘ ਨਾਹਲ, ਪਵਿੱਤਰ ਸਿੰਘ ਅਟਵਾਲ, ਹਰਬੰਸ ਸਿੰਘ ਸੰਧੂ ਅਤੇ ਸੁਰਜੀਤ ਸਿੰਘ ਰੱਤੂ ਵੱਲੋਂ ਖੂਬ ਮਿਹਨਤ ਕੀਤੀ ਜਾ ਰਹੀ ਹੈ।



# ਗਾਖਲ ਭਰਾ ਕਰਨਗੇ 12ਵੇਂ ਵਿਸ਼ਵ ਕਬੱਡੀ ਕੱਪ ਦਾ ਉਦਘਾਟਨ

**ਕੈਲੇਫੋਰਨੀਆਂ (ਹੁਸਨ ਲੜੋਆ ਬੰਗਾ)–** ਯੂਨਾਈਟਡ ਸਪੋਰਟਸ ਕਲੱਬ ਕੈਲੇਫੋਰਨੀਆਂ ਵਲੋਂ 18 ਸਤੰਬਰ ਨੂੰ ਸਥਾਨ ਜੇਮਜ਼ ਲੋਗਨ ਹਾਈ ਸਕੂਲ ਦੀਆਂ ਗਰਾਊਂਡਾਂ ਵਿਚ ਕਰਵਾਇਆ ਜਾਣ ਵਾਲਾ 12ਵਾਂ ਵਿਸ਼ਵ ਕਬੱਡੀ ਕੱਪ ਉੱਤਰੀ ਅਮਰੀਕਾ ਵਿਚ ਹੋਣ ਵਾਲੇ ਕਬੱਡੀ ਮੁਕਾਬਲਿਆਂ 'ਚ ਸਭ ਤੋਂ ਵੱਖਰਾ ਅਤੇ ਦਿਲਕਸ਼ ਇਸ ਕਰਕੇ ਹੋਵੇਗਾ ਕਿਉਂਕਿ ਇਸ ਵਾਰ ਦੇ ਕਬੱਡੀ ਕੱਪ 'ਚ ਪੰਜਾਬ ਦੇ ਤਕਰੀਬਨ ਸਾਰੇ ਨਾਮੀ ਕਬੱਡੀ ਖਿਡਾਰੀ ਪਹੁੰਚ ਰਹੇ ਹਨ। ਯੂਨਾਈਟਡ ਸਪੋਰਟਸ ਕਲੱਬ ਦੇ ਮੁੱਖ ਪ੍ਰਬੰਧਕ ਸ੍ਰ. ਅਮੋਲਕ ਸਿੰਘ ਗਾਖਲ ਨੇ ਕਿਹਾ ਕਿ ਕੈਲੇਫੋਰਨੀਆਂ ਦੇ ਕਬੱਡੀ ਫੈਡਰੇਸ਼ਨ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਇਹ ਕਬੱਡੀ ਕੱਪ ਜਿੱਥੇ ਵੱਡੇ ਨਕਦ ਇਨਾਮਾ ਕਰਕੇ ਵਡਿਆਇਆ ਜਾ ਰਿਹਾ ਹੈ ਉਥੇ ਇਸ ਨੂੰ ਕੈ-ਲੇਫੋਰਨੀਆਂ ਦੀ ਬਹੁਗਣਿਤੀ ਸਪੋਰਟਸ ਕਲੱਬਾਂ ਵਲੋਂ ਪੂਰਨ ਸਹਿਯੋਗ ਸਮਰਥਨ ਦਿੱਤਾ ਜਾ ਰਿਹਾ ਹੈ। ਉਹਨਾਂ ਕਿਹਾ ਕਿ 18 ਸਤੰਬਰ ਦਿਨ ਐਤਵਾਰ ਨੂੰ ਸਵੇਰੇ ਪਹਿਲਾਂ ਸਕੂਲੀ ਬੱਚਿਆਂ ਦੀ ਪਰੇਡ ਹੋਵੇਗੀ ਅਤੇ ਇਸ ਉਪਰੰਤ ਇਕਬਾਲ ਸਿੰਘ ਗਾਖਲ ਅਤੇ ਪਲਵਿੰਦਰ ਸਿੰਘ ਗਾਖਲ ਇਸ ਵਿਸ਼ਵ ਕਬੱਡੀ ਕੱਪ ਦਾ





ਰਸਮੀ ਉਦਘਾਟਨ ਕਰਨਗੇ। ਉਹਨਾਂ ਆਸ ਪ੍ਰਗਟਾਈ ਕਿ 15 ਹਜ਼ਾਰ ਦੇ ਕਰੀਬ ਦਰਸ਼ਕ ਇਸ ਕਬੱਡੀ ਕੱਪ ਨੂੰ ਵੇਖਣ ਲਈ ਪਹੁੰਚਣਗੇ ਅਤੇ ਕਬੱਡੀ ਖੇਤਰ ਨਾਲ ਜੁੜੀਆਂ ਨਾਮੀ ਹਸਤੀਆਂ ਦਾ ਪਹੁੰਚਣਾ ਲਗਾਤਾਰ ਜਾਰੀ ਹੈ। ਇਸ ਖੇਡ ਮੇਲੇ ਵਿਚ ਬੇ-ਏਰੀਆ ਸਪੋਰਟਸ ਕਲੱਬ ਦੇ ਬਲਜੀਤ ਸਿੰਘ ਸੰਧੂ ਦਾ ਵਿਸ਼ੇਸ਼ ਸਨਮਾਨ ਹੋਵੇਗਾ ਜਦਕਿ ਨਿੱਝਰ ਭਰਾਵਾਂ ਵਲੋਂ ਕੁਲਵੰਤ ਸਿੰਘ ਨਿੱਝਰ ਅਤੇ ਸੁਖਵੀਰ ਸਿੰਘ ਨਿੱਝਰ ਵਲੋਂ ਕਬੱਡੀ ਖੇਡ ਇਤਿਹਾਸ ਦੇ ਨਾਮੀ ਜਾਫੀ ਰਣਜੀਤ ਸਿੰਘ ਰਾਣਾ ਵੰਝ ਨੂੰ ਗੋਲਡ ਮੈਡਲ ਨਾਲ ਨਿਵਾਜਿਆ ਜਾਵੇਗਾ।

ਗੋਲਡ ਮੈਡਲ ਹਾਸਲ ਕਰਨ ਵਾਲਿਆਂ ਵਿਚ ਦੀਪਾ ਮੁਠੱਡਾ, ਨੱਥਾ ਸਿੰਘ ਗਾਖਲ, ਸੰਦੀਪ ਲੁੱਧੜ, ਮੇਜਰ ਸਿੰਘ ਗਾਖਲ ਦੇ ਨਾਮ ਵੀ ਸ਼ਾਮਿਲ ਹਨ। ਪਹਿਲੀ ਵਾਰ ਹੈ ਕਿ ਇਤਿਹਾਸਕ ਗੁਰਦੁਆਰਾ ਸਟਾਕਟਨ ਦੀ ਪ੍ਰਬੰਧਕ ਕਮੇਟੀ ਅਤੇ ਗੁਰੂਘਰ ਸੈਨਹੋਜ਼ੇ ਅਤੇ ਫਰੀਮਾਂਟ ਦੀਆਂ ਪ੍ਰਬੰਧਕ ਕਮੇਟੀਆਂ ਵੀ ਖੇਡ ਮੇਲੇ ਨੂੰ ਭਰਪੂਰ ਸਮਰਥਨ ਸਹਿਯੋਗ ਦੇ ਰਹੀਆਂ ਹਨ। ਉਹਨਾਂ ਸਮੂਹ ਪੰਜਾਬੀਆਂ ਨੂੰ ਇਸ ਕਬੱਡੀ ਕੱਪ ਵਿਚ ਪਰਿਵਾਰਾਂ ਸਮੇਤ ਪਹੁੰਚਣ ਦੀ ਅਪੀਲ ਕੀਤੀ ਹੈ।

## ਵਿਸ਼ਵ ਕਬੱਡੀ ਕੱਪ ਤੇ 18 ਸਤੰਬਰ ਨੂੰ ਪਹੁੰਚਣ ਦੀ ਅਪੀਲ




**ਯੂਨੀਅਨ ਸਿਟੀ–** ਆ ਰਹੀ 18 ਸਤੰਬਰ ਦਿਨ ਐਤਵਾਰ ਨੂੰ ਯੂਨਾਈਟਿਡ ਸਪੋਰਟਸ ਕਲੱਬ ਕੈਲੇਫੋਰਨੀਆ ਵੱਲੋਂ ਕਰਵਾਏ ਜਾਣ ਵਾਲੇ 12ਵੇਂ ਇਤਿਹਾਸਕ ਵਿਸ਼ਵ ਕਬੱਡੀ ਕੱਭ ਦਾ ਹਰ ਪਲ ਰੋਚਕ ਅਤੇ ਮਾਂ ਖੇਡ ਕਬੱਡੀ ਦੀ ਕਮਾਲ ਦੀ ਫਸਵੀਂ ਪੇਸ਼ਕਾਰੀ ਹੋਵੇਗੀ। ਕਲੱਬ ਦੇ ਚੇਅਰਮੈਨ ਮੱਖਣ ਸਿੰਘ ਬੈਂਸ, ਉਪ ਪ੍ਰਧਾਨ ਜੁਗਰਾਜ ਸਿੰਘ ਸਹੋਤਾ ਅਤੇ ਵਿੱਤ ਸਕੱਤਰ ਨਰਿੰਦਰ ਸਿੰਘ ਸਹੋਤਾ ਨੇ ਸਮੂਹ ਪੰਜਾਬੀਆਂ ਨੂੰ ਅਪੀਲ ਕੀਤੀ ਹੈ ਕਿ ਇਸ ਦਿਨ ਨੂੰ ਰਾਖਵਾਂ ਰੱਖ ਕੇ ਮਾਂ ਖੇਡ ਕਬੱਡੀ ਦੇ ਲੇਖੇ ਲਾਓ ਅਤੇ ਪਰਿਵਾਰਾਂ ਸਮੇਤ ਪਹੁੰਚ ਕੇ ਦੁਨੀਆਂ ਭਰ ਦੇ ਨਾਮੀ ਕਬੱਡੀ ਖਿਡਾਰੀਆਂ ਦੀ ਜੋਸ਼ ਅਤੇ ਜੁੱਸੇ ਵਾਲੀ ਖੇਡ ਦਾ ਆਨੰਦ ਮਾਣੋ।

ਉਹਨਾਂ ਅਪੀਲ ਕੀਤੀ ਕਿ ਕਬੱਡੀ ਕੱਪ ਲਈ ਸਕਿਊਰਟੀ ਪ੍ਰਬੰਧ ਸਖਤ ਹੋਣਗੇ ਤੇ ਮੈਟਲ ਡਿਟੈਕਟਰ ਨਾਲ ਐਂਟਰੀ ਹੋਵੇਗੀ। ਸਵੇਰੇ 9 ਵਜੇ ਤੋਂ ਸ਼ਾਮੀ 6 ਵਜੇ ਤੱਕ ਇਸ ਖੇਡ ਮੇਲੇ ਦਾ ਇਤਿਹਾਸ ਪੰਜਾਬੀਆਂ ਨੂੰ ਕਦੇ ਨਹੀਂ ਭੁੱਲੇਗਾ।

## ਜਿਸਮੀ ਧੰਦੇ ਦੇ ਨਾਂਅ 'ਤੇ ਲੁੱਟਾਂ ਖੋਹਾਂ ਕਰਨ ਵਾਲੇ ਸਰਗਰਮ

**ਆਕਲੈਂਡ (ਹਰਜਿੰਦਰ ਸਿੰਘ ਬਸਿਆਲਾ)–** ਅੰਤਰਰਾਸ਼ਟਰੀ ਵਿਦਿਆਰਥੀ ਜਿੱਥੇ ਉਚ ਸਤਰ ਦੀ ਪੜ੍ਹਾਈ ਕਰਨ ਇਥੇ ਆ ਰਹੇ ਹਨ ਉਥੇ ਬਹੁਤ ਹੀ ਨੀਚੇ ਦੇ ਪੱਧਰ ਉਤੇ ਜਾ ਕੇ ਜਿਸਮੀ ਧੰਦਿਆਂ ਦੇ ਨਾਂਅ ਉਤੇ ਹੋ ਰਹੀ ਲੁੱਟ ਦਾ ਸ਼ਿਕਾਰ ਹੋ ਰਹੇ ਹਨ। ਇਨ੍ਹੀਂ ਦਿਨੀਂ ਸ਼ੋਸ਼ਲ ਮੀਡੀਆ ਅਤੇ ਦੂਜੀਆਂ ਡੇਟਿੰਗ ਵੈਬਸਾਈਟਾਂ ਦੇ ਜ਼ਰੀਏ ਇਨ੍ਹਾਂ ਵਿਦਿਆਰਥੀ ਅਤੇ ਅਜਨਬੀ ਲੋਕਾਂ ਨੂੰ ਆਪਣੇ ਜਾਲ ਵਿਚ ਫਸਾ ਕੇ ਸੁੰਨ-ਸਾਨ ਥਾਂ ਉਤੇ ਬੁਲਾਇਆ ਜਾਂਦਾ ਹੈ ਅਤੇ ਫਿਰ ਜਿਸਮੀ ਸਬੰਧ ਬਣਾਉਣ ਦੇ ਨਾਂਅ ਉਤੇ ਸਾਰਾ ਕੁਝ ਲੁੱਟ ਲਿਆ ਜਾਂਦਾ ਹੈ। ਬਹੁਤ ਸਾਰੇ ਵਿਦਿਆਰਥੀ ਆਪਣੀ ਬੇਇਜ਼ਤੀ ਮਹਿਸੂਸ ਕਰਨ ਕਰਕੇ ਅਜਿਹਾ ਪੁਲਿਸ ਨੂੰ ਜਾਂ ਆਪਣੇ ਪਰਿਵਾਰਕ ਮੈਂਬਰਾਂ ਨੂੰ ਨਹੀਂ ਦਸਦੇ। ਸ਼ੋਸ਼ਲ ਮੀਡੀਆ ਦੇ ਉਤੇ ਪਹਿਲਾਂ ਚੈਟ ਦੌਰਾਨ ਆਮ ਤਸਵੀਰਾਂ ਜਾਂ ਫਿਰ ਉਤੇਜਿਕ ਤਸਵੀਰਾਂ ਦਾ ਆਦਾਨ-ਪ੍ਰਦਾਨ ਕਰ ਲਿਆ ਜਾਂਦਾ ਹੈ ਤਾਂ ਕਿ ਸਹਿਮਤੀ ਪੱਕੀ ਹੋ ਸਕੇ।

## ਕਬੱਡੀ ਦੇ ਸਾਬਕਾ ਜ਼ਾਲਮ ਜਾਫੀ ਰਾਣਾ ਵੰਝ ਪਹਿਲੀ ਵਾਰ ਪਹੁੰਚਣਗੇ ਅਮਰੀਕਾ

### ਖੇਡ ਪ੍ਰਾਪਤੀਆਂ ਲਈ ਗੋਲਡ ਮੈਡਲ ਨਾਲ ਹੋਵੇਗਾ ਸਨਮਾਨ


ਰਾਣਾ ਵੰਝ


**ਕੈਲੇਫੋਰਨੀਆਂ (ਹੁਸਨ ਲੜੋਆ ਬੰਗਾ)–** ਇੱਥੇ ਜੇਮਜ਼ ਲੋਗਨ ਹਾਈ ਸਕੂਲ 'ਚ 18 ਸਤੰਬਰ ਦਿਨ ਐਤਵਾਰ ਨੂੰ ਯੂਨਾਈਟਡ ਸਪੋਰਟਸ ਕਲੱਬ ਦੇ 12ਵੇਂ ਵਿਸ਼ਵ ਕਬੱਡੀ ਕੱਪ ਵਿਚ ਸਾਬਕ ਕਬੱਡੀ ਖਿਡਾਰੀ ਰਣਜੀਤ ਸਿੰਘ ਰੰਧਾਵਾ ਜਿਸ ਨੂੰ ਰਾਣਾ ਵੰਝ ਦੇ ਨਾਮ ਨਾਲ ਜਾਣਿਆ ਜਾਂਦਾ ਹੈ, ਸ਼ਿਰਕਤ ਕਰਨਗੇ। ਖੇਡ ਪ੍ਰੇਮੀਆਂ ਵਿਚ ਉਹਨਾਂ ਨੂੰ ਵੇਖਣ ਅਤੇ ਖਿਡਾਰੀਆਂ ਪ੍ਰਤੀ ਉਹਨਾਂ ਦਾ ਸਤਿਕਾਰ ਕਬੱਡੀ ਕੱਪ ਦੀ ਵਿਸ਼ੇਸ਼ ਖਿੱਚ ਬਣਿਆ ਰਹੇਗਾ। ਸ੍ਰ. ਕੁਲਵੰਤ ਸਿੰਘ ਨਿੱਝਰ ਸੁਖਵੀਰ ਸਿੰਘ ਨਿੱਝਰ ਅਤੇ ਹਰਜੀਤ ਸਿੰਘ ਚਾਹਲ ਨੇ ਜਿੱਥੇ ਰਾਣਾ ਵੰਝ ਦੀ ਕੈਲੇਫੋਰਨੀਆਂ ਆਮਦ ਨੂੰ ਜੀ ਆਇਆਂ ਆਖਿਆ ਹੈ ਉਥੇ ਇਸ ਨਾਮੀ ਸਾਬਕ ਕਬੱਡੀ ਖਿਡਾਰੀ ਨੂੰ ਗੋਲਡ ਮੈਡਲ ਨਾਲ ਸਨਮਾਨਿਤ ਕਰਨ ਲਈ ਯੂਨਾਈਟਿਡ ਸਪੋਰਟਸ ਕਲੱਬ ਅਤੇ ਸ੍ਰ. ਅਮੋਲਕ ਸਿੰਘ ਗਾਖਲ ਦਾ ਧੰਨਵਾਦ ਵੀ ਕੀਤਾ ਹੈ।




MAJESTIC HOMES

PRICE REDUCED
$1,655,555
7112 Westmoorland Dr
Berkeley

GORGEOUS HOME IN BERKELEY HILLS
Gorgeous 4000+ sqft home in Claremont Hills with 4 Bedrooms and 3.5 bathrooms. Stunning bay, & city lights views. Beautiful hardwood floors throughout. Granite counters, stainless steel appliance in the kitchen. Bonus room and a bar. Fire sprinklers, intercom and many upgrades. Court location. Just minutes away from the City. You have to see it to appreciate this GEM



JUST LISTED
$428,888
3 Cassia Court-Pittsburg



4 Bedrooms and 2 bath Home in Pittsburg
2135 sqft home with 4 Bedrooms+loft, 2.5 bathrooms and 2 car garage in a gated community. Granite kitchen counter tops cherry cabinets, hardwood floors, some carpet. Short distance to BART and Highway 4. Conventient location.



COMING SOON
$338,888
3314 Canim Ct
Antioch

3 Bedrooms and 2 Bathrooms - Home in Antioch
Cozy 3 Bedrooms, 2 bath and 2 car garage in a court location on a 6600 sqft lot. Dual pane windows. Storage shed in the backyard. Possible RV parking. Fire place in living room. Central heating and air conditioning. Single story home. Court location.



3 Bedrooms and 2 Bathrooms - Home in Sacramento
Seller got tired of leasing 3 Bedrooms, 2 bath and 2 car garage. Over 10,000 sqft lot, big enough to add a pool. Central heating and air conditioning. Needs some TLC. Single story home. Court location.
COMING SOON $278,888
3201 Magicwoods Ct Sacramento

ਤੁਸੀਂ ਸਾਡੇ ਨਾਲ ਹਿੰਦੀ ਅਤੇ ਪੰਜਾਬੀ ਭਾਸ਼ਾ ਵਿਚ ਵੀ ਗੱਲ ਕਰ ਸਕਦੇ ਹੋ।



Ramesh Suman, Broker
BRE - 00871752 GRI, CDPE, RCS-D
RES.NET AMP REO Certified
HAFA Short Sale Sepcialist
Director - East Bay Regional Data, Inc.
925) 779-1234



Deo Raj "Dave" Singh, Realtor
BRE License - 01789784
Direct: (925)766-3280
E-mail: Dave@MajesticHomes.us



Rajbir S. Sarkaria, Realtor
BRE License - 01499991
Direct: (925)766-5784
E-mail: Raj@MajesticHomes.us

2006 A Street, Suite 219, Antioch, CA 94509
Service Excellence - Experience the Difference
WWW.MajesticHomes.US Email: Ramesh@RameshSuman.com

SALE PENDING
$348,888
59 E. Lake Drive Antioch
4 Bedrooms, 2 bath and 2 car garage. Upgraded kitchen, bath and Carpet about 8 years ago. 2 bedrooms and a bath down stairs. Very convenient location.



# ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਪੁਰਬ ਮਨਾਇਆ







**ਸੈਕਰਾਮੈਂਟੋ-** ਰਿਓਲਿੰਡਾ (ਸੈਕਰਾਮੈਂਟੋ, ਕੈਲੇਫੋਰਨੀਆ) ਵਿਖੇ ਬੀਤੀ 11 ਸਤੰਬਰ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾਪ੍ਰਕਾਸ਼ ਪੁਰਬ ਸ਼ਰਧਾ ਅਤੇ ਪਿਆਰ ਨਾਲ ਮਨਾਇਆ ਗਿਆ। ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ ਸਾਹਿਬ ਮਿਤੀ 9 ਸਤੰਬਰ ਨੂੰ ਪ੍ਰਾਰੰਭ ਹੋਏ ਅਤੇ 11 ਸਤੰਬਰ ਦਿਨ ਐਤਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ। ਅਰਦਾਸ ਬੇਨਤੀ ਕਰਨ ਉਪਰੰਤ ਧੁਰ ਕੀ ਬਾਣੀ ਦੀ ਦੀਵਾਨ ਸਜਾਏ ਗਏ। ਭਾਈ ਸਾਹਿਬ ਭਾਈ ਜਸਪਾਲ ਸਿੰਘ, ਭਾਈ ਸਾਹਿਬ ਭਾਈ ਨਿਰਮਲ ਸਿੰਘ ਅਤੇ ਕਾਕਾ ਪ੍ਰਭਜੋਤ ਸਿੰਘ ਜੀ ਦੇ ਹਜ਼ੂਰੀ ਜਥੇ ਨੇ ਸੰਗਤਾਂ ਨੂੰ ਕਥਾ ਕੀਰਤਨ ਨਾਲ ਨਿਹਾਲ ਕੀਤਾ। ਭਾਈ ਚਰਨ ਸਿੰਘ ਜੀ ਨੇ ਵੀ ਗੁਰੂ ਦੀ ਬਾਣੀ ਦਾ ਰਸਭਿੰਨਾ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਤਿੰਨੇ ਦਿਨ ਸੰਗਤਾਂ ਨੇ ਗੁਰੂ ਕੇ ਦਰਬਾਰ ਦੀਆਂ ਸੇਵਾਵਾਂ ਕਰਕੇ ਆਪਣਾ ਜੀਵਨ ਸਫਲਾ ਬਣਾਇਆ। ਗੁਰੂ ਕੇ ਲੰਗਰਾਂ ਦੀ ਸੇਵਾ ਵੀ ਬਹੁਤ ਉਤਸ਼ਾਹ ਅਤੇ ਪਿਆਰ ਨਾਲ ਸੰਗਤਾਂ ਨੇ ਕੀਤੀ। ਗੁਰੂ ਘਰ ਦੇ ਸੇਵਾਦਾਰ ਸ੍ਰੀ ਰਮੇਸ਼ ਬੰਗੜ, ਸ੍ਰੀ ਮਹਿੰਦਰ ਸਿੰਘ ਧਾਮੀ, ਸ੍ਰੀ ਰਾਜ ਸੂਦ ਨੇ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਬਾਰੇ ਬਹੁਤ ਹੀ ਵਿਸਥਾਰ ਸਹਿਤ ਦੱਸਿਆ।

ਵੱਖ-ਵੱਖ ਬੁਲਾਰਿਆਂ ਨੇ ਦੱਸਿਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਕਲਨ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਕਰਨਾ ਇਕ ਇਨਕਲਾਬੀ ਕਦਮ ਸੀ। ਪੰਜਵੇਂ ਗੁਰੂ ਸਾਹਿਬ ਨੇ ਪਹਿਲੇ ਗੁਰੂ ਸਾਹਿਬਾਨਾਂ ਅਤੇ ਇਨਕਲਾਬੀ ਰਹਿਬਰਾਂ ਦੀ ਗੁਰਬਾਣੀ ਨੂੰ ਇਕ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕੀਤਾ, ਜਾਤਾਂ, ਧਰਮਾਂ, ਮਜ਼ਹਬਾਂ, ਊਚ-ਨੀਚ ਦਾ ਪਾੜਾ ਖਤਮ ਕੀਤਾ। ਖਾਸ ਕਰਕੇ ਉਹਨਾਂ ਦੱਬੇ ਕੁਚਲੇ ਸਮਾਜ ਦੇ ਲੋਕਾਂ ਨੇ ਗੁਰੂ ਕੀ ਬਾਣੀ ਪੜ੍ਹਨ-ਸੁਣਨ, ਗੁਰੂ ਘਰ ਆਉਣ ਦੇਹੱਕ ਦਿੱਤੇ, ਜਿਹਨਾਂ ਨੂੰ ਸਮੇਂ ਦੇ ਜਾਬਰ ਹਾਕਮਾਂ ਨੇ ਸਾਰੇ ਮਨੁੱਖੀ ਹੱਕਾਂ ਤੋਂ ਵਾਂਝੇ ਕੀਤਾ ਹੋਇਆ ਸੀ।

ਸ੍ਰੀ ਰਾਜ ਸੂਦ ਨੇ ਦੱਸਿਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਕਿਸੇ ਇਕ ਧਰਮ, ਮਜ਼ਹਬ, ਫਿਰਕੇ, ਖੇਤਰ ਲਈ ਨਹੀਂ ਇਹ ਤਾਂ ਪੂਰੀ ਦੁਨੀਆਂ ਲਈ ਇਕ ਸੰਵਿਧਾਨ ਹੈ। ਸ੍ਰੀ ਰਮੇਸ਼ ਬੰਗੜ ਨੇ ਸੰਗਤਾਂ ਨੂੰ ਦੱਸਿਆ ਕਿ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ ਦੀ ਸਾਲਾਨਾ ਵਰ੍ਹੇਗੰਢ (ਸਥਾਪਨਾ ਦਿਵਸ) ਵੀ 2 ਅਕਤੂਬਰ ਨੂੰ ਸੰਗਤਾਂ ਦੇ ਸਹਿਯੋਗ ਨਾਲ ਮਨਾਇਆ ਜਾ ਰਿਹਾ ਹੈ। 30 ਸਤੰਬਰ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ ਸਾਹਿਬ ਆਰੰਭ ਹੋਣਗੇ ਅਤੇ 2 ਅਕਤੂਬਰ ਨੂੰ ਭੋਗ ਪਾਏ ਜਾਣਗੇ। ਉਪਰੰਤ ਦੀਵਾਨ ਸਜਾਏ ਜਾਣਗੇ। 1 ਅਕਤੂਰ ਦਿਨ ਸ਼ਨੀਵਾਰ ਸ਼ਾਮ ਨੂੰ 4 ਵਜੇ ਸ੍ਰੀ ਨਿਸ਼ਾਨ ਸਾਹਿਬ ਜੀ ਦੇ ਚੋਲਾ ਸਾਹਿਬ ਦੀ ਸੇਵਾ ਸੰਗਤਾਂ ਵੱਲੋਂ ਕੀਤੀ ਜਾਵੇਗੀ। ਵੱਖ-ਵੱਖ ਲੰਗਰ ਅਤੇ ਖਰੀਦੋ-ਫਰੋਖਤ ਦੇ ਸਟਾਲ ਲਗਾਏ ਜਾਣਗੇ। ਸੰਗਤਾਂ ਨੂੰ ਹੁੰਮ ਹੁੰਮਾ ਕੇ ਗੁਰੂ ਘਰ ਪਹੁੰਚਣ ਦੀ ਬੇਨਤੀ ਕੀਤੀ ਜਾਂਦੀ ਹੈ। ਇਸ ਮੌਕੇ ਸਟੇਜ ਦੀ ਸੇਵਾ ਸ੍ਰੀ ਰਾਜ ਸੂਦ ਨੇ ਬਾਖੂਬੀ ਨਿਭਾਈ।ਭਾਰਤ ਤੋਂ ਵਿਸ਼ੇਸ਼ ਤੌਰ ਤੇ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਆਗੂ ਸ੍ਰੀ ਸੁਖਵਿੰਦਰ ਕੁਮਾਰ ਸੁੱਖੀ ਨੇ ਗੁਰੂ ਘਰ ਵਿਖੇ ਹਾਜ਼ਰੀ ਭਰੀ। ਗੁਰੂ ਘਰ ਵੱਲੋਂ ਉਹਨਾਂ ਨੂੰ ਸਿਰੋਪਾਓ ਦੀ ਬਖਸ਼ਿਸ਼ ਕੀਤੀ ਗਈ। ਉਪਰੋਕਤ ਜਾਣਕਾਰੀ ਸ੍ਰੀ ਦੀਪਕ ਸਰੋਆ, ਪੀ. ਆਰ. ਓ. ਗੁਰੂ ਰਵਿਦਾਸ ਟੈਂਪਲ ਰਿਓਲਿੰਡਾ ਵੱਲੋਂ ਦਿੱਤੀ ਗਈ।

# ਹੂਸਟਨ ਸ਼ਹਿਰ ਵਿਚ ਗੁਰਦੁਆਰਾ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਦਿਵਸ ਤੇ ਗੁਰਬਾਣੀ ਕੰਠ ਮੁਕਾਬਲਿਆਂ ਦਾ ਆਯੋਜਨ

**ਹੂਸਟਨ (ਹੁਸਨ ਲੜੋਆ ਬੰਗਾ)-** ਹੂਸਟਨ ਸ਼ਹਿਰ ਵਿਚ ਨਵੇਂ ਉਸਰ ਰਹੇ ਗੁਰਦੁਆਰਾ ਸਾਹਿਬ ਸਿੱਖ ਨੈਸ਼ਨਲ ਸੈਂਟਰ ਵਿਖੇ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼



ਦਿਵਸ ਨੂੰ ਵਿਸ਼ੇਸ਼ ਤੌਰ ਤੇ ਦੂਜਾ ਗੁਰਬਾਣੀ ਕੰਠ ਮੁਕਾਬਲਿਆਂ ਦਾ ਆਯੋਜਨ ਕੀਤਾ ਗਿਆ। ਜਿਸ ਵਿਚ ਵੱਖੋ ਵੱਖ ਗੁਰਦੁਆਰਾ ਸਾਹਿਬਾਨਾਂ ਤੋਂ ਆਏ ਬੱਚਿਆਂ ਨੇ ਸ਼ਮੂਲੀਅਤ ਕੀਤੀ। ਇਸ ਮੁਕਾਬਲੇ ਵਿਚ ਭਾਗ ਲੈਣ ਆਏ ਸਮੂਹ ਪ੍ਰਤੀਯੋਗੀਆਂ ਅਤੇ ਸਮੂਹ ਸੰਗਤ ਦੇ ਮੈਂਬਰਾਂ ਅੰਦਰ ਭਾਰੀ ਉਤਸ਼ਾਹ ਦੇਖਣ ਨੂੰ ਮਿਲਿਆ। ਇਸ ਮੁਕਾਬਲੇ ਨੂੰ ਪ੍ਰਤੀਯੋਗੀਆਂ ਦੀ ਉਮਰ ਨਾਲ ਚਾਰ ਗਰੁੱਪਾਂ ਅੰਦਰ ਵੰਡਿਆ ਗਿਆ। ਪ੍ਰੋਗਰਾਮ ਦੀ ਸ਼ੁਰੂਆਤ ਗਿਆਨੀ ਅਮਰੀਕ ਸਿੰਘ ਜੀ ਦੁਆਰਾ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਅਰਦਾਸ ਬੇਨਤੀ ਕਰਕੇ ਕੀਤੀ ਗਈ। ਹਰ ਇਕ ਗਰੁੱਪ ਤੋਂ ਤਿੰਨ ਤਿੰਨ ਜੱਜ ਗੁਰਬਾਣੀ ਨੂੰ ਸੁਣ ਰਹੇ ਸਨ। ਇਸ ਗੁਰਬਾਣੀ ਕੰਠ ਮੁਕਾਬਲਿਆਂ ਦਾ ਪ੍ਰਬੰਧ ਬਹੁਤ ਹੀ ਸੋਹਣੇ ਢੰਗ ਨਾਲ ਕੀਤਾ ਗਿਆ ਸੀ। ਸਭ ਆਈ ਹੋਈ ਸੰਗਤ ਅਤੇ ਸਾਰੇ ਹਿੱਸਾ ਲੈਣ ਆਏ ਪ੍ਰਤੀਯੋਗੀਆਂ ਵੱਲੋਂ ਇਸ ਗੁਰਬਾਣੀ ਕੰਠ ਮੁਕਾਬਲਿਆਂ ਪ੍ਰਤੀ ਭਰਵਾਂ ਉਤਸ਼ਾਹ ਦਿਖਾਇਆ ਗਿਆ। ਇਸ ਗੁਰਬਾਣੀ ਕੰਠ ਮੁਕਾਬਲਿਆਂ ਦੇ ਪਹਿਲੇ ਗਰੁੱਪ ਵਿਚੋਂ ਇੱਛਕਿਰਤ ਸਿੰਘ ਵੱਲੋਂ ਪਹਿਲਾ ਸਥਾਨ, ਗੁਨੀਵ ਕੌਰ ਨੇ ਦੂਜਾ ਸਥਾਨ ਅਤੇ ਏਕਮ ਕੌਰ ਨੇ ਤੀਜਾ ਸਥਾਨ ਪ੍ਰਾਪਤ ਕਰਕੇ ਜਿੱਤ ਹਾਸਲ ਕੀਤੀ। ਦੂਜੇ ਗਰੁੱਪ ਵਿਚੋਂ ਨਿਮਰਿਤ ਕੌਰ ਵੱਲੋਂ ਪਹਿਲਾ ਸਥਾਨ, ਗੁਰਨੂਰ ਕੌਰ ਨੇ ਦੂਜਾ ਸਥਾਨ ਅਤੇ ਕਰਨਜੋਤ ਕੌਰ ਨੇ ਤੀਜਾ ਸਥਾਨ ਪ੍ਰਾਪਤ ਕਰਕੇ ਜਿੱਤ ਹਾਸਲ ਕੀਤੀ। ਤੀਜੇ ਗਰੁੱਪ ਵਿਚੋਂ ਹਰਲੀਨ ਕੌਰ ਵੱਲੋਂ ਪਹਿਲਾ ਸਥਾਨ, ਦਿਵਜੋਤ ਕੌਰ ਨੇ ਦੂਜਾ ਅਤੇ ਸਾਹਿਬਜੀਤ ਕੌਰ ਨੇ ਤੀਜਾ ਸਥਾਨ ਪ੍ਰਾਪਤ ਕਰਕੇ ਜਿੱਤ ਹਾਸਲ ਕੀਤੀ।

ਚੌਥੇ ਗਰੁੱਪ ਵਿਚੋਂ ਹਰਸ਼ਰਨਦੀਪ ਕੌਰ ਵੱਲੋਂ ਪਹਿਲਾ, ਜਗਮੀਤ ਕੌਰ ਵੱਲੋਂ ਦੂਜਾ ਸਥਾਨ ਪ੍ਰਾਪਤ ਕਰਕੇ ਜਿੱਤ ਹਾਸਲ ਕੀਤੀ। ਇਸ ਗੁਰਬਾਣੀ ਕੰਠ ਮੁਕਾਬਲਿਆਂ ਵਿਚ ਹਿੱਸਾ ਲੈਣ ਆਈ ਤਿੰਨ ਸਾਲ ਦੀ ਨੰਨੀ ਬੱਚੀ ਸਭ ਦੀ ਖਿੱਚ ਦਾ ਕੇਂਦਰ ਬਣੀ ਰਹੀ। ਇਹ ਬੱਚੀ ਜਿਸਦਾ ਨਾਮ ਗਨੀਵ ਕੌਰ ਹੈ, ਇਸ ਬੱਚੀ ਨੇ ਸੰਪੂਰਨ ਸ੍ਰੀ ਜਪੁਜੀ ਸਾਹਿਬ ਜੀ ਦਾ ਪਾਠ ਜ਼ੁਬਾਨੀ ਸੁਣਾ ਕੇ ਸਭ ਨੂੰ ਮੰਤਰ ਮੁਗਧ ਕਰ ਦਿੱਤਾ।

ਗੁਰਦੁਆਰਾ ਸਾਹਿਬ ਸਿੱਖ ਨੈਸ਼ਨਲ ਸੈਂਟਰ ਦੇ ਪ੍ਰਧਾਨ ਸਰਦਾਰ ਨਰਿੰਦਰ ਸਿੰਘ ਨਾਗਰਾ, ਸਟੇਜ ਸੈਕਟਰੀ ਪ੍ਰੋਫੈਸਰ ਸੰਪੂਰਨ ਸਿੰਘ ਜੀ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ ਅਤੇ ਇਹਨਾਂ ਨੇ ਇਸ ਗੁਰਬਾਣੀ ਕੰਠ ਮੁਕਾਬਲਿਆਂ ਦੇ ਮੁੱਖ ਪ੍ਰਬੰਧਕ ਸਰਦਾਰ ਅੰਮ੍ਰਿਤ ਸਿੰਘ, ਸਰਦਾਰ ਗੁਰਸ਼ਰਨ ਸਿੰਘ ਜਥੇਦਾਰ ਮੀਰੀ ਪੀਰੀ ਨੇ ਗੱਤਕਾ ਦਲ ਦਾ ਵਿਸ਼ੇਸ਼ ਧੰਨਵਾਦ ਕੀਤਾ।

# ਵਿਰਕਾਂ ਛਿੰਝ ਮੇਲੇ ਵਿੱਚ ਪੁੱਜੇ ਗਰੇਟ ਖਲੀ ਰਹੇ ਦਰਸ਼ਕਾਂ ਲਈ ਖਿੱਚ ਦਾ ਕੇਂਦਰ

**ਗੁਰਾਇਆ (ਨਿਰਮਲ ਗੁੜਾ)-** ਨਜਦੀਕੀ ਪਿੰਡ ਵਿਰਕਾਂ ਵਿਖੇ ਰਵੀ ਦੱਤ ਐਂਡ ਕੰਪਨੀ ਪਿੰਡ ਵਿਰਕ ਵਲੋਂ ਪੰਜਾਬ ਬੁਲਜ਼ ਜਿੰਮ, ਗ੍ਰਾਮ ਪੰਚਾਇਤ, ਨਗਰ ਨਿਵਾਸੀਆਂ ਦੇ ਸਹਿਯੋਗ ਨਾ.ਲ ਕੁਸ਼ਤੀ ਮੁਕਾਬਲੇ (ਖੇਡ ਦੰਗਲ) ਸਾਬਕਾ ਸਰਪੰਚ ਰਵੀ ਦੱਤ





ਅਤੇ ਹਰਮੇਸ਼ ਪਹਿਲਵਾਨ ਦੀ ਅਗਵਾਈ ਵਿੱਚ ਕਰਵਾਏ ਗਏ। ਛਿੰਝ ਮੇਲੇ ਵਿੱਚ ਰਿੰਗ ਦਾ ਕਿੰਗ ਦੀ ਗਰੇਟ ਖਲੀ ਮੁੱਖ ਮਹਿਮਾਨ ਵਜੋਂ ਪੁਜੇ ਜਦਕਿ ਡੀ ਐਸ ਪੀ ਮੁਕੇਸ਼ ਪਹਿਲਵਾਨ, ਕਬੱਡੀ ਖਿਡਾਰੀ, ਡੀ ਐਸ ਪੀ ਅਮਰਜੀਤ ਸਿੰਘ, ਗੱਗੀ ਖੀਰਾਂ ਵਾ.ਲੀ, ਸਤੀਸ਼ ਪ੍ਰਭਾਕਰ, ਸੁਰਜੀਤ ਪਹਿਲਵਾਨ ਲੱਲੀਆਂ ਅਖਾੜਾ ਲੱਲੀਆਂ ਅਤੇ ਹੋਰ ਨਾਮੀ ਸਖਸ਼ੀਅਤਾਂ ਪੁਜੀਆਂ ਅਤੇ ਜਿਥੇ ਪਹਿਲਵਾਨਾਂ ਨੂੰ ਅਸ਼ੀਰਵਾਦ ਦਿਤਾ ਉਥੇ ਪ੍ਰਬੰਧਕਾਂ ਨੂੰ ਇਸ ਨੇਕ ਕਾਰਜ ਦੀ ਵਧਾਈ ਦਿਤੀ।

ਇਸ ਮੌਕੇ ਦੂਰ ਦੂਰ ਤੋਂ ਪਹਿਲਵਾਨਾਂ ਨੇ ਜੋਰ ਅਜਮਾਈ ਕੀਤੀ ਉਥੇ ਲੜਕੀਆਂ ਦੀਆਂ ਕੁਸ਼ਤੀਆਂ ਖਿੱਚ ਦਾ ਕੇਂਦਰ ਬਣੀਆਂ। ਪਟਕੇ ਦੀ ਕੁਸ਼ਤੀ ਮੁਕਾਬਲਿਆਂ 'ਚ ਪਹਿਲਵਾਨ ਜੱਸਾ ਪੱਟੀ ਜੇਤੂ ਅਤੇ ਤੇਜਵੀਰ ਰੋਹਤਕ ਉਪ ਜੇਤੂ ਰਿਹਾ, 2 ਨੰਬਰ ਦੀ ਕੁਸਤੀ ਚ ਵਿਕਾਸ ਅਤੇ ਗਨੀ ਹੁਸ਼ਿਆਰ-ਪੁਰ ਬਰਾਬਰ ਰਹੇ। ਪਹਿਲਵਾਨਾਂ ਨੂੰ ਗੁਰਜ ਅਤੇ ਨਗਦ ਇਨਾਮ ਦੇ ਕੇ ਸਨਮਾਨਿਤ ਕੀਤਾ।

ਪਿੰਡ ਵਿੱਚ ਨੌਜਵਾਨਾਂ ਲਈ ਮੇਹਨਤ ਕਰਨ ਦੇ ਵਾਸਤੇ ਅਖਾੜਾ ਬਣਾਉਣ ਲਈ ਸਤੀਸ਼ ਪ੍ਰਭਾਕਰ ਫਗਵਾੜਾ ਨੇ ਇੱਕ ਲੱਖ ਰੁਪਿਆ ਦੇਣ ਦਾ ਐਲਾਨ ਕੀਤਾ। ਪ੍ਰਬੰਧਕਾਂ ਵਲੋਂ ਆਏ ਮਹਿਮਾਨਾਂ, ਸਹਿਯੋਗੀਆਂ ਅਤੇ ਇਲਾਕੇ ਭਰ ਦੀਆਂ ਸਖਸ਼ੀਅਤਾਂ ਨੂੰ ਸਨਮਾਨ ਚਿਨ ਦੇ ਕੇ ਸਨਮਾਨਿਤ ਕੀਤਾ ਗਿਆ। ਪੰਜਾਬ ਬੁਲਜ਼ ਜਿਮ ਦੇ ਐਮ ਡੀ ਹਰਮੇਸ਼ ਪਹਿਲਵਾਨ ਨੇ ਆਏ ਮਹਿਮਾਨਾਂ ਅਤੇ ਖੇਡ ਪ੍ਰੇਮੀਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਛਿੰਝ ਮੇਲੇ ਨੂੰ ਸਫਲ ਕਰਨ ਲਈ ਸੁਖਵਿੰਦਰ ਕੁਮਾਰ, ਸ਼ਿਵਮ ਸ਼ਰਮਾ, ਸਰਪੰਚ ਰਾਮ ਸਰੂਪ ਚੰਬਾ, ਅਸ਼ੋਕ ਸੰਧੂ, ਨਿਰਮਲ ਸਿੰਘ ਆਸੀ, ਕੁਲਵੀਰ ਸਿੰਘ ਪੰਚ, ਪ੍ਰਿੰਸੀਪਲ ਸੁਰਿੰਦਰ ਪਾਲ, ਅਮ੍ਰਿਤਾ ਭਾਰਗਵ ਪੰਚ, ਰੇਸ਼ਮ ਕੌਰ ਪੰਚ ਤੋਂ ਇਲਾਵਾ ਇਲਾਕੇ ਭਰ ਦੇ ਜਿਮੇਵਾਰ ਅਤੇ ਖੇਡ ਪ੍ਰੇਮੀਆਂ ਨੇ ਚਿੰਝ ਮੇਲੇ ਦਾ ਲੁਤਫ ਲਿਆ।




# ਸੰਤ (ਮਦਰ) ਟਰੇਸਾ ਨੂੰ ਕੋਟਿਨ-ਕੋਟਿ ਪ੍ਰਣਾਮ

ਇਸਾਈ ਧਰਮ ਵਿਚ ਸੰਤ ਦੀ ਉਪਾਧੀ ਕੁਝ ਖਾਸ ਵਿਲੱਖਣ ਸ਼ਖਸੀਅਤਾਂ ਨੂੰ ਦਿੱਤੀ ਜਾਂਦੀ ਹੈ। ਉਹ ਸ਼ਖਸੀਅਤਾਂ ਜਿਹੜੀਆਂ ਇਨਸਾਨੀ ਦਰਦ ਨੂੰ ਸਮਝਦੀਆਂ, ਦਇਆ ਦੀ ਮੂਰਤੀ ਅਤੇ ਇਨਸਾਨੀਅਤ ਦੇ ਲੇਖੇ ਆਪਣਾ ਜੀਵਨ ਲਗਾਉਂਦੀਆਂ ਹਨ, ਇਨਸਾਨੀ ਕਸ਼ਟਾਂ ਦਾ ਨਿਵਾਰਣ ਕਰਨ ਲਈ ਆਪਣਾ ਸਭ ਕੁਝ ਨਿਛਾਵਰ ਕਰ ਦਿੰਦੀਆਂ ਹਨ, ਉਹਨਾਂ ਨੂੰ ਇਸਾਈ ਧਰਮ ਦੀ ਸਿਰਮੌਰ ਸੰਸਥਾ ਵੈਟੀਕਨ ਸਿਟੀ ਵੱਲੋਂ ਸੰਤ ਦੀ ਉਪਾਧੀ ਦਿੱਤੀ ਜਾਂਦੀ ਹੈ। ਸੰਤ ਸ਼ਬਦ ਨੂੰ ਕਈ ਰੂਪਾਂ ਵਿਚ ਪਰਿਭਾਸ਼ਿਤ ਕੀਤਾ ਜਾਂਦਾ ਹੈ। ਸਿੱਖ ਧਰਮ ਵਿਚ ਭਗਤ/ਸੰਤ ਦਾ ਰੁਤਬਾ ਬਹੁਤ ਵੱਡਾ ਹੈ। ਗੁਰਬਾਣੀ ਵਿਚ ਵਾਰ-ਵਾਰ ਭਗਤ/ਸੰਤ ਦਾ ਜ਼ਿਕਰ ਆਉਂਦਾ ਹੈ ਅਤੇ ਸੰਤ ਦੀ ਸੰਪੂਰਨ ਵਿਆਖਿਆ ਵੀ ਗੁਰਬਾਣੀ ਵਿਚ ਮਿਲਦੀ ਹੈ। ਮੁਸਲਿਮ ਧਰਮ ਵਿਚ ਅਜਿਹੀਆਂ ਸ਼ਖਸੀਅਤਾਂ ਦੇ ਲਈ ਕਈ ਸ਼ਬਦ ਵਰਤੇ ਜਾਂਦੇ ਹਨ ਅਤੇ ਉਹਨਾਂ ਦੇ ਧਰਮ ਵਿਚ ਸਯਦ, ਖੁਆਜਾ, ਪੀਰ ਆਦਿ ਸ਼ਬਦ ਅਜਿਹੀਆਂ ਸ਼ਖਸੀਅਤਾਂ ਲਈ ਵਰਤੇ ਜਾਂਦੇ ਹਨ। ਇਸਾਈ ਧਰਮ ਵਿਚ ਸੰਤ ਦਾ ਮਤਲਬ ਹੈ ਇਨਸਾਨੀਅਤ ਦਾ ਸੇਵਾਦਾਰ। ਇਸਾਈ ਧਰਮ ਮੁਤਾਬਕ ਮਦਰ ਟਰੇਸਾ ਨੇ ਆਪਣੇ ਜੀਵਨ ਵਿਚ ਜੋ ਘਾਲਣਾ ਘਾਲੀ, ਸਮਾਜ ਦੇ ਉਹਨਾਂ ਲੋਕਾਂ ਦਾ ਸਹਾਰਾ ਬਣੀ, ਜਿਹਨਾਂ ਦਾ ਸਮਾਜ ਸਹਾਰਾ ਬਣਨ ਤੋਂ ਕਿਨਾਰਾ ਕਰ ਰਿਹਾ ਸੀ, ਆਪਣਾ ਸਾਰਾ ਜੀਵਨ ਬਹੁਤ ਹੀ ਜ਼ਿਆਦਾ ਸਾਦਗੀ ਵਿਚ ਬਤੀਤ ਕਰਦਿਆਂ, ਦੀਨ-ਦੁਖੀਆਂ, ਲੋੜਵੰਦਾਂ ਦੀ ਮਦਦ ਕੀਤੀ, ਉਹਨਾਂ ਨੂੰ ਸੰਭਾਲਿਆ, ਅਜਿਹੀ ਸ਼ਖਸੀਅਤ ਇਸਾਈ ਧਰਮ ਮੁਤਾਬਕ ਸਿਰਮੌਰ ਸੇਵਾਦਾਰ ਹੈ।



ਅਲਬਾਨੀਆ ਤੋਂ ਭਾਰਤ ਆ ਕੇ ਵਸੀ ਸੰਤ (ਮਦਰ) ਟਰੇਸਾ ਨੇ ਕਲਕੱਤਾ ਨੂੰ ਆਪਣੀ ਕਰਮ ਭੂਮੀ ਬਣਾਇਆ। ਇੱਥੇ ਉਹਨਾਂ ਨੇ ਲੋੜਵੰਦਾਂ, ਦੀਨ ਦੁਖੀਆਂ ਲਈ ਆਸ਼ਰਮ ਖੋਲ੍ਹੇ, ਇਕ ਸੰਸਥਾ ਬਣਾ ਕੇ ਆਪਣੇ ਮਨੁੱਖਤਾ ਦੀ ਸੇਵਾ ਦੇ ਮਿਸ਼ਨ ਨੂੰ ਦੁਨੀਆਂ ਦੇ ਬਹੁਤ ਸਾਰੇ ਮੁਲਕਾਂ ਤੱਕ ਪਹੁੰਚਾਇਆ। ਭਾਰਤ ਵਿਚ ਉਹਨਾਂ ਦੀਆਂ ਮਨੁੱਖਤਾ ਪ੍ਰਤੀ ਲਾਮਿਸਾਲ ਸੇਵਾਵਾਂ ਦੇ ਮੱਦੇਨਜ਼ਰ ਉਹਨਾਂ ਨੂੰ ਭਾਰਤ ਦਾ ਸਭ ਤੋਂ ਵੱਡਾ ਸਨਮਾਨ 'ਭਾਰਤ ਰਤਨ' ਨਾਲ ਸਨਮਾਨਿਤ ਕੀਤਾ। ਦੁਨੀਆਂ ਦੇ ਕਈ ਮੁਲਕਾਂ ਨੇ ਉਹਨਾਂ ਨੂੰ ਆਪਣੇ ਸਥਾਪਤ ਸਨਮਾਨ ਦਿੱਤੇ। ਭਾਰਤ ਵਿਚ ਉਹਨਾਂ ਦੇ ਨਾਂ ਨਾਲ ਮਦਰ ਟਰੇਸਾ ਜੁੜਿਆ ਅਤੇ ਪੂਰੀ ਦੁਨੀਆਂ ਵਿਚ ਉਹ ਮਦਰ ਟਰੇਸਾ ਵਜੋਂ ਚਰਚਿਤ ਰਹੇ। ਉਹਨਾਂ ਦੀ ਨਿਸ਼ਕਾਮ ਸੇਵਾ ਨੂੰ ਦੇਖਦਿਆਂ ਬਹੁਤ ਸਾਰੇ ਦਾਨੀ ਪੁਰਸ਼ ਉਹਨਾਂ ਦੇ ਮਿਸ਼ਨ ਨਾਲ ਜੁੜੇ, ਬਹੁਤ ਸਾਰੇ ਲੋਕਾਂ ਨੇ ਉਹਨਾਂ ਦੇ ਮਿਸ਼ਨ ਲਈ ਆਪਣਾ ਜੀਵਨ ਲੇਖੇ ਲਗਾ ਦਿੱਤਾ। ਇੰਨੀ ਮਹਾਨ, ਦਿਆ ਦੀ ਮੂਰਤ ਅਤੇ ਮਨੁੱਖਤਾ ਲਈ ਆਪਣਾ ਜੀਵਨ ਕੁਰਬਾਨ ਕਰਨ ਵਾਲੀ ਸ਼ਖਸੀਅਤ ਨੂੰ ਉਹਨਾਂ ਦੇ ਦੇਹਾਂਤ ਦੇ ਕਈ ਸਾਲਾਂ ਬਾਅਦ ਸੰਤ ਦੀ ਉਪਾਧੀ ਦਿੱਤੀ ਗਈ ਹੈ, ਜੋ ਸਿਰਫ ਭਾਰਤ ਲਈ ਹੀ ਮਾਣ ਦੀ ਗੱਲ ਨਹੀਂ, ਬਲਕਿ ਪੂਰੀ ਦੁਨੀਆਂ ਦੇ ਲਈ ਇਕ ਪ੍ਰੇਰਨਾ ਦੀ ਗੱਲ ਹੈ। ਕਿਹਾ ਜਾਂਦਾ ਹੈ ਕਿ ਰੱਬ ਕਿਤੇ ਬਾਹਰ ਨਹੀਂ ਮਨੁੱਖ ਵਿਚ ਵੱਸਦਾ ਹੈ ਪਰ ਇਸ ਦੀ ਪਛਾਣ ਕਿਸੇ-ਕਿਸੇ ਨੂੰ ਹੁੰਦੀ ਹੈ।ਸੰਤ (ਮਦਰ) ਟਰੇਸਾ ਵਰਗੀ ਸ਼ਖਸੀਅਤ ਨੇ ਉਸ ਰੱਬ ਨੂੰ ਆਪਣੇ ਅੰਦਰੋਂ ਪਛਾਣ ਲਿਆ ਸੀ। ਅਦਾਰਾ "ਦੇਸ਼ ਦੁਆਬਾ" ਸੰਤ (ਮਦਰ) ਟਰੇਸਾ ਅਤੇ ਉਹਨਾਂ ਦੀ ਘਾਲਣਾ ਨੂੰ ਕੋਟਿਨ-ਕੋਟਿ ਪ੍ਰਣਾਮ ਕਰਦਾ ਹੈ।

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮਵਾਰ ਹੋਣਗੇ। -ਸੰਪਾਦਕ



## ਪੁਣਛਾਣ

### ਸਿਆਸਤ ਦੀ ਪੁਣਛਾਣ

# ਪੰਜਾਬ ਦੇ ਸਿਆਸੀ ਅੰਬਰ ਤੇ ਲੱਗਦਾ, ਨਿੱਤ ਹੀ ਕੋਈ ਨਵਾਂ ਚੰਨ ਚੜ੍ਹੇਗਾ



ਪੰਮੀ ਲਾਲੋ ਮਜਾਰਾ
91-95011-43755

1984 ਵਿਚ ਜਿਵੇਂ ਪੰਜਾਬ ਦੇ ਹਾਲਾਤ ਖਤਰਨਾਕ ਪ੍ਰਸਥਿਤੀਆਂ ਵਿਚ ਪ੍ਰਵੇਸ਼ ਕਰ ਗਏ ਸਨ, ਬਿਲਕੁਲ ਅੱਜ ਦੇ ਮੌਜੂਦ ਸਿਆਸੀ ਹਾਲਾਤ ਵੀ ਖਤਰਨਾਕ ਦੌਰ 'ਚ ਪ੍ਰਵੇਸ਼ ਕਰ ਗਏ ਹਨ। ਵੱਡੇ-ਵੱਡੇ ਸਿਆਸੀ ਮਾਹਿਰ ਵੀ ਕਿਆਸ ਅਰਾਈਆਂ ਕਰਨ ਤੋਂ ਅਸਮਰੱਥ ਹਨ। ਸਿਆਸੀ ਸੁਵੈਟਰ ਦੀ ਤੰਦ ਐਨੀ ਉਲਝ ਗਈ ਹੈ ਕਿ ਹੰਢੇ ਵਰਤੇ ਮਾਹਿਰਾਂ ਕੋਲੋਂ ਵੀ ਰਾਜਨੀਤਿਕ ਸਿਆਸੀ ਸੁਲਾਈਆਂ ਨਾਲ ਕੋਈ ਉਲਝਿਆ ਤੰਦ ਸੁਲਝਾਇਆ ਨਹੀਂ ਜਾ ਰਿਹਾ। ਸਾਰੇ ਸਿਆਸਤ ਦੇ ਥੰਮ ਐਨਾ ਡਰੇ ਹੋਏ ਹਨ ਕਿ ਪਤਾ ਨਹੀਂ ਕੀਹਦੀ, ਕਿਸ ਢੰਗ ਦੀ ਸੀ. ਡੀ. ਸਿਆਸੀ ਮਾਰਕੀਟ ਵਿਚ ਆ ਜਾਵੇ। ਚੋਣਾਂ ਤੱਕ ਪਤਾ ਨਹੀਂ ਹਾਲੇ ਕਿਹਦਾ-ਕਿਹਦਾ ਸਿਆਸੀ ਖੂਬਸੂਰਤ ਚਿਹਰਾ ਸਟਿੰਗ ਅਪਰੇਸ਼ਨ ਦੇ ਤੇਜ਼ਾਬ ਨਾਲ ਝੁਲਸਿਆ ਜਾਵੇ, ਕੁਝ ਨਹੀਂ ਕਿਹਾ ਜਾ ਸਕਦਾ। ਭਰੋਸੇਯੋਗ ਸੂਤਰਾਂ ਮੁਤਾਬਕ ਬਹੁਤਿਆਂ ਦੀਆਂ ਸੀ. ਡੀਜ਼ ਬਣ ਗਈਆਂ ਹਨ ਤੇ ਬਹੁਤਿਆਂ ਦੀਆਂ ਹਾਲੇ ਬਣਨੀਆਂ ਬਾਕੀ ਹਨ। ਇਹ ਰੁਝਾਨ ਸਾਰੀਆਂ ਪਾਰਟੀਆਂ 'ਚ ਹੀ ਹੈ। ਪਰ ਆਮ ਆਦਮੀ ਪਾਰਟੀ 'ਚ ਇਹ ਰੁਝਾਨ ਕੁਝ ਜ਼ਿਆਦਾ ਹੀ ਨਜ਼ਰ ਆਵੇਗਾ। ਇਹਨੂੰ ਬਦਕਿਸਮਤੀ ਕਹਿ ਲਓ ਤੇ ਜਾਂ ਵਕਤ ਦਾ ਗੇੜ, ਜਿਸ ਸੋਸ਼ਲ ਮੀਡੀਏ ਨੇ ਆਪ ਨੂੰ ਅੰਬਰਾਂ ਤੱਕ ਪਹੁੰਚਾਇਆ, ਅੱਜ ਉਹੀ ਸੋਸ਼ਲ ਮੀਡੀਆ, ਆਪ ਨੂੰ ਫਰਸ਼ ਤੇ ਲਿਆਉਣ ਲਈ ਲੱਗਾ ਹੋਇਆ ਹੈ। ਚੋਣਾਂ ਵਿਚ ਮੀਡੀਆ ਦੀ ਬਹੁਤ ਵੱਡੀ ਭੂਮਿਕਾ ਨਜ਼ਰ ਆਵੇਗੀ। ਬੇਸ਼ੱਕ ਉਹ ਭੂਮਿਕਾ ਨਕਾਰਾਤਮਕ ਹੀ ਕਿਉਂ ਨਾ ਹੋਵੇ। ਮੀਡੀਆ ਹੀ ਤਹਿ ਕਰੇਗਾ ਕਿ ਪੰਜਾਬ ਦੇ ਸਿਆਸੀ ਅੰਬਰ ਤੇ ਕਿਹਨੂੰ ਪਹੁੰਚਾਉਣਾ ਹੈ। ਅਖਬਾਰ ਵਿਕਣ ਲਈ ਤਿਆਰ ਬੈਠੇ ਹਨ ਤੇ ਹਰ ਚੈਨਲ ਦੇ ਮੂੰਹ 'ਚੋਂ ਲਾਲ਼ਾਂ ਹੁਣ ਤੋਂ ਹੀ ਜਾਣ ਲੱਗ ਪਈਆਂ ਹਨ, ਕਿ ਵੱਸ ਸਾਡੇ ਨਾਲ ਗੱਲ ਕਰੋ। ਤਿਜੋਰੀਆਂ ਦੇ ਮੂੰਹ ਖੁੱਲ੍ਹਣ ਨੂੰ ਤਿਆਰ ਹਨ। ਕਈ ਜਿੱਤਣ ਲਈ ਨਹੀਂ, ਖੁਦ ਹੀ ਹਾਰਨ ਲਈ ਖੜ੍ਹਨਗੇ। ਚੋਣ ਕਮਿਸ਼ਨ ਦੀ ਕੋਈ ਪਰਵਾਹ ਨਹੀਂ ਕਰੇਗਾ। ਕੋਈ ਲੋਕਤੰਤਰ ਦੀ ਪਰਵਾਹ ਨਹੀਂ ਕਰੇਗਾ। ਸਰਕਾਰ ਦੇ ਅਫਸਰ ਅੰਦਰੋ-ਅੰਦਰੀ ਹਰ ਤਰ੍ਹਾਂ ਦੀ ਸਰਕਾਰ ਦੀ ਮਦਦ ਕਰਨਗੇ। ਜੇ ਕਿਸੇ ਦੀ ਸ਼ਿਕਾਇਤ ਹੋਵੇਗੀ ਤਾਂ ਵੱਧ ਤੋਂ ਵੱਧ ਤਬਾਦਲਾ ਹੀ ਹੋ ਜੂ। ਜਿਵੇਂ-ਜਿਵੇਂ ਚੋਣਾਂ ਨੇੜੇ ਆਉਣਗੀਆਂ, ਸਿਆਸੀ ਰਾਮ ਰੌਲਾ ਵਧੇਗਾ। ਲੜਾਈਆਂ ਝਗੜੇ ਹੋਣਗੇ। ਕਿਸੇ ਦੀ ਜ਼ੁਰਅਤ ਨੂੰ ਕਤਲ ਕੀਤਾ ਜਾਵੇਗਾ। ਕਿਸੇ ਦੀ ਸੱਚਾਈ ਨੂੰ ਦਬਾਇਆ ਜਾਵੇਗਾ। ਕਿਸੇ ਨੂੰ ਬੈਠਣ ਲਈ ਧਮਕਾਇਆ ਜਾਵੇਗਾ ਤੇ ਕਿਸੇ ਨੂੰ ਮੱਲੋਜ਼ੋਰੀ ਚੋਣਾਂ 'ਚ ਖੜ੍ਹਨ ਲਈ ਡਰਾਇਆ ਜਾਵੇਗਾ। ਰੈਲੀਆਂ ਵਿਚ ਭੀੜ ਸ਼ਾਇਦ ਜ਼ਿਆਦਾ ਨਾ ਜਾਵੇ, ਕਿਉਂਕਿ ਲੋਕਾਂ ਵਿਚ ਸਹਿਮ ਦੀ ਭਾਵਨਾ ਪਾਈ ਜਾ ਰਹੀ ਹੈ ਕਿ ਕੀ ਪਤਾ ਕਿਹੜੀ ਧਿਰ ਕਿਸੇ 'ਤੇ ਹਮਲਾ ਕਰ ਦੇਵੇ। ਹਰ ਪਾਰਟੀ ਲੋਕਾਂ ਦੀਆਂ ਲਾਸ਼ਾਂ ਤੋਂ ਲੰਘ ਕੇ ਵੀ ਇਸ ਵਾਰ ਚੋਣਾਂ ਜਿੱਤਣ ਲਈ ਉਤਾਵਲੀ ਹੈ। ਲੋਕਤੰਤਰ ਦੀ ਚਾਦਰ ਬੇਸ਼ੱਕ ਨਿਰਦੋਸ਼ਾਂ ਦੇ ਖੂਨ ਨਾਲ ਕਿੰਨੀ ਵੀ ਲਹੂ ਲੁਹਾਣ ਕਿਉਂ ਨਾ ਹੋ ਜਾਵੇ। ਹਰ ਪਾਰਟੀ ਇਹ ਸਭ ਕੁਝ ਕਰਨ ਨੂੰ ਤਿਆਰ ਬੈਠੀ ਹੈ। ਕਿਸੇ ਵੀ ਪਾਰਟੀ ਨੂੰ ਲੋਕਤੰਤਰ ਨਾਲ ਕੋਈ ਸਰੋਕਾਰ ਨਹੀਂ। ਕਿਉਂਕਿ ਜਿੰਨੇ ਮਰਜ਼ੀ ਪ੍ਰਗਟ, ਸੁੱਚੇ, ਸਿੱਧੂ ਤੇ ਜਗਮੀਤ ਬਰਾੜ ਪਾਰਟੀ ਛੱਡ ਜਾਣ। ਚੋਣ ਨਤੀਜਿਆਂ ਤੱਕ ਹੈਰਾਨੀਜਨਕ ਘਟਨਾਵਾਂ ਵੇਖਣ ਨੂੰ ਮਿਲਣਗੀਆਂ। ਕੀਹਨੇ ਸੋਚਿਆ ਸੀ ਕਿ ਸੁੱਚਾ ਸਿੰਘ ਛੋਟੇਪੁਰ, ਜਗਮੀਤ ਬਰਾੜ ਤੇ ਨਵਜੋਤ ਸਿੱਧੂ ਹਾਸ਼ੀਏ ਤੇ ਚਲੇ ਜਾਣਗੇ। ਸਿਆਸਤ ਵਿਚ ਸਭ ਕੁਝ ਮਿੱਥ ਕੇ ਨਹੀਂ ਹੁੰਦਾ, ਕੁਝ ਅਣ-ਕਿਆਸਾ ਵੀ ਵਾਪਰ ਜਾਂਦਾ ਹੈ। ਵੇਖੋ ਤੇ ਉਡੀਕ ਕਰੋ। ਸਿਆਸਤ ਵਿਚ ਕੋਈ ਮੱਸਿਆ ਨਹੀਂ ਹੁੰਦੀ। ਹੈਰਾਨ ਨਾ ਹੋਵੋ, ਪੰਜਾਬ ਦੇ ਸਿਆਸੀ ਅੰਬਰ ਤੇ ਦਿਨ-ਬ-ਦਿਨ ਤੁਹਾਨੂੰ ਨਿੱਤ ਨਵਾਂ ਚੰਨ ਚੜ੍ਹਿਆ ਵੇਖਣ ਨੂੰ ਮਿਲੇਗਾ।

**ਹੰਸ ਰਾਜ ਹੰਸ- ਇਕ ਪੋਸਟ ਮਾਰਟਮ**

ਹੰਸ ਰਾਜ ਹੰਸ ਦਾ ਗਾਇਕੀ ਦੇ ਖੇਤਰ ਵਿਚ ਸੁਰਾਂ ਦੇ ਸਿਕੰਦਰ ਸਰਦੂਲ ਸਿਕੰਦਰ ਨਾਲ ਸੱਤ ਇਕਵੰਜਾ ਰਹੀ। ਅਕਾਲੀ ਦਲ 'ਚ ਪਾਵਨ ਟੀਨੂ ਨਾਲ ਉਹਦਾ 36 ਦਾ ਅੰਕੜਾ ਰਿਹੈ। ਹੁਣ ਕਾਂਗਰਸ ਵਿਚ ਸਮਸ਼ੇਰ ਸਿੰਘ ਦੂਲੋਂ ਨਾਲ ਟਕਰਾਅ ਮੁੱਲ ਲੈ ਲਿਆ। ਸੰਗੀਤ ਦੇ ਖੇਤਰ ਵਿਚ ਜਿਸ ਸਖਸ਼ ਨੇ ਹੰਸ ਨੂੰ ਗਾਇਕੀ ਦਾ ਹੰਸ ਬਣਾਇਆ, ਕਿਸੇ ਵਕਤ ਉਹਨੂੰ ਵੀ ਹੰਸ ਨੇ ਵਿਸਾਰ ਦਿੱਤਾ ਸੀ, ਮਤਲਬ ਸੰਗੀਤ ਸਮਰਾਟ ਸ੍ਰੀ ਚਰਨ-ਜੀਤ ਆਹੂਜਾ ਸਾਹਿਬ ਨੂੰ। ਹੰਸ ਦੀਆਂ ਆਪਣੀਆਂ ਪ੍ਰਾਪਤੀਆਂ ਬਹੁਤ ਪਰ ਜੇ ਤੁਸੀਂ ਉਹਦੀ ਯੋਗਤਾ ਪੁੱਛੋਗੇ ਤਾਂ ਉਹ ਦੰਦਾਂ ਹੇਠ ਜੀਭ ਚਬਾ ਲਵੇਗਾ। ਯੋਗਤਾ ਤੋਂ ਬਿਨਾਂ ਕਾਹਦੀਆਂ ਪ੍ਰਾਪਤੀਆਂ। ਜਦੋਂ ਪਹਿਲੀ ਵਾਰ ਹੰਸ ਨੂੰ ਕਿਸੇ ਨੇ ਸਿਆਸਤ ਵਿਚ ਜਾਣ ਬਾਰੇ ਪੁੱਛਿਆ ਸੀ ਤਾਂ ਉਹਦਾ ਮਿੱਠਾ ਜਿਹਾ ਜਵਾਬ ਸੀ ਕਿ ਬਾਬਿਓ ਜੇ ਮੈਂ ਸਿਆਸਤ ਵਿਚ ਜਾਵਾਂਗਾ ਤਾਂ ਬਹੁਜਨ ਸਮਾਜ ਪਾਰਟੀ ਜੁਆਇਨ ਕਰਾਂਗਾ। ਪਰ ਉਹਨੇ ਡੇਰਿਆਂ ਤੋਂ ਲੈ ਕੇ ਸਿਆਸਤ ਦੀ ਸਰਦਲ ਤੱਕ ਆਪਣੀ ਭਰੋਸੇਯੋਗਤਾ ਵੀ ਗੁਆ ਲਈ। ਉਹਦਾ ਆਪਣਾ ਕੋਈ ਪ੍ਰਸਨਲ ਵੋਟ ਬੈਂਕ ਨਹੀਂ ਹੈ। ਉਹਦਾ ਆਪਣੇ ਭਾਈਚਾਰੇ ਵਿਚ ਵੀ ਉਹੋ ਜਿਹਾ ਮਾਣ ਸਤਿਕਾਰ ਨਹੀਂ ਹੈ, ਜਿਹੋ ਜਿਹਾ ਹੰਸ ਦਾਅਵਾ ਕਰਦਾ ਹੈ। ਕਾਂਗਰਸ ਵਿਚ ਆ ਕੇ ਉਹ ਰਾਜ ਸਭਾ 'ਚ ਜਾਣ ਲਈ ਤੜਫਦਾ ਹੈ, ਜੇ ਹੰਸ ਸਿਆਸਤ ਦਾ ਓ ਅ ਵੀ ਜਾਣਦਾ ਹੁੰਦਾ ਤਾਂ ਭਾਜੀ ਸੁਖਬੀਰ ਨੇ ਉਹਨੂੰ ਕਦੋਂ ਦਾ ਹੀ ਰਾਜ ਸਭਾ 'ਚ ਭੇਜ ਦੇਣਾ ਸੀ। ਜਿਸ ਸੁਖਬੀਰ ਦੇ ਹੰਸ ਸੋਹਲੇ ਗਾਉਂਦਾ ਰਿਹਾ, ਉਸ ਸੁਖਬੀਰ ਨੇ ਪਿ-ਛਲੀਆਂ ਲੋਕ ਸਭਾ ਚੋਣਾਂ 'ਚ ਉਸਨੂੰ ਰੁੱਸੇ ਨੂੰ ਵੀ ਚੰਗੀ ਤਰ੍ਹਾਂ ਮਨਾਉਣਾ ਗਵਾਰਾ ਨਹੀਂ ਸਮਝਿਆ। ਹੰਸ ਲੱਖ ਆਪਣੇ ਆਪ ਨੂੰ ਮਹਾਂ ਦਲਿਤ ਕਹਾਵੇ, ਪਰ ਹੁਣ ਤੱਕ ਉਹਨੇ ਨਾ ਤਾਂ ਸਤਿਗੁਰੂ ਮਹਾਂਰਿਸ਼ੀ ਬਾਲਮੀਕ ਬਾਰੇ ਕੋਈ ਪ੍ਰਸੰਗ ਰਿਕਾਰਡ ਕੀਤਾ ਹੈ ਤੇ ਨਾ ਹੀ ਜਗਤ ਗੁਰੂ ਸ੍ਰੀ ਰਵਿਦਾਸ ਮਹਾਰਾਜ ਜੀ ਬਾਰੇ।

ਤੁਸੀਂ ਸ਼ਬਦਾਂ ਨਾਲ ਬਹੁਤਾ ਸੋਹਣਾ ਖੇਡ ਸਕਦੇ ਹੋ ਪਰ ਲੋਕਾਂ ਦੇ ਜਜ਼ਬਾਤਾਂ ਨਾਲ ਨਹੀਂ ਖੇਡ ਸਕਦੇ। ਇਹ ਸਿਆਸਤ ਹੈ। ਸਿਆਸਤ ਬਾਰੇ ਪਬਲਿਕ ਬਹੁਤ ਕੁਝ ਜਾਣਦੀ ਹੈ। ਲੋਕ ਸੁਰਾਂ ਦੀ ਸਰਗਮ ਵਿਚ ਤਾਂ ਮੰਤਰ-ਮੁਗਧ ਹੋ ਸਕਦੇ ਹਨ, ਪਰ ਸਿਆਸਤ ਦੀਆਂ ਸੁਰਾਂ ਹਮੇਸ਼ਾ ਹੀ ਸੁਰੀਲਾ ਸੰਗੀਤ ਛੇੜਨ, ਇਹ ਹਾਲੇ ਤੱਕ ਨਾ ਸੰਭਵ ਹੋਇਆ ਹੈ ਨਾ ਹੀ ਰਹਿੰਦੀ ਦੁਨੀਆਂ ਤੱਕ ਸੰਭਵ ਹੋਣਾ। ਹੰਸ ਬੇਸ਼ੱਕ ਇਕ ਵਾਰ ਛੱਡ ਕੇ ਲੱਖ ਵਾਰ ਸਿਆਸਤ ਦੀਆਂ ਸਟੇਜਾਂ ਤੇ ਆਪਣੇ ਸੁਰੀਲੇ ਬੋਲਾਂ ਨਾਲ ਦਿਲ ਦਾ ਗੁਭਾਰ ਕੱਢਦਾ ਫਿਰੇ।

**ਇਸ ਵਾਰ ਅਫਸਰਸ਼ਾਹੀ ਵੀ ਖਾਮੋਸ਼**

ਇਸ ਵਾਰ ਅਫਸਰਸ਼ਾਹੀ ਪੂਰੀ ਤਰ੍ਹਾਂ ਚੁੱਪ ਹੈ। ਕਿਉਂਕਿ 2012 ਦੀਆਂ ਵਿਧਾਨ ਸਭਾ ਚੋਣਾਂ ਤੋਂ ਬਾਅਦ ਲੱਗਭੱਗ ਬਹੁਤੇ ਅਫਸਰ ਕੈਪਟਨ ਅਮਰਿੰਦਰ ਸਿੰਘ ਦੇ ਮੋਤੀ ਮਹਿਲ ਵਿਖੇ ਰਾਤ-ਬ-ਰਾਤੇ ਜਾ ਕੇ ਇਹ ਸਿੱਧ ਕਰਨ ਦੀ ਕੋਸ਼ਿਸ਼ ਵਿਚ ਸਨ ਕਿ ਮੁੱਖ ਮੰਤਰੀ ਕੈਪਟਨ ਹੀ ਬਣੂੰਗਾ। ਪਰ ਹੋ ਗਿਆ ਉਲਟ। ਕੈਪਟਨ ਮੁੱਖ ਮੰਤਰੀ ਤਾਂ ਨਾ ਬਣ ਸਕਿਆ, ਪਰ ਇੰਟੈਲੀਜੈਂਸ ਵਿਭਾਗ ਨੇ ਕੈਪਟਨ ਨੂੰ ਮਿਲਣ ਵਾਲੇ ਅਫਸਰਾਂ ਦੀ ਸੂਚੀ ਜ਼ਰੂਰ ਤਿਆਰ ਕਰਕੇ ਸੁਖਬੀਰ ਬਾਦਲ ਨੂੰ ਦੇ ਦਿੱਤੀ ਸੀ। ਜਦ ਮੁੜ ਕੇ ਫਿਰ ਅਕਾਲੀ ਦਲ ਦੀ ਹੀ ਸਰਕਾਰ ਬਣੀ ਤਾਂ ਸੁਖਬੀਰ ਨੇ ਆਉਂਦੇ ਹੀ ਇਹਨਾਂ ਅਫਸਰਾਂ ਨੂੰ ਲਾਂਭੇ ਨੂੰ ਕਰ ਦਿੱਤਾ ਸੀ। ਇਸ ਕਰਕੇ ਇਸ ਵਾਰ ਸਾਰੇ ਅਫਸਰ ਫੂਕ-ਫੂਕ ਕੇ ਪੈਰ ਰੱਖ ਰਹੇ ਹਨ। ਲੱਖ ਟਕੇ ਦੀ ਗੱਲ ਹੈ ਕਿ ਪੰਜਾਬ ਦਾ ਕੋਈ ਵੀ ਪ੍ਰਸ਼ਾਸਨਿਕ ਅਧਿਕਾਰੀ ਨਾ ਤਾਂ ਕੈਪਟਨ ਨੂੰ ਅੰਦਰਖਾਤੇ ਮਿਲੂਗਾ ਤੇ ਨਾ ਹੀ ਕੇਜਰੀਵਾਲ ਨੂੰ ਤੇ ਸਿੱਧੂ ਨੂੰ। ਕਿਉਂਕਿ ਇਸ ਵਾਰ ਪਤਾ ਨਹੀਂ ਬਾਜ਼ੀ ਕੌਣ ਮਾਰੂਗਾ।

# ਬੇਘਰੇ ਈਸਾਈਆਂ ਨੂੰ ਪਲਾਟ ਦੇਣ ਦੀ ਗੱਲ



ਫਰੈਡੀ ਜੋਜ਼ਫ

ਪਿਛੇ ਜਿਹੇ ਪੰਜਾਬ ਦੇ ਉਪ ਮੁੱਖ ਮੰਤਰੀ ਸ. ਸੁਖਬੀਰ ਸਿੰਘ ਬਾਦਲ ਨੇ ਟਰਿਨਟੀ ਕਾਲਜ ਜਲੰਧਰ ਵਿਖੇ ਅਤੀ ਸਤਿਕਾਰਤ ਬਿਸ਼ਪ ਫਰੈਂਕੋ ਦੀ ਮੰਗ ਤੇ ਇਹ ਐਲਾਨ ਕੀਤਾ ਸੀ ਕਿ ਬੇਘਰੇ ਈਸਾਈਆਂ ਨੂੰ 5-5 ਮਰਲੇ ਦੇ ਪਲਾਟ ਦਿੱਤੇ ਜਾਣ ਜੋ ਕਿ ਦਰਖਾਸਤਾਂ ਮਿਲਣ ਤੋਂ 15 ਦਿਨ ਦੇ ਅੰਦਰ ਅੰਦਰ ਹੀ ਦੇ ਦਿੱਤੇ ਜਾਣਗੇ ਅਤੇ ਈਸਾਈਆਂ ਨੂੰ 200 ਯੂਨਿਟ ਬਿਜਲੀ ਮੁਫਤ ਦਿੱਤੀ ਜਾਵੇਗੀ। ਅਸੀਂ ਪਿਛਲੇ ਲਗਪਗ 12 ਸਾਲ ਤੋਂ ਇਹ ਮੰਗ ਕਰਦੇ ਆ ਰਹੇ ਹਾਂ ਕਾਂਗਰਸ ਸਰਕਾਰ ਨੇ ਬੇਘਰੇ ਈਸਾਈਆਂ ਨੂੰ ਜੋ 5-5 ਮਰਲੇ ਦੇ ਪਲਾਟ ਦੇਣ ਸਬੰਧੀ ਕਾਨੂੰਨ ਬਣਾਇਆ ਸੀ ਉਸਨੂੰ ਲਾਗੂ ਕੀਤਾ ਜਾਵੇ। ਪੰਜਾਬ ਵਿੱਚ 50 ਹਜ਼ਾਰ ਤੋਂ ਵੱਧ ਈਸਾਈ ਬੇਘਰੇ ਹਨ ਤੇ ਕਿਰਾਏ ਦੇ ਨਿੱਕੇ ਨਿੱਕੇ ਮਕਾਨਾਂ ਵਿੱਚ ਬੜੀ ਮੁਸ਼ਕਿਲ ਨਾਲ ਦਿਨ ਕਟੀ ਕਰ ਰਹੇ ਹਨ। ਮਸੀਹੀ ਸੰਸਾਰ ਨੇ ਆਰ.ਟੀ.ਆਈ ਤਹਿਤ ਇਹ ਪ੍ਰਸ਼ਨ ਵੀ ਸਰਕਾਰ ਨੂੰ ਕੀਤਾ ਸੀ ਕਿ ਪਿਛਲੇ 10 ਸਾਲ ਵਿੱਚ ਇਸ ਕਨੂੰਨ ਤਹਿਤ ਕਿੰਨੇ ਈਸਾਈਆਂ ਨੂੰ ਪਲਾਟ ਦਿੱਤੇ ਗਏ ਹਨ। ਸਰਕਾਰ ਦਾ ਉੱਤਰ ਆਇਆ ਕਿ ਪਿਛਲੇ 10 ਸਾਲ ਵਿੱਚ ਇੱਕ ਵੀ ਈਸਾਈ ਨੂੰ ਕੋਈ ਪਾਲਟ ਨਹੀਂ ਦਿੱਤਾ ਗਿਆ। ਜਿੰਨ੍ਹਾਂ ਈਸਾਈਆਂ ਦੀ ਯਾਦਦਾਸ਼ਤ ਕਮਜ਼ੋਰ ਨਹੀਂ ਹੈ, ਉਨ੍ਹਾਂ ਨੂੰ ਇਹ ਚੇਤੇ ਹੋਵੇਗਾ ਅਸੀਂ ਇਹ ਖਬਰ ਮਸੀਹੀ ਸੰਸਾਰ ਵਿੱਚ ਫਲੈਸ਼ ਕਰਦਿਆਂ ਉਹ ਸਰਕਾਰੀ ਪੱਤਰ ਵੀ ਹੂ-ਬ-ਹੂ ਛਾਪ ਦਿੱਤਾ ਸੀ।

ਜਿਸ ਸਮੇਂ ਇਹ ਕਨੂੰਨ ਬਣਿਆ ਸੀ ਉਸ ਸਮੇਂ ਦੇ ਲੋਕਲ ਬਾਡੀ ਮੰਤਰੀ ਚੌਧਰੀ ਜਗਜੀਤ ਸਿੰਘ ਨੇ ਜਲੰਧਰ ਵਿੱਚ ਮੀਟਿੰਗ ਕਰਕੇ ਕਿਹਾ ਸੀ ਕਿ ਅਸੀਂ ਕਨੂੰਨ ਬਣਾ ਦਿੱਤਾ ਹੈ ਕਿ ਹਰ ਬੇਘਰੇ ਈਸਾਈ ਨੂੰ ਪੰਜ ਮਰਲੇ ਦਾ ਪਲਾਟ ਅਤੇ 50 ਹਜ਼ਾਰ ਰੁਪਏ ਗਰਾਂਟ ਦਿੱਤੀ ਜਾਵੇਗੀ, ਤੁਸੀਂ ਇਸ ਕਨੂੰਨ ਦਾ ਲਾਭ ਉਠਾਓ ਪਰ ਛੇਤੀ ਹੀ ਸਰਕਾਰ ਬਦਲ ਗਈ ਅਤੇ ਹੁਣ ਜਦਕਿ ਵਿਧਾਨ ਸਭਾ ਚੋਣਾਂ ਸਿਰ ਤੇ ਹਨ, ਸ. ਸੁਖਬੀਰ ਸਿੰਘ ਬਾਦਲ ਨੇ ਚੋਣਾਂ ਵਿੱਚ ਲਾਭ ਉਠਾਉਣ ਲਈ ਬੇਘਰੇ ਈਸਾਈਆਂ ਨੂੰ 15 ਦਿਨ ਦੇ ਅੰਦਰ ਅੰਦਰ ਪਲਾਟ ਦੇਣ ਦਾ ਐਲਾਨ ਕਰ ਦਿੱਤਾ ਹੈ। ਦੇਰ ਆਏ ਦਰੁਸਤ ਆਏ ਦੀ ਕਹਾਵਤ ਅਨੁਸਾਰ ਅਸੀਂ ਸੁਖਬੀਰ ਸਿੰਘ ਬਾਦਲ ਦੇ ਧੰਨਵਾਦੀ ਹਾਂ ਕਿ ਉਨ੍ਹਾਂ ਨੇ ਇਹ ਸੁਖਾਵਾਂ ਐਲਾਨ ਕੀਤਾ ਹੈ।

ਪਰ ਜੋ ਫਾਰਮ ਤਹਿ ਕੀਤਾ ਗਿਆ ਹੈ ਉਸ ਵਿੱਚ ਅਜੇਹੀਆਂ ਸ਼ਰਤਾਂ ਲਾ ਦਿੱਤੀਆਂ ਗਈਆਂ ਹਨ ਜੋ ਸੌਖੀਆਂ ਨਹੀਂ, ਬਲਕਿ ਬਹੁਤ ਔਖੀਆਂ ਹਨ। ਸਾਰੇ ਈਸਾਈ ਜਾਣਦੇ ਹਨ ਕਿ ਸਰਕਾਰ ਕੋਲੋਂ ਬੈਕਵਰਡ ਕਲਾਸ ਦਾ ਸਰਟੀਫਿਕੇਟ ਲੈਣਾ ਕਿੰਨਾ ਔਖਾ ਹੈ। ਇਹ ਸ਼ਰਤ ਹਟਾਈ ਜਾਣੀ ਚਾਹੀਦੀ ਹੈ। ਫਿਰ ਪਲਾਟ ਦੇਣਾ ਪੰਚਾਇਤਾਂ ਦੇ ਰਹਿਮੋ ਕਰਮ ਤੇ ਛੱਡ ਦਿੱਤਾ ਗਿਆ ਹੈ। ਸ਼ੁਰੂ ਤੋਂ ਇਹ ਸਮਸਿਆ ਚਲੀ ਆ ਰਹੀ ਹੈ ਕਿ 90 ਫੀਸਦੀ ਤੋਂ ਉਪਰ ਪੰਚਾਇਤਾਂ ਇਹ ਮਤਾ ਪਾਸ ਕਰਨ ਲਈ ਤਿਆਰ ਨਹੀਂ। ਸਾਡਾ ਸਨਿਮਰ ਸੁਝਾਅ ਹੈ ਕਿ ਜੇਕਰ ਅਕਾਲੀ ਸਰਕਾਰ ਸਚਮੁੱਚ ਹੀ ਈਸਾਈਆਂ ਦੀ ਇਸ ਮੰਗ ਪ੍ਰਤੀ ਸੁਹਿਰਦ ਹੈ ਤਾਂ ਉਹ ਉਸ ਤਰ੍ਹਾਂ ਦਾ ਆਰਡਰ ਜਾਰੀ ਕਰੇ ਜਿਸ ਤਰ੍ਹਾਂ ਦਾ ਸਵਰਗੀ ਸ੍ਰੀਮਤੀ ਇੰਦਰਾ ਗਾਂਧੀ ਨੇ ਐਮਰਜੰਸੀ ਦੌਰਾਨ ਕੀਤਾ ਸੀ। ਉਸ ਸਮੇਂ ਦਿਨਾਂ ਵਿੱਚ ਹੀ ਦੇਸ਼ ਭਰ ਵਿੱਚ ਕਰੋੜਾਂ ਬੇਘਰੇ ਲੋਕਾਂ ਨੂੰ ਪਲਾਟ ਮਿਲ ਗਏ ਸਨ। ਅਸੀਂ ਜਥੇਦਾਰ ਸੁਖਬੀਰ ਸਿੰਘ ਦੇ ਧਿਆਨ ਵਿੱਚ ਇਹ ਗੱਲ ਲਿਆਉਣਾ ਚਾਹੁੰਦੇ ਹਾਂ ਕਿ ਬੇਘਰੇ ਈਸਾਈਆਂ ਦਾ ਵੀ ਇਸ ਦੇਸ਼ ਦੀ ਧਰਤੀ ਉੱਤੇ ਉਨਾ ਹੀ ਹੱਕ ਹੈ ਜਿੰਨਾ ਬਾਦਲ ਸਾਹਿਬ ਦਾ। ਪਲਾਟ ਲੋਕਾਂ ਦਾ ਹੱਕ ਹੈ, ਇਹ ਭੀਖ ਨਹੀਂ ਹੈ।

200 ਯੂਨਿਟ ਬਿਜਲੀ ਮਾਫ ਕਰਨ ਦੀ ਮੰਗ ਨਾਲ ਅਸੀਂ ਸਹਿਮਤ ਨਹੀਂ ਹਾਂ। ਈਸਾਈਆਂ ਨੂੰ ਸਰਕਾਰੀ ਤੇ ਅਰਧ ਸਰਕਾਰੀ ਨੌਕਰੀਆਂ ਦੇ ਕੇ ਤੇ ਉਨ੍ਹਾਂ ਦੇ ਕਾਰੋਬਾਰ ਚਲਾ ਕੇ ਇਸ ਸਮਰਥ ਬਣਾਓ ਕਿ ਉਹ ਬਿਜਲੀ ਦੇ ਬਿਲਾਂ ਦਾ ਖੁਸ਼ੀ ਨਾਲ

(ਬਾਕੀ ਸਫਾ ਤੇ)


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਗਰੀਬ ਅਤੇ ਦਲਿਤਾਂ ਨੂੰ ਹੀ ਮਿਲਦੀ ਹੈ ਮੌਤ ਦੀ ਸਜ਼ਾ: ਕਾਨੂੰਨ ਕਮਿਸ਼ਨ ਮੁਖੀ

**ਨਵੀਂ ਦਿੱਲੀ–** ਫਾਂਸੀ ਆਮ ਤੌਰ ਤੇ ਗਰੀਬਾਂ ਅਤੇ ਦਲਿਤਾਂ ਨੂੰ ਹੀ ਹੋਣ ਦੀ ਗੱਲ 'ਤੇ ਗੌਰ ਕਰਦੇ ਹੋਏ ਲਾਅ ਕਮਿਸ਼ਨ ਦੇ ਮੁਖੀ ਜਸਟਿਸ ਏ. ਪੀ. ਸ਼ਾਹ ਨੇ ਕਿਹਾ ਕਿ ਦੇਸ਼ ਵਿਚ ਮੌਤ ਦੀ ਸਜ਼ਾ 'ਤੇ ਗੰਭੀਰਤਾ ਨਾਲ ਮੁੜ ਵਿਚਾਰ ਕਰਨ ਦੀ ਜ਼ਰੂਰਤ ਹੈ।

ਦਿੱਲੀ ਹਾਈ ਕੋਰਟ ਦੇ ਸਾਬਕਾ ਜਸਟਿਸ ਮਾਣਯੋਗ ਸ਼ਾਹ ਨੇ ਕਿਹਾ, ਆਮ ਤੌਰ 'ਤੇ ਗਰੀਬ ਅਤੇ ਦਲਿਤ ਹੀ ਮੌਤ ਦੀ ਸਜ਼ਾ ਪ੍ਰਾਪਤ ਕਰਦੇ ਹਨ। ਮੌਤ ਦੀ ਸਜ਼ਾ ਗਰੀਬਾਂ ਨੂੰ ਜ਼ਿਆਦਾ ਮਿਲਦੀ ਹੈ। ਉਹਨਾਂ ਕਿਹਾ



ਕਿ ਵਿਵਸਥਾ ਵਿਚ ਖਾਮੀਆਂ ਹਨ ਅਤੇ ਅਪਰਾਧ ਦੇ ਲਈ ਸਜ਼ਾ ਦੇਣ ਦੇ ਵਿਕਲਪਿਕ ਮਾਡਲ ਦੀ ਲੋੜ ਹੈ ਅਤੇ ਭਾਰਤ ਵਿਚ ਮੌਤ ਦੀ ਸਜ਼ਾ 'ਤੇ ਗੰਭੀਰਤਾ ਨਾਲ ਮੁੜ ਵਿਚਾਰ ਕਰਨ ਦੀ ਵੀ ਜ਼ਰੂਰਤ ਹੈ। ਜਸਟਿਸ ਸ਼ਾਹ ਯੂਨੀਵਰਸਲ ਅਬਾਸ਼ਿਨ ਆਫ ਡੈਥ ਪੈਨਲਟੀ: ਏ ਹਿਊਮਨ ਰਾਈਟਸ ਇੰਪਰੈਟਿਵ ਵਿਸ਼ੇ 'ਤੇ ਸੰਬੋਧਨ ਕਰ ਰਹੇ ਸਨ। ਇਸ ਪ੍ਰੋਗਰਾਮ ਦਾ ਆਯੋਜਨ ਲਾਅ ਕਮਿਸ਼ਨ ਨੇ ਓ. ਪੀ. ਜਿੰਦਲ ਗਲੋਬਲ ਯੂਨੀਵਰਸਿਟੀ ਅਤੇ ਕੌਮੀ ਲਾਅ ਯੂਨੀਵਰਸਿਟੀ ਦੇ ਨਾਲ ਮਿਲ ਕੇ ਕੀਤਾ।

# ਕੈਂਥ ਪੰਜਾਬ ਕਾਂਗਰਸ ਐਨ.ਆਰ.ਆਈ. ਸੈਲ ਦੇ ਕੋਆਰਡੀਨੇਟਰ ਨਿਯੁਕਤ

**ਜਲੰਧਰ–** ਸੀਨੀਅਰ ਕਾਗਰਸੀ ਆਗੂ ਤੇ ਸਾਬਕਾ ਸੰਸਦ ਮੈਂਬਰ ਸ੍ਰੀ ਸਤਨਾਮ ਸਿੰਘ ਕੈਂਥ ਨੂੰ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਐਨ. ਆਰ. ਆਈ. ਸੈਲ



(ਪੰਜਾਬ) ਦਾ ਕੋਆਡੀਨੇਟਰ ਨਿਯੁਕਤ ਕੀਤਾ ਗਿਆ ਹੈ। ਉਹਨਾਂ ਦੀ ਨਿਯੁਕਤੀ ਪੰਜਾਬ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਵੱਲੋਂ ਕੀਤੀ ਗਈ ਹੈ। ਪਾਰਟੀ ਦੇ ਬੁਲਾਰੇ ਨੇ ਕਿਹਾ ਕਿ ਸ੍ਰੀ ਕੈਂਥ ਦਾ ਸਿਆਸੀ ਤਜਰਬਾ ਅਤੇ ਸੂਝ-ਬੂਝ ਪ੍ਰਵਾਸੀ ਭਾਰਤੀਆਂ ਨੂੰ ਪਾਰਟੀ ਨਾਲ ਜੋੜਨ 'ਚ ਅਹਿਮ ਰੋਲ ਨਿਭਾਏਗੀ। ਇਸ ਮੌਕੇ ਸ੍ਰੀ ਕੈਂਥ ਨੇ ਆਪਣੀ ਨਿ-ਯੁਕਤੀ 'ਤੇ ਪਾਰਟੀ ਹਾਈ ਕਮਾਨ ਤੇ ਖਾਸ ਕਰ ਕੈਪਟਨ ਅਮਰਿੰਦਰ ਸਿੰਘ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਜੋ ਜ਼ਿੰਮੇਵਾਰੀ ਉਹਨਾਂ ਨੂੰ ਸੌਂਪੀ ਗਈ ਹੈ, ਉਸ ਨੂੰ ਉਹ ਪੂਰੀ ਤਨਦੇਹੀ ਤੇ ਇਮਾਨਦਾਰੀ ਨਾਲ ਨਿਭਾਉਣਗੇ।

# ਧਨੀ ਪਿੰਡ ਸਕੂਲ ਦੀਆਂ ਲੜਕੀਆਂ ਨੇ ਜ਼ਿਲ੍ਹਾ ਪੱਧਰੀ ਵੇਟ ਲਿਫਟਿੰਗ ਮੁਕਾਬਲਿਆਂ 'ਚ ਮਾਰੀਆਂ ਮੱਲਾਂ

**ਫਗਵਾੜਾ ( ਬੀ.ਕੇ.ਰੱਤੂ )–** ਜ਼ਿਲ੍ਹਾ ਟੂਰਨਾਮੈਂਟ ਕਮੇਟੀ ਵੱਲੋਂ ਜ਼ਿਲ੍ਹਾ ਪੱਧਰੀ ਵੇਟ ਲਿਫਟਿੰਗ ਲੜਕੀਆਂ ਦੇ 17 ਅਤੇ 19 ਸਾਲ ਦੇ ਵਰਗ ਦੇ ਮੁਕਾਬਲੇ ਪ੍ਰਿੰਸੀਪਲ ਹਰਮੇਸ਼ ਲਾਲ ਘੇੜਾ (ਸਟੇਟ ਅਵਾਰਡੀ) ਕਨਵੀਨਰ ਜ਼ਿਲ੍ਹਾ ਟੂਰਨਾਮੈਂਟ ਕਮੇਟੀ, ਦੀ ਅਗਵਾਈ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਧਨੀ ਪਿੰਡ ਵਿੱਚ ਕਰਵਾਏ ਗਏ ।ਇਸ ਦੌਰਾਨ ਡਪਟੀ ਸੀ.ਈ.ਓ. ਰਾਮਪਾਲ ਸੈਣੀ ਅਤੇ ਪ੍ਰਵਾਸੀ ਭਾਰਤੀ ਕੁਲਵਿੰਦਰ ਸਿੰਘ ਚਾਨਾ ਬਤੌਰ ਮੁੱਖ ਮਹਿਮਾਨ ਹਾਜਰ ਹੋਏ ।ਮੁਕਾਬਲਿਆਂ ਦਾ ਉਦਘਾਟਨ ਆਪਣੇ ਸਮੇਂ ਦੇ ਉੱਘੇ ਰਾਸ਼ਟਰੀ ਐਥਲੀਟ ਦਵਿੰਦਰ ਪਾਲ ਸਰਹਾਲੀ ਨੇ ਕੀਤਾ ਉਹਨਾ ਨੇ ਖਿਡਾਰਨਾ ਨੂੰ ਅਸ਼ੀਰਵਾਦ ਦੇ ਕੇ ਟੂਰਨਾਮੈਂਟ ਦੀ ਸ਼ੁਰੂਆਤ ਕੀਤੀ ।ਇਸ ਦੌਰਾਨ ਗੁਰਦੀਪ ਸਿੰਘ ਤੱਖਰ ਜਨਰਲ ਸਕੱਤਰ ਜ਼ਿਲ੍ਹਾ ਟੂਰਨਾਮੈਂਟ ਕਮੇਟੀ ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ ।ਲੜਕੀਆਂ ਦੇ 19 ਸਾਲ ਵਰਗ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਧਨੀ ਪਿੰਡ ਨੇ 18 ਅੰਕ ਹਾਸਲ ਕਰਕੇ ਪਹਿਲਾ, ਐਚ.ਐਮ.ਵੀ. ਕਾਲਜੀਏਟ ਸਕੂਲ ਜਲੰਧਰ ਨੇ 14 ਅੰਕ ਹਾਸਲ ਕਰਕੇ ਦੂਜਾ ਅਤੇ ਡੀ.ਏ.ਵੀ. ਕਾਲਜੀਏਟ ਸਕੂਲ ਬਿਲਗਾ ਨੇ 7 ਅੰਕ ਹਾਸਲ ਕਰਕੇ ਤੀਜਾ ਸਥਾਨ ਪ੍ਰਾਪਤ ਕੀਤਾ। ਇਸ ਤੋਂ ਇਲਾਵਾ ਓਵਰਆਲ ਚੈਂਪੀਅਨ ਦੀ ਟਰਾਫੀ ਵੀ



ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਧਨੀ ਪਿੰਡ ਦੇ ਨਾਮ ਰਹੀ । ਜੇਤੂ ਖਿਡਾਰਨਾ ਨੂੰ ਇਨਾਮਾ ਦੀ ਵੰਡ ਮੁੱਖ ਮਹਿਮਾਨ ਰਾਮਪਾਲ ਸੈਣੀ ਡਿਪਟੀ ਸੀ.ਈ.ਓ ਜਲੰਧਰ ਤੇ ਕੁਲਵਿੰਦਰ ਸਿੰਘ ਚਾਨਾ ਪ੍ਰਵਾਸੀ ਭਾਰਤੀ ਵੱਲੋਂ ਕੀਤੀ ਗਈ ।ਸਮਾਗਮ ਦੇ ਅਖੀਰ ਵਿੱਚ ਪ੍ਰਿੰਸੀਪਲ ਹਰਮੇਸ਼ ਲਾਲ ਘੇੜਾ (ਕਨਵੀਨਰ) ਨੇ ਜੇਤੂ ਖਿਡਾਰੀਆਂ ਨੂੰ ਮੁਬਾਰਕਬਾਦ ਦਿੰਦਿਆਂ ਹੋਇਆ ਕਿਹਾ ਕਿ ਖਿਡਾਰਨਾਂ ਨੂੰ ਸਟੇਟ ਅਤੇ ਨੈਸ਼ਨਲ ਪੱਧਰ ਦੀਆਂ ਪੁਜ਼ੀਸ਼ਨਾਂ ਹਾਸਲ ਕਰਨ ਲਈ ਸਖਤ ਮਿਹਨਤ ਕਰਨੀ ਚਾਹੀਦੀ ਹੈ ਇਸ ਮੌਕੇ ਉਹਨਾ ਨੇ ਆਏ ਹੋਏ ਮਹਿਮਾਨਾ ਦਾ ਧੰਨਵਾਦ ਕੀਤਾ। ਇਸ ਮੌਕੇ ਤੇ ਪ੍ਰਿੰਸੀਪਲ ਪ੍ਰੇਮ ਕੁਮਾਰ ਫਿਲੌਰ, ਪ੍ਰਿੰਸੀਪਲ ਕੰਵਲਜੀਤ ਸਿੰਘ ਬੜਾ ਪਿੰਡ, ਪ੍ਰਿੰਸੀਪਲ ਸੁਨੀਤਾ ਪਾਲ ਦਕੋਹਾ, ਪ੍ਰਿੰਸੀਪਲ ਅਰਚਨਾ ਉਮਰਪੁਰ, ਪ੍ਰਿੰਸੀਪਲ ਗੁਰਬਖਸ਼ ਲਾਲ ਦਾਦੂਵਾਲ, ਪ੍ਰਿੰਸੀਪਲ ਰਾਜ ਰਾਣੀ ਪੰਡੋਰੀ ਨਿੱਝਰਾਂ, ਪ੍ਰਿੰਸੀਪਲ ਮਨਜੀਤ ਕੌਰ ਸਮਰਾਏ, ਪ੍ਰਿੰਸੀਪਲ ਕਿਰਨ ਬਾਲਾ ਢੇਸੀਆਂ ਕਾਹਨਾ, ਅੰਤਰਰਾਸ਼ਟਰੀ ਕੋਚ ਹਰਮੇਸ਼ ਲਾਲ, ਨਰਿੰਦਰ ਕੁਮਾਰ ਡੀ.ਪੀ.ਈ, ਵੇਟ ਲਿਫਟਿੰਗ ਕੋਚ ਸੁਮਨ, ਲੈਕ ਰਿਸ਼ੀ ਕੁਮਾਰ, ਲੈਕ. ਹਰਜੀਤ ਸਿੰਘ, ਲੈਕ. ਵਿਦਿਆ ਸਾਗਰ, ਅਮਰਜੀਤ ਸਿੰਘ,ਰਾਮ ਦਿਆਲ, ਮੀਨਾ ਸਿੱਧੂ, ਬਲਵਿੰਦਰ ਸ਼ੇਪਲਾ, ਬਲਵਿੰਦਰ ਕੁਮਾਰ, ਪਰਮਿੰਦਰ ਕੌਰ, ਅਮਰ ਦੀਪ ਜੱਖੂ, ਮੰਜੂ ਰਾਣੀ, ਜਸਵੀਰ ਕੌਰ, ਰੀਤਾ ਰਾਣੀ, ਜਸਵਿੰਦਰ ਸਾਂਪਲਾ, ਮੁਨੀਸ਼ ਕੁਮਾਰ ਅਤੇ ਰਜਨੀ ਸੂਦ ਤੋਂ ਜ਼ਿਲ੍ਹਾ ਭਰ ਤੋਂ ਵੱਖ-ਵੱਖ ਸਕੂਲਾਂ ਅਤੇ ਕਾਲਜੀਏਟ ਸਕੂਲਾਂ ਦੇ ਖਿਡਾਰੀਆਂ ਨੇ ਸ਼ਿਰਕਤ ਕੀਤੀ ।

# ਕਿੱਤਾ ਮੁਖੀ ਸਿੱਖਿਆ ਸਮੇਂ ਦੀ ਅਹਿਮ ਲੋੜ- ਢੰਡਾ

**ਜਲੰਧਰ–** ਅੱਜ ਦੇ ਸਮੇਂ ਤਕਨੀਕੀ ਸਿੱਖਿਆ ਖਾਸ ਕਰਕੇ ਲੜਕੀਆਂ ਨੂੰ ਬਹੁਤ ਲੋੜ ਹੈ, ਜਿਸ ਨਾਲ ਔਰਤ ਵਰਗ ਸਮੇਂ ਦੀ ਹਾਣੀ ਹੋ ਸਕੇਗੀ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ



ਸ੍ਰੀ ਸੋਹਣ ਲਾਲ ਢੰਡਾ, ਜ਼ਿਨ੍ਹਾ ਪ੍ਰਧਾਨ ਐਸ. ਸੀ. ਵਿੰਗ ਸ਼ਹੀਦ ਭਗਤ ਸਿੰਘ ਨਗਰ ਨੇ ਪਿੰਡ ਚੱਕ ਕਲਾਲ ਵਿਖੇ ਚੱਲੇ ਸਿਲਾਈ ਸੈਂਟਰ ਦੀਆਂ 30 ਵਿਦਿਆਰਥਣਾਂ ਨੂੰ ਸਿਲਾਈ ਮਸ਼ੀਨਾਂ ਤੇ ਸਰਟੀਫਿਕੇਟ ਤਕਸੀਮ ਕਰਦਿਆਂ ਕਹੇ। ਪਿੰਡ ਦੀ ਗੁਰੂ ਰਵਿਦਾਸ ਧਰਮਸ਼ਾਲਾ ਵਿਚ ਖਚਾਖਚ ਭਰੇ ਹਾਲ ਵਿਚ ਸ੍ਰੀ ਢੰਡਾ ਨੇ ਕਿਹਾ ਕਿ ਸਾਡੇ ਗੁਰੂ ਸਾਹਿਬਾਨਾਂ, ਪੀਰਾਂ-ਫਕੀਰਾਂ ਤੇ ਡਾ. ਅੰਬੇਡਕਰ ਸਾਹਿਬ ਨੇ ਔਰਤ ਵਰਗ ਦੇ ਹਿੱਤਾਂ ਤੇ ਹੱਕਾ ਲਈ ਆਵਾਜ਼ ਬੁਲੰਦ ਕੀਤੀ ਸੀ, ਜਿਸ ਦੇ ਆਧਾਰ 'ਤੇ ਪੰਜਾਬ ਸਰਕਾਰ ਔਰਤਾਂ, ਦਲਿਤਾਂ ਲਈ ਵੱਧ ਤੋਂ ਵੱਧ ਸਹੂਲਤਾਂ ਦੇ ਕੇ ਸਮਾਜਿਕ ਬਰਾਬਰਤਾ ਵੱਲ ਵੱਧ ਰਹੀ ਹੈ। ਇਸ ਸਮੇਂ ਉਹਨਾਂ ਪਿੰਡ ਦੇ ਵਿਕਾਸ ਲਈ ਅਧੂਰੇ ਕਾਰਜਾਂ ਤੇ ਪਿੰਡ ਦੇ ਵਿਕਾਸ ਲਈ ਛੇਤੀ ਤੋਂ ਛੇਤੀ ਗਰਾਂਟ ਦੇਣ ਦਾ ਐਲਾ ਕੀਤਾ। ਪਿੰਡ ਦੇ ਸਰਪੰਚ ਸ੍ਰੀ ਸੰਤੋਖ ਜੱਸੀ ਨੇ ਆਏ ਮਹਿਮਾਨਾਂ ਦਾ ਸਿਰੋਪਾਓ ਨਾਲ ਸਨਮਾਨ ਕੀਤਾ। **–ਸੰਤੋਖ ਜੱਸੀ**

# ਸਾਇੰਸ ਸਿਟੀ ਦਾ ਟੂਰ ਲਗਾ ਕੇ ਪਾਰੋਵਾਲ ਦੇ ਵਿਦਿਆਰਥੀ ਹੋਏ ਗਦ-ਗਦ

**ਬਟਾਲਾ (ਬਰਨਾਲ)–** ਸਿੱਖਿਆ ਵਿਭਾਂਗ ਪੰਜਾਬ ਵੱਲੋ ਵਿਦਿਆਰਥੀਆਂ ਵਿਚ ਸਾਂਇੰਸ ਦੇ ਵਿਸ਼ੇ ਦੀ ਰੋਚਕਤਾ ਬਣਾਈ ਰੱਖਣ ਵਾਸਤੇ ਪੰਜਾਬ ਭਰ ਦੇ ਸਰਕਾਰੀ ਸਕੂਲਾਂ



ਦੇ ਵਿਦਿਆਰਥੀਆਂ ਨੂੰ ਮੁਫਤ ਸਾਂਇੰਸ ਸਿਟੀ ਦੇ ਟੂਰ ਦਾ ਪ੍ਰੋਗਰਾਮ ਉਲੀਕਿਆ ਗਿਆ ਹੇ, ਜਿਲਾ ਸਿਖਿਆ ਅਫਸਰ ਸੈਕੰਡਰੀ ਗੁਰਦਾਸਪੁਰ ਸ੍ਰੀ ਅਮਰਦੀਪ ਸਿੰਘ ਸੈਣੀ ਦੇ ਦਿਸ਼ਾ ਨਿਰਦੇਸਾ ਦੀ ਪਾਲਣਾ ਹਿੱਤ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪਾਰੋਵਾਲ ਦੇ ਵਿਦਿਆਰਥੀਆਂ ਨੇ ਬੀਤੇ ਦਿਨੀ ਸਾਂਇੰਸ ਸਿਟੀ ਦਾ ਵਿਦਿਆਕ ਟੂਰ ਲਗਾਇਆ ਤੇ ਸਾਇੰਸ ਵਿਸ਼ੇ ਨਾਲ ਸਬੰਧਿਤ ਜਾਣਕਾਰੀ ਹਾਸਿਲ ਕੀਤੀ। ਸਕੂਲ ਦੇ 60 ਵਿਦਿਆਰਥੀਆਂ ਵੱਲੋ ਪੁਸ਼ਪਾ ਗੁਜਰਾਲ ਸਾਇੰਸ ਸਿਟੀ ਦੀ ਯਾਂਤਰਾ ਦੌਰਾਨ ਨੇ ਆਪਣੀਆ ਕਾਪੀਆਂ ਉਪ ਸਾਂਇੰਸ ਵਿਸੇ ਦੀਆਂ ਸਾਰੀਆਂ ਗੱਲਾਂ ਨੂੰ ਨੋਟ ਕੀਤਾ, ਤੇ ਬਾਦ ਵਿਚ ਆਪਸ ਤੇ ਅਧਿਆਪਕਾ ਨਾਲ ਸਲਾਹਾ ਕਰਕੇ ਹੋਰ ਵੀ ਜਾਣਕਾਰੀ ਪ੍ਰਾਪਤ ਕੀਤੀ। ਇਸ ਮੌਕੇ ਵਿਦਿਆਰਥੀਆ ਦੇ ਨਾਲ ਪ੍ਰਿੰਸੀਪਲ ਸ੍ਰੀ ਦਰਸਨ ਲਾਲ ਤੇ ਗੁਰਮੀਤ ਸਿੰਘ ਪਾਰੋਵਾਲ, ਸੁਖਵਿੰਦਰ ਸਿੰਘ ਹਾਜਰ ਸਨ। ਇਹਨਾ ਵਿਦਿਅਕ ਟੂਰਾ ਦਾ ਵਿਦਿਆਰਥੀ ਵਰਗ ਤੇ ਖਾਸ ਕਰਕੇ ਅਧਿਆਪਕ ਵਰਗ ਨੂੰ ਵੀ ਬਹੁਤ ਫਾਇਦਾ ਹੋ ਰਿਹਾ ਹੈ, ਇਸ ਨਾਲ ਸਾਇੰਸ ਵਿਸ਼ੇ ਵਿਚ ਤਾਜੀਆਂ ਤਕਨੀਕਾ ਤੋ ਜਾਣੂ ਵੀ ਹੋਇਆ ਜਾ ਰਿਹਾ ਹੈ, ਇਹੋ ਜਿਹੇ ਵਿਦਿਅਕ ਟੂਰ ਵਿਦਿਆਰਥੀ ਵਰਗ ਵਾਸਤੇ ਸੋਨੇ ਤੇ ਸੁਹਾਗਾ ਸਾਬਤ ਹੋ ਰਹੇ ਹਨ।

# ਪਿੰਡ ਪਿੰਡ ਲਾਇਬਰੇਰੀ ਖੋਲਣ ਵਿਚ ਪੰਜਾਬ ਫਾਡੀ: ਪਰਕਸ

**ਅੰਮ੍ਰਿਤਸਰ–** ਪੰਜਾਬ ਸਰਕਾਰ ਵਲੋਂ ਵੱਖ ਵੱਖ ਖੇਤਰਾਂ ਵਿਚ ਪੰਜਾਬ ਮੋਹਰੀ ਹੋਣ ਦੇ ਦਾਅਵਿਆਂ ਸਬੰਧੀ ਇਸ਼ਤਿਹਾਰ ਆਏ ਦਿਨ ਅਖ਼ਬਾਰਾਂ ਵਿਚ ਆਉਂਦੇ ਰਹਿੰਦੇ । ਅਕਾਲੀ ਭਾਜਪਾ ਸਰਕਾਰ ਵਲੋਂ ਵਿਕਾਸ ਦੇ ਨਾਂ 'ਤੇ 2017 ਦੀਆਂ ਚੋਣਾਂ ਜਿੱਤਣ ਦੇ ਦਾਅਵੇ ਕੀਤੇ ਜਾ ਰਹੇ ਹਨ,ਪਰ ਪਿੰਡ ਪਿੰਡ ਲਾਇਬਰੇਰੀ ਖੋਲਣ ਵਿਚ ਪੰਜਾਬ ਫ਼ਾਡੀ ਹੈ।ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੋਸਾਇਟੀ ਲਿਮਟਿਡ ਲੁਧਿਆਣਾ/ਅੰਮ੍ਰਿਤਸਰ (ਪਰਕਸ) ਦੇ ਪ੍ਰਧਾਨ ਡਾ ਬਿਕਰਮ ਸਿੰਘ ਘੁੰਮਣ ਤੇ ਪ੍ਰੈਸ



ਸਕੱਤਰ ਡਾ.ਚਰਨਜੀਤ ਸਿੰਘ ਗੁਮਟਾਲਾ ਨੇ ਕਿਹਾ ਕਿ ਇਹ ਦਾਅਵੇ ਖੋਖਲੇ ਹਨ ਕਿਉਂਕਿ ਦੇਸ਼ ਦੇ ਸਾਰੇ ਸੂਬੇ ਪਿੰਡ ਪਿੰਡ ਲਾਇਬਰੇਰੀਆਂ ਖੋਲ ਚੁੱਕੇ ਹਨ ਪਰ ਪੰਜਾਬ ਨੇ ਅਜੇ ਤੀਕ ਪਿੰਡਾਂ ਵਿਚ ਲਾਇਬਰੇਰੀਆਂ ਖੋਲਣ ਲਈ ਪਬਲਿਕ ਲਾਇਬਰੇਰੀ ਬਿਲ ਪਾਸ ਨਹੀਂ ਕੀਤਾ ਤੇ ਨਾ ਹੀ ਅਜਿਹਾ ਬਿੱਲ ਇਸ ਸਮੇਂ ਚਲ ਰਹੇ ਪੰਜਾਬ ਵਿਧਾਨ ਦੇ ਅਜਲਾਸ ਦੇ ਏਜੰਡੇ 'ਤੇ ਹੈ।

# ਆਪਣੇ ਹੀ ਅੰਦਰ ਮਿਲੇਗਾ ਖੁਸ਼ੀਆਂ ਦਾ ਖਜ਼ਾਨਾ

**ਧਾਰਮਿਕ ਸੰਦੇਸ਼**



ਖੁਸ਼ੀਆਂ ਕਿਤੇ ਹੋਰ ਨਹੀਂ, ਸਾਡੇ ਹੀ ਅੰਦਰ ਰਹਿੰਦੀਆਂ ਹਨ। ਜ਼ਰੂਰਤ ਹੈ ਤਾਂ ਬੱਸ ਉਸਨੂੰ ਖੋਜਣ ਦੀ। ਜੇਕਰ ਅਸੀਂ ਆਪਣੇ ਅੰਦਰ ਝਾਕ ਕੇ ਦੇਖੀਏ ਤਾਂ ਖੁਸ਼ੀਆਂ ਜ਼ਰੂਰ ਮਿਲ ਜਾਣਗੀਆਂ। ਬੱਸ ਜ਼ਰੂਰਤ ਹੈ ਤਾਂ ਸਕਾਰਾਤਮਕ ਸੋਚ ਰੱਖਣ ਦੀ। ਹਰ ਸਮੇਂ ਖੁਸ਼ ਰਹਿਣ ਦੇ ਲਈ ਸਭ ਤੋਂ ਜ਼ਿਆਦਾ ਜ਼ਰੂਰੀ ਹੈ ਨਕਾਰਾਤਮਕ ਸੋਚ ਨੂੰ ਦੂਰ ਕਰਕੇ ਸਕਾਰਾਤਮਕ ਵਿਚਾਰਾਂ ਨੂੰ ਆਪਣੇ ਕੋਲ ਰੱਖੀਏ। ਸਕਾਰਾਤਮਕ ਵਿਚਾਰਾਂ ਨਾਲ ਸਾਨੂੰ ਊਰਜਾ ਮਿਲਦੀ ਹੈ। ਇਸ ਨਾਲ ਅਸੀਂ ਆਪਣੀਆਂ ਸਮੱਸਿਆਵਾਂ ਨਾਲ ਨਿਪਟ ਸਕਦੇ ਹਾਂ ਅਤੇ ਜਦੋਂ ਸਮੱਸਿਆਵਾਂ ਨਹੀਂ ਹੋਣਗੀਆਂ ਤਾਂ ਖੁਸ਼ੀਆਂ ਆਉਣਗੀਆਂ। ਇਹ ਖੁਸ਼ੀਆਂ ਹੋਰ ਦੁੱਗਣੀਆਂ ਹੋ ਸਕਦੀਆਂ ਹਨ, ਜੇਕਰ ਗੁਰੂ ਦੇ ਮਾਰਗ ਦਰਸ਼ਨ ਨਾਲ ਪ੍ਰਭੂ ਦੀ ਭਗਤੀ ਕਰਕੇ ਜੀਵਨ ਨੂੰ ਸੰਵਾਰ ਲਿਆ ਜਾਵੇ। ਅਜਿਹਾ ਕਰਨ 'ਤੇ ਨਾ ਕੇਵਲ ਇਸ ਜਹਾਨ ਦੀ ਬਲਕਿ ਦੋ ਜਹਾਨ ਦੀਆਂ ਖੁਸ਼ੀਆਂ ਮਿਲ ਜਾਣਗੀਆਂ।

**ਸ੍ਰੀ ਸ੍ਰੀ 108 ਸਵਾਮੀ ਗੁਰਦੀਪ ਗਿਰੀ ਜੀ**
**ਡੇਰਾ ਸਵਾਮੀ ਜਗਤ ਗਿਰੀ ਆਸ਼ਰਮ**

# 'ਬਸਪਾ ਲਿਆਓ ਪੰਜਾਬ ਬਚਾਓ' ਮਹਾਰੈਲੀ ਰੈਲੀ ਨਾਲ ਹੀ ਬਸਪਾ ਸੂਬੇ ਵਿਚ 2017 ਦੀਆਂ ਵਿਧਾਨਸਭਾ ਚੋਣਾਂ ਦਾ ਬਿਗਲ ਵੀ ਵਜਾਵੇਗੀ

**ਫਗਵਾੜਾ (ਰੱਤੂ)–** ਬਹੁਜਨ ਸਮਾਜ ਪਾਰਟੀ (ਬਸਪਾ) ਵਲੋਂ ਅੱਜ ਐਤਵਾਰ ਨੂੰ ਪਾਰਟੀ ਦਫਤਰ ਵਿਖੇ ਸੂਬਾ ਪੱਧਰੀ ਮੀਟਿੰਗ ਕੀਤੀ ਗਈ। ਇਸ ਦੌਰਾਨ ਬਸਪਾ ਸੂਬਾ ਇੰਚਾਰਜ ਡਾ. ਮੇਘਰਾਜ ਸਿੰਘ ਤੇ ਪ੍ਰਕਾਸ਼ ਭਾਰਤੀ, ਸੂਬਾ ਪ੍ਰਧਾਨ ਸ. ਅਵਤਾਰ ਸਿੰਘ ਕਰੀਮਪੁਰੀ ਨੇ ਸਾਂਝੇ ਤੌਰ 'ਤੇ ਦੱਸਿਆ ਕਿ ਬਸਪਾ ਵਲੋਂ 9 ਅਕਤੂਬਰ ਨੂੰ ਬਸਪਾ ਸੰਸਥਾਪਕ ਸਾਹਿਬ ਕਾਂਸ਼ੀਰਾਮ ਜੀ ਦੇ ਪਰਿਨਿਰਵਾਣ ਦਿਵਸ 'ਤੇ ਇਕ ਵਿਸ਼ਾਲ ਮਹਾਰੈਲੀ ਕੀਤੀ ਜਾ ਰਹੀ ਹੈ। ਇਹ ਰੈਲੀ ਫਗਵਾੜਾ ਵਿਖੇ ਰੱਖੀ ਗਈ ਹੈ। ਇਸ ਰੈਲੀ ਨੂੰ 'ਬਸਪਾ ਲਿਆਓ ਪੰਜਾਬ ਬਚਾਓ' ਦਾ ਨਾਂ ਦਿੱਤਾ ਗਿਆ ਹੈ।

ਬਸਪਾ ਆਗੂਆਂ ਨੇ ਦੱਸਿਆ ਕਿ ਇਹ ਮਹਾਰੈਲੀ ਬਸਪਾ ਵਲੋਂ ਪਹਿਲੀਆਂ ਕੀਤੀਆਂ ਗਈਆਂ ਬੰਗਾ ਤੇ ਨਵਾਂਸ਼ਹਿਰ ਮਹਾਰੈਲੀਆਂ ਵਾਂਗ ਹੀ ਹੋਵੇਗੀ। ਇਸ ਵਿਚ ਬਸਪਾ ਆਪਣੇ ਲੱਖਾਂ ਵਰਕਰਾਂ, ਸਮਰਥਕਾਂ ਤੇ ਆਮ ਲੋਕਾਂ ਦਾ ਇਕੱਠ ਕਰੇਗੀ। ਇਸਦੇ ਨਾਲ ਹੀ ਬਸਪਾ ਸੂਬੇ ਵਿਚ 2017 ਦੀਆਂ ਵਿਧਾਨਸਭਾ ਚੋਣਾਂ ਦਾ ਵਿਗੁਲ ਵੀ ਵਜਾ ਦੇਵੇਗੀ। ਬਸਪਾ ਆਗੂਆਂ ਨੇ ਦੱਸਿਆ ਕਿ ਰੈਲੀ ਨੂੰ ਲੈ ਕੇ ਵੱਡੇ ਪੱਧਰ 'ਤੇ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਗਈਆਂ ਹਨ। ਇਸਦੇ ਤਹਿਤ ਸਾਰੇ 117 ਵਿਧਾਨਸਭਾ ਹਲਕਿਆਂ ਨੂੰ ਰੈਲੀ ਵਿਚ ਲੋਕਾਂ ਨੂੰ ਭਾਰੀ ਗਿਣਤੀ 'ਚ ਲੈ ਕੇ ਪਹੁੰਚਣ ਦੀਆਂ ਜ਼ਿੰਮੇਵਾਰੀਆਂ ਵੀ ਦੇ ਦਿੱਤੀਆਂ ਗਈਆਂ ਹਨ। ਰੈਲੀ ਨੂੰ ਲੈ ਕੇ ਸੂਬਾ ਪੱਧਰ 'ਤੇ ਪ੍ਰਚਾਰ ਕੀਤਾ ਜਾਵੇਗਾ।

ਰੈਲੀ ਰਾਹੀਂ ਬਸਪਾ ਇਹ ਤੈਅ ਕਰ ਦੇਵੇਗੀ ਕਿ ਬਸਪਾ 2017 ਦੀਆਂ ਵਿਧਾਨਸਭਾ ਚੋਣਾਂ ਵਿਚ ਬਹੁਮਤ ਸਾਬਿਤ ਕਰਕੇ ਪੰਜਾਬ ਵਿਚ ਅਗਲੀ ਸਰਕਾਰ ਬਣਾਏਗੀ। ਬਸਪਾ ਦੀ ਮੀਟਿੰਗ ਦੌਰਾਨ ਸੂਬੇ ਭਰ ਵਿਚ ਹਰ ਹਲਕੇ ਦੇ ਸੰਗਠਨ ਦੇ ਕੰਮਕਾਜ ਦੀ ਸਮੀਖਿਆ ਵੀ ਕੀਤੀ ਗਈ। ਬਸਪਾ ਆਗੂਆਂ ਨੇ ਕਿਹਾ ਕਿ ਸੂਬੇ ਦੇ ਸਾਰੇ ਵਿਧਾਨਸਭਾ ਹਲਕਿਆਂ ਵਿਚ ਸੈਕਟਰਾਂ ਦਾ ਕੰਮ ਪੂਰਾ ਹੋ ਚੁੱਕਾ ਹੈ ਤੇ ਹੁਣ ਬਸਪਾ ਅਹੁਦੇਦਾਰਾਂ ਨੂੰ ਬੂਥ ਪੱਧਰ ਤੱਕ ਸੰਗਠਨ ਬਣਾਉਣ ਦੀ ਜ਼ਿੰਮੇਵਾਰੀ ਦਿੱਤੀ ਗਈ ਹੈ। ਇਹ ਕੰਮ ਵੀ ਛੇਤੀਂ ਮੁਕੰਮਲ ਕਰ ਦਿੱਤਾ ਜਾਵੇਗਾ।



ਸੰਗਠਨ ਦੀ ਵਿਸਤਾਰ ਸਹਿਤ ਸਮੀਖਿਆ ਲਈ 13 , 14 ਤੇ 15 ਸਤੰਬਰ ਨੂੰ ਜਲੰਧਰ, ਫਿਰੋਜ਼ਪੁਰ ਤੇ ਪਟਿਆਲਾ ਜੋਨ ਦੀਆਂ ਸਮੀਖਿਆ ਮੀਟਿੰਗਾਂ ਰੱਖੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਬਸਪਾ ਵਿਚ ਦਲਿਤਾਂ ਦੇ ਨਾਲ-ਨਾਲ ਪਛੜੇ ਤੇ ਕਿਸਾਨ ਭਾਈਚਾਰੇ ਨੂੰ ਵੀ ਅਹਿਮ ਜ਼ਿੰਮੇਵਾਰੀਆਂ ਦਿੱਤੀਆਂ ਜਾ ਰਹੀਆਂ ਹਨ। ਅੱਜ ਦੀ ਮੀਟਿੰਗ ਵਿਚ ਐਸਸੀ-ਬੀਸੀ ਅਧਿਆਪਕ ਯੂਨੀਅਨ ਦੇ ਸਾਬਕਾ ਸੂਬਾ ਪ੍ਰਧਾਨ ਗੁਰਮੇਲ ਚੰਦੜ ਨੂੰ ਸੂਬਾ ਸਕੱਤਰ ਤੇ ਪਟਿਆਲਾ ਜ਼ੋਨ ਦਾ ਕੋਆਰਡੀਨੇਟਰ ਲਗਾਇਆ ਗਿਆ। ਇਸੇ ਤਰ੍ਹਾਂ ਹਰਜੀਤ ਸਿੰਘ ਸੈਣੀ ਨੂੰ ਸੂਬਾ ਸਕੱਤਰ ਲਗਾਇਆ ਗਿਆ। ਕਿਸਾਨ ਆਗੂ ਸ਼ਿੰਗਾਰਾ ਸਿੰਘ ਨੂੰ ਸੂਬਾ ਸਕੱਤਰ ਨਿਯੁਕਤ ਕਰਕੇ ਉਨ੍ਹਾਂ ਨੂੰ ਦੋਆਬੇ ਵਿਚ ਕਿਸਾਨ ਭਾਈਚਾਰੇ ਨੂੰ ਬਸਪਾ ਨਾਲ ਜੋੜਨ ਦੀ ਜ਼ਿੰਮੇਵਾਰੀ ਦਿੱਤੀ ਗਈ ਹੈ। ਬਸਪਾ ਆਗੂਆਂ ਨੇ ਕਿਹਾ ਕਿ ਇਸੇ ਤਰ੍ਹਾਂ ਹੀ ਸਰਵ ਸਮਾਜ ਦੇ ਸਾਰੇ ਵਰਗਾਂ ਦਾ ਸਮਰਥਨ ਬਸਪਾ ਨੂੰ ਮਿਲ ਰਿਹਾ ਹੈ। ਇਸ ਮੌਕੇ 'ਤੇ ਬਸਪਾ ਸੂਬਾ ਕੋਆਰਡੀਨੇਟਰ ਚੌਧਰੀ ਗੁਰਨਾਮ ਸਿੰਘ, ਅਜੀਤ ਸਿੰਘ ਭੈਣੀ, ਜੋਗਾ ਸਿੰਘ ਪਨੋਂਧੀਆਂ, ਜਲੰਧਰ ਜੋਨ ਕੋਆਰਡੀਨੇਟਰ ਮਾਸਟਰ ਰਾਮ ਲੁਭਾਇਆ ਤੇ ਬਲਵਿੰਦਰ ਕੁਮਾਰ, ਫਿਰੋਜਪੁਰ ਜੋਨ ਕੋਆਰਡੀਨੇਟਰ ਕੁਲਦੀਪ ਸਰਦੂਲਗੜ, ਸੰਤ ਰਾਮ ਮੱਲੀਆਂ, ਪਟਿਆਲਾ ਜੋਨ ਕੋਆਰਡੀਨੇਟਰ ਹਰਭਜਨ ਬਜਹੇੜੀ, ਡਾ. ਮੱਖਣ ਸਿੰਘ, ਬੰਗਾ ਹਲਕਾ ਤੋਂ ਉਮੀਦਵਾਰ ਠੇਕੇਦਾਰ ਰਜਿੰਦਰ ਸਿੰਘ ਤੇ ਪਾਰਟੀ ਦੇ ਹੋਰ ਸੀਨੀਅਰ ਆਗੂ, ਮੰਡਲ ਕੋਆਰਡੀਨੇਟਰ, ਜਿਲ੍ਹਾ ਪ੍ਰਧਾਨ ਵੀ ਮੌਜੂਦ ਸਨ।

# ਭਗਵਾਨ ਵਾਲਮੀਕ ਜੀ ਦਾ ਪ੍ਰਗਟ ਦਿਵਸ 23 ਅਕਤੂਬਰ ਨੂੰ

**ਯੂਬਾ ਸਿਟੀ–** ਬੀਤੇ ਦਿਨੀਂ ਮਹਾਂਰਿਸ਼ੀ ਵਾਲਮੀਕ ਸਭਾ ਯੂ. ਐਸ. ਏ., ਯੂਬਾ ਸਿਟੀ (ਕੈਲੇਫੋਰਨੀਆ) ਦੀ ਇਕ ਵਿਸ਼ੇਸ਼ ਮੀਟਿੰਗ ਵਾਲਮੀਕ ਟੈਂਪਲ 84/86 ਪਰਸੀ ਐਵਨਿਊ, ਯੂਬਾ ਸਿਟੀ ਕੈਲੇਫੋਰਨੀਆ ਵਿਖੇ ਸ੍ਰੀ ਪ੍ਰੇਮ ਲਾਲ ਸੌਂਧੀ ਜੀ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿਚ ਸਰਬ ਸੰਮਤੀ ਨਾਲ ਫੈਸਲਾ ਕੀਤਾ ਗਿਆ ਕਿ ਭਗਵਾਨ ਵਾਲਮੀਕ ਜੀ ਦਾ ਪ੍ਰਗਟ ਦਿਵਸ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ 23 ਅਕਤੂਬਰ, 2016 (ਦਿਨ ਐਤਵਾਰ) ਨੂੰ ਸਵੇਰੇ 9 ਵਜੇ ਤੋਂ 3 ਵਜੇ ਤੱਕ ਮਹਾਂਰਿਸ਼ੀ ਵਾਲਮੀਕ ਟੈਂਪਲ ਯੂਬਾ ਸਿਟੀ ਵਿਖੇ ਬਹੁਤ ਹੀ ਸਤਿਕਾਰ




ਅਤੇ ਸ਼ਰਧਾ ਨਾਲ ਮਨਾਇਆ ਜਾਵੇਗਾ, ਜਿਸ ਦੀਆਂ ਤਿਆਰੀਆਂ ਪੂਰੇ ਜੋਸ਼ੋ-ਖਰੋਸ਼ ਨਾਲ ਸ਼ੁਰੂ ਕਰ ਦਿੱਤੀਆਂ ਗਈਆਂ ਹਨ। ਅਲੱਗ ਅਲੱਗਕਮੇਟੀਆਂ ਬਣਾ ਕੇ ਸਭਾ ਵੱਲੋਂ ਸੇਵਾਦਾਰਾਂ ਨੂੰ ਡਿਊਟੀਆਂ ਵੰਡੀਆਂ ਜਾਣਗੀਆਂ ਤਾਂ ਕਿ ਸਾਰਾ ਪ੍ਰੋਗਰਾਮ ਵਧੀਆ ਢੰਗ ਨਾਲ ਨੇਪਰੇ ਚਾੜ੍ਹਿਆ ਜਾ ਸਕੇ, ਜਿਸ ਸਬੰਧੀ ਸੰਗਤਾਂ ਵਿਚ ਅੱਜ ਤੋਂ ਹੀ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ। ਪ੍ਰੈਸ ਨੂੰ ਇਹ ਜਾਣਕਾਰੀ ਸਭਾ ਦੇ ਕੈਸ਼ੀਅਰ ਸ੍ਰੀ ਵਿਨੋਦ ਗਿੱਲ ਜੀ ਵੱਲੋਂ ਦਿੱਤੀ ਗਈ।

**– ਸੰਤੋਖ ਸਿੰਘ ਗਿੱਲ, ਯੂਬਾ ਸਿਟੀ**





ਬੀਤੀ 9 ਸਤੰਬਰ ਨੂੰ ਸਹਾਰਨਪੁਰ (ਉਤਰ ਪ੍ਰਦੇਸ਼) ਵਿਖੇ ਹੋਈ ਬਸਪਾ ਦੀ ਵਿਸ਼ਾਲ ਰੈਲੀ ਦੀਆਂ ਕੁਝ ਝਲਕੀਆਂ। ਕਿਹਾ ਜਾਂਦਾ ਹੈ ਕਿ ਇਸ ਰੈਲੀ ਵਿਚ 15 ਲੱਖ ਤੋਂ ਜ਼ਿਆਦਾ ਬਸਪਾ ਅਤੇ ਸਮਰਥਕ ਸ਼ਾਮਲ ਹੋਏ। **–ਡਾ ਸੁਰੇਸ਼ ਬਾਬੂ**

# ਅਟ੍ਰਾਸਿਟੀ ਐਕਟ ਦੀ ਸੁਰੱਖਿਆ ਓ. ਬੀ. ਸੀ.-ਬਲੂਤੇਦਾਰ ਜਾਤੀਆਂ ਨੂੰ ਵੀ ਪ੍ਰਾਪਤ ਹੋਵੇ

**ਨਾਸਿਕ–** ਦਲਿਤ ਅਤੇ ਆਦਿਵਾਸੀਆਂ 'ਤੇ ਹੋਣ ਵਾਲੇ ਜਾਤੀ ਅੱਤਿਆਚਾਰ ਰੋਕਣ ਦੇ ਲਈ 'ਅਟ੍ਰਾਸਿਟੀ ਵਿਰੋਧੀ ਕਾਨੂੰਨ' ਤਿਆਰ ਕੀਤਾ ਗਿਆ ਹੈ। ਕਾਫੀ ਸਮੇਂ ਤੋਂ ਅਛੂਤ ਜਾਤੀਆਂ ਅਤੇ ਆਦਿਵਾਸੀਆਂ ਦੀ ਸੁਰੱਖਿਆ ਦੇ ਲਈ ਇਸ ਕਾਨੂੰਨ ਦੀ ਵਰਤੋਂ ਕੀਤੀ ਜਾਂਦੀ ਹੈ ਪਰ ਪਿੰਡਾਂ ਵਿਚ ਜੋ ਅਛੂਤ ਨਹੀਂ ਹੈ, ਜਿਵੇਂ ਨਾਈ, ਧੋਬੀ, ਘੁਮਿਆਰ, ਕਾਰਪੈਂਟਰ, ਪਿੰਜਾਰ, ਵਡਾਰ, ਮਨਿਆਰ ਆਦਿ ਸਾਰੇ ਧਰਮਾਂ ਦੀਆਂ ਹੇਠਲੇ ਅਤੇ ਘੱਟ ਗਿਣਤੀ ਬਲੂਤੇਦਾਰ- ਓ. ਬੀ. ਸੀ. ਜਾਤੀਆਂ ਤੇ ਵੀ ਵੱਡੇ ਪੱਧਰ ਤੇ ਜਾਤੀ ਅੱਤਿਆਚਾਰ ਹੁੰਦੇ ਰਹਿੰਦੇ ਹਨ।

ਇਸ ਕਰਕੇ ਇਹਨਾਂ ਜਾਤੀਆਂ ਦੀ ਸੁਰੱਖਿਆ ਦੇ ਲਈ ਅਟ੍ਰਾਸਿਟੀ ਐਕਟ ਦਾ ਵਿਸਥਾਰ ਕੀਤਾ ਜਾਵੇ। ਇਹ ਮੰਗ ਮਹਾਂਰਾਸ਼ਟਰ ਓ. ਬੀ. ਸੀ. ਸੰਗਠਨ ਦੇ ਮੁਖੀ ਸ਼੍ਰਾਵਣ ਦੇਵਰੇ ਨੇ ਕੀਤੀ।

ਉਹਨਾਂ ਕਿਹਾ ਕਿ ਸਿੱਖਿਆ ਦੇ ਪ੍ਰਚਾਰ-ਪ੍ਰਸਾਰ ਦੇ ਕਾਰਨ ਸਾਰੀਆਂ ਜਾਤੀਆਂ ਸਿੱਖਿਅਤ ਬਣਨਗੀਆਂ ਤਾਂ ਜਾਤੀਵਾਦ ਨਸ਼ਟ ਹੋ ਜਾਵੇਗਾ। ਅਜਿਹੀ ਉਚਿਤ ਆਸ ਡਾ. ਬਾਬਾ ਸਾਹਿਬ ਅੰਬੇਡਕਰ ਨੇ ਵੀ ਪ੍ਰਗਟਾਈ ਸੀ। ਉਸ ਤਰ੍ਹਾਂ ਆਜ਼ਾਦੀ ਤੋਂ ਬਾਅਦ ਸ਼ਾਸਕ ਜਾਤੀਆਂ ਆਪਣੀ ਸ਼ਾਹੂ ਮਹਾਰਾਜ ਅਤੇ ਸਯਾਜੀਰਾਵ ਮਹਾਰਾਜ ਦੀ ਵਿਰਾਸਤ ਨੂੰ ਜਾਰੀ ਰੱਖ ਰਹੀਆਂ ਹਨ, ਇਸ ਵਿਸ਼ਵਾਸ ਨਾਲ ਬਾਬਾ ਸਾਹਿਬ ਨੇ ਸੰਵਿਧਾਨ ਬਣਾਉਂਦੇ ਵਕਤ ਅਟ੍ਰਾਸਿਟੀ ਐਕਟ ਨੂੰ ਉਸ ਵਿਚ ਸ਼ਾਮਲ ਨਹੀਂ ਕੀਤਾ ਪਰ ਸ਼ਾਸਕ ਜਾਤੀਆਂ ਨੇ ਬਾਬਾ ਸਾਹਿਬ ਦੇ ਵਿਸ਼ਵਾਸ ਨੂੰ ਤੋੜਨ ਦਾ ਕੰਮ ਕੀਤਾ।

ਇਸ ਤੋਂ ਬਾਅਦ ਤਤਕਾਲੀ ਪ੍ਰਧਾਨ ਮੰਤਰੀ ਵੀ. ਪੀ. ਸਿੰਘ ਨੇ ਦਲਿਤ ਅਤੇ ਆਦਿਵਾਸੀ ਜਾਤੀਆਂ-ਜਨਜਾਤੀਆਂ ਦੀ ਸੁਰੱਖਿਆ ਦੇ ਲਈ ਜਾਤੀ ਅੱਤਿਆਚਾਰ ਵਿਰੋਧੀ ਕਾਨੂੰਨ ਦੇ ਰੂਪ ਵਿਚ ਅਟ੍ਰਾਸਿਟੀ ਐਕਟ ਲਾਗੂ ਕੀਤਾ।

## ਜੇ ਐਨ ਯੂ ਵਿਦਿਆਰਥੀ ਚੋਣਾਂ ਵਿਚ ਦਲਿਤ ਸੰਘ ਦੀ ਵੱਡੀ ਜਿੱਤ

**ਨਵੀਂ ਦਿੱਲੀ–** ਹਾਲ ਹੀ ਵਿਚ ਆਏ ਜੇ. ਐਨ. ਯੂ. ਯੂਨੀਵਰਸਿਟੀ ਦਿੱਲੀ ਦੇ ਵਿਦਿਆਰਥੀ ਸੰਘ ਇਲੈਕਸ਼ਨ ਵਿਚ ਏ. ਬੀ. ਵੀ. ਪੀ. ਨੂੰ ਵੱਡੀ ਹਾਰ ਦਾ ਸਾਹਮਣਾ ਕਰਨਾ ਪਿਆ ਅਤੇ ਬੀ. ਏ. ਐਫ. ਐਸ. ਏ. (ਬਿਰਸਾ ਅੰਬੇਡਕਰ ਫੂਲੇ ਸਟੂਡੈਂਟਸ ਐਸੋਸੀਏਸ਼ਨ) ਨੂੰ ਵੱਡੀ ਜਿੱਤ ਪ੍ਰਾਪਤ ਹੋਈ ਹੈ। ਸਾਰੀਆਂ ਸੀਟਾਂ ਤੇ ਏ. ਬੀ. ਵੀ. ਪੀ. ਨੂੰ ਹਾਰ ਦਾ ਸਾਹਮਣਾ ਕਰਨਾ ਪਿਆ। ਇਸ ਵਾਰ ਦੀਆਂ ਚੋਣਾਂ ਵਿਚ ਕਨ੍ਹਈਆ ਕੁਮਾਰ ਸ਼ਾਮਲ ਨਹੀਂ ਹੋਏ ਸਨ।

## ਦਲਿਤ ਪਰਿਵਾਰ ਨੇ ਬਣਾਇਆ ਰਿਕਾਰਡ, ਪੰਜ ਬੱਚਿਆਂ ਨੂੰ ਕਰਵਾਈ ਪੀ. ਐਚ. ਡੀ.

**ਝਾਂਸੀ–** ਭਗਵਾਨ ਦਾਸ ਅਹੀਰਵਾਰ ਨੇ ਦੇਸ਼ ਵਿਚ ਸਭ ਤੋਂ ਜ਼ਿਆਦਾ ਪੀ. ਐਚ. ਡੀ. ਡਿਗਰੀ ਧਾਰਕ ਪਰਿਵਾਰ ਹੋਣ ਦਾ ਰਿਕਾਰਡ ਬਣਾਇਆ ਹੈ। ਇਸ ਪਰਿਵਾਰ ਦਾ ਨਾਂ ਲਿਮਕਾ ਬੁੱਕ ਆਫ ਰਿਕਾਰਡ ਵਿਚ ਵੀ ਦਰਜ ਕੀਤਾ ਗਿਆ ਹੈ। 21 ਅਗਸਤ 2016 ਨੂੰ ਅਹੀਰਵਾਰ ਪਰਿਵਾਰ ਨੂੰ ਸਭ ਤੋਂ ਜ਼ਿਆਦਾ ਪੀ. ਐਚ. ਡੀ. ਧਾਰਕ ਪਰਿਵਾਰ ਹੋਣ ਤੇ ਸਨਮਾਨਿਤ ਕੀਤਾ ਗਿਆ। ਝਾਂਸੀ ਦੇ ਰਹਿਣ ਵਾਲੇ ਭਗਵਾਨ ਦਾਸ ਆਸ-ਪੜੌਸ ਦੇ ਬੱਚਿਆ ਨੂੰ ਮੁਫਤ ਪੜ੍ਹਾਉਂਦੇ ਹਨ।

# ਮਜਦੂਰਾਂ ਦੇ ਹਿਤਾਂ ਦੀ ਰਖਵਾਲੀ ਲਈ ਹਰ ਕੁਰਬਾਨੀ ਦੇਣ ਨੂੰ ਤਿਆਰ- ਜਰਨੈਲ ਨੰਗਲ

**ਫਗਵਾੜਾ (ਰੱਤੂ)–** ਸਥਾਨਕ ਹਰਗੋਬਿੰਦ ਨਗਰ ਵਿਖੇ ਰੇਹੜੀ-ਫੜੀ ਯੂਨੀਅਨ ਅਤੇ ਆਟੋ ਰਿਕਸ਼ਾ ਯੂਨੀਅਨ ਵਲੋਂ ਸਾਂਝਾ ਮਜਦੂਰ ਸੰਮੇਲਨ ਕਰਾਇਆ ਗਿਆ ਜਿਸ ਵਿਚ ਬਤੌਰ ਮੁੱਖ ਮਹਿਮਾਨ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਕਾਰਜਕਾਰੀ ਮੈਂਬਰ ਜਰਨੈਲ ਨੰਗਲ ਸ਼ਾਮਲ ਹੋਏ। ਰੇਹੜੀ-ਫੜੀ ਯੂਨੀਅਨ ਦੇ ਪ੍ਰਧਾਨ ਬਲਵਿੰਦਰ ਬੋਧ ਦੀ ਅਗਵਾਈ ਹੇਠ ਕਰਵਾਏ ਇਸ ਸਮਾਗਮ ਵਿਚ ਯੂਨੀਅਨ ਮੈਂਬਰ ਅਤੇ ਨੰਗਲ ਸਮਰਥਕ ਹਜਾਰਾਂ ਦੀ ਗਿਣਤੀ ਵਿਚ ਸ਼ਾਮਲ ਹੋਏ। ਆਪਣੇ ਸੰਬੋਧਨ ਵਿਚ ਜਰਨੈਲ ਨੰਗਲ ਨੇ ਕਿਹਾ ਕਿ ਜੇਕਰ ਸਾਰੇ ਹੀ ਮਜਦੂਰ ਵਰਗ ਦੇ ਲੋਕ ਇਕ ਪਲੇਟ ਫਾਰਮ ਤੇ ਖੜੇ ਹੋ ਕੇ ਆਪਸੀ ਏਕਤਾ ਦੀ ਮਿਸਾਲ ਪੈਦਾ ਕਰਨ ਤਾਂ ਦੁਨੀਆ ਦੀ ਕੋਈ ਤਾਕਤ ਵੀ ਗਰੀਬ ਮਜਦੂਰ ਨਾਲ ਧੱਕਾ ਨਹੀਂ ਕਰ ਸਕੇਗੀ। ਉਹਨਾਂ ਨਗਰ ਨਿਗਮ ਕਮੀਸ਼ਨਰ ਨੂੰ ਵੀ ਤਾੜਨਾ ਕਰਦਿਆਂ ਕਿਹਾ ਕਿ ਉਹ ਸਰਕਾਰ ਦੇ ਇਸ਼ਾਰੇ ਤੇ ਗਰੀਬਾਂ ਨੂੰ ਤੰਗ ਪਰੇਸ਼ਾਨ ਕਰਨ ਤੋਂ ਗੁਰੇਜ ਕਰਨ ਨਹੀਂ ਤਾਂ ਇਹ ਗਰੀਬ ਹੀ ਇਕੱਠੇ ਹੋ ਕੇ ਸਬਕ ਸਿਖਾਉਣਗੇ। ਉਹਨਾਂ ਹਲਕਾ ਵਿਧਾਇਕ ਸੋਮ ਪ੍ਰਕਾਸ਼ ਤੇ ਵੀ ਹਮਲਾ ਬੋਲਦਿਆਂ ਕਿਹਾ ਕਿ ਵਿਧਾਇਕ ਆਪਣੇ ਚਹੇਤਿਆਂ ਦੇ ਇਸ਼ਾਰੇ ਤੇ ਲੋਕਾਂ ਨੂੰ ਲੁੱਟ ਅਤੇ ਕੁੱਟ ਰਿਹਾ ਹੈ। ਜੋ ਕੋਈ ਵੀ ਆਵਾਜ ਵਿਧਾਇਕ ਖਿਲਾਫ ਉਠਦੀ ਹੈ ਉਸਨੂੰ ਝੂਠੇ ਪੁਲਿਸ ਕੇਸ ਬਣਾ ਕੇ ਦਬਾਉਣ ਦਾ ਯਤਨ ਕੀਤਾ ਜਾਂਦਾ ਹੈ। ਉਹਨਾਂ ਕਿਹਾ ਕਿ ਆਉਂਦੀਆਂ ਵਿਧਾਨਸਭਾ ਚੋਣਾਂ ਵਿਚ ਫਗਵਾੜਾ ਦੇ ਵੋਟਰ ਵਿਧਾਇਕ ਨੂੰ ਵੀ ਸਬਕ ਸਿਖਾਉਣਗੇ। ਜਰਨੈਲ ਨੰਗਲ ਨੇ ਕਿਹਾ ਕਿ ਮਜਦੂਰਾਂ ਦੇ ਹਿਤਾਂ ਲਈ ਉਹ ਹਰ ਤਰ੍ਹਾਂ ਦੀ ਕੁਰਬਾਨੀ ਦੇਣ ਨੂੰ ਤਿਆਰ ਹਨ। ਸਮਾਗਮ ਦੇ ਅਖੀਰ ਵਿਚ ਹਜਾਰਾਂ ਦੀ ਗਿਣਤੀ ਵਿਚ ਮੌਜੂਦ ਮਜਦੂਰਾਂ ਨੇ ਦੋਵੇਂ ਹੱਥ ਚੁੱਕ ਕੇ ਨੰਗਲ ਦਾ ਸਮਰਥਨ ਕੀਤਾ ਅਤੇ ਸੌਂਹ ਖਾਦੀ ਕਿ ਉਹ ਅਗਲੀਆਂ ਪੰਜਾਬ ਵਿਧਾਨਸਭਾ ਚੋਣਾਂ ਵਿਚ ਜਰਨੈਲ ਨੰਗਲ ਦਾ ਤਨ-ਮਨ-ਧੰਨ ਨਾਲ ਭਰਪੂਰ ਸਹਿਯੋਗ ਕਰਨਗੇ। ਇਸ ਤੋਂ ਪਹਿਲਾਂ ਵੱਖ ਵੱਖ ਬੁਲਾਰਿਆਂ ਨੇ ਆਪੋ ਆਪਣੇ ਸੰਬੋਧਨ ਵਿਚ ਕਿਹਾ ਕਿ ਜਦੋਂ ਵੀ ਮਜਦੂਰ ਵਰਗ ਨੂੰ ਕਿਸੇ ਮੁਸ਼ਕਲ ਦਾ ਸਾਹਮਣਾ ਕਰਨਾ ਪਿਆ ਤਾਂ ਕਿਸੇ ਵੀ ਪਾਰਟੀ ਦਾ ਕੋਈ ਵੀ ਸਿਆਸੀ ਆਗੂ ਅੱਗੇ ਨਹੀਂ ਆਇਆ ਪਰ ਜਰਨੈਲ ਨੰਗਲ ਨੇ ਹਮੇਸ਼ਾ ਉਹਨਾਂ ਦੇ ਹਿਤਾਂ ਤੇ ਪਹਿਰਾ ਦਿੱਤਾ ਹੈ ਅਤੇ ਹਰ ਹੱਕ ਦੀ ਲੜਾਈ ਨੂੰ ਮੋਹਰੇ ਹੋ ਕੇ ਲੜਦੇ ਰਹੇ ਹਨ। ਜਦੋਂ ਵੀ ਸਰਕਾਰੀ ਜਾਂ ਗੈਰ ਸਰਕਾਰੀ ਜਬਰ ਹੋਇਆ ਜਰਨੈਲ ਨੰਗਲ ਹਮੇਸ਼ਾ ਉਸ ਜਬਰ ਦੇ ਅੱਗੇ ਕੰਧ ਬਣ ਕੇ ਖੜੇ ਹੁੰਦੇ ਰਹੇ ਹਨ। ਇਸ ਮੌਕੇ ਸੁਖਵਿੰਦਰ ਸਿੰਘ ਰਾਣੀਪੁਰ, ਰਾਮਪਾਲ ਉੱਪਲ, ਕੌਂਸਲਰ ਕਾਕਾ ਊਬੀ, ਜੁਗਿੰਦਰ ਭਬਿਆਣਾ, ਅਮਰਜੀਤ ਖੁੱਤਣ, ਵਿਜੇ ਪੰਡੋਰੀ ਬਲਾਕ ਸੰਮਤੀ ਮੈਂਬਰ, ਜਤਿੰਦਰ ਮੋਹਨ ਡੁਮੇਲੀ, ਸਰਬਰ ਗੁਲਾਮ ਸੱਬਾ, ਜਸਵੀਰ ਪਲਾਹੀ, ਰਾਜਨ ਸ਼ਰਮਾ, ਇੰਜੀਨੀਅਰ ਪ੍ਰਦੀਪ ਮੱਲ, ਡਾ. ਸੁਖਦੇਵ ਚੋਕੜੀਆ, ਅਜਾਦ ਅਲੀ, ਬਲਰਾਜ ਬਾਉਜੀ, ਬੇਅੰਤ ਰਾਜ ਬਾਵਾ, ਦੇਸਰਾਜ ਮਾਧੋਪੁਰ, ਕੈਪਟਨ ਹਰਮਿੰਦਰ ਸਿੰਘ, ਭੁਪਿੰਦਰ ਸਿੰਘ, ਰਾਮਪਾਲ, ਹਰਨੇਕ ਸਿੰਘ ਨਿੱਝਰ, ਸਤਿਆ ਦੇਵੀ, ਜਸਵਿੰਦਰ ਕੌਰ, ਬੱਗਾ ਰਾਵਲਪਿੰਡੀ, ਜਸਵਿੰਦਰ ਨੰਗਲਮੱਝਾ, ਰੇਸ਼ਮ ਲਾਲ, ਹਰਬੰਸ ਲਾਲ, ਚਰਣਜੀਤ ਚਹੇੜੂ, ਅਸ਼ੋਕ ਗੋਬਿੰਦਪੁਰੀ, ਰਾਜਕੁਮਾਰ ਸਰਪੰਚ, ਬੋਬੀ ਖਾਲਸਾ, ਜੀਵਨ ਸੰਤੋਖਪੁਰਾ, ਬਲਵੀਰ ਠਾਕੁਰ, ਹਰਭਜਨ ਨਰੂੜ, ਸਰਵਨ ਰਾਮਪੁਰਾ, ਸਤਪਾਲ ਭਬਿਆਣਾ, ਪੱਪੀ ਮਸਤ ਨਗਰ, ਗੁਰਨਾਮ ਮਹੇੜੂ, ਅਵਤਾਰ ਸਿੰਘ ਮਾਧੋਪੁਰ, ਬੰਟੀ ਟਿੱਬੀ ਆਦਿ ਤੋਂ ਇਲਾਵਾ ਹਜਾਰਾਂ ਦੀ ਗਿਣਤੀ ਵਿਚ ਰੇਹੜੀ-ਫੜੀ ਵਾਲੇ ਅਤੇ ਨੰਗਲ ਸਮਰਥਕ ਵੀ ਹਾਜਰ ਸਨ।



# ਗੁਰਦੁਆਰਾ ਟਾਇਰਾ ਬਿਊਨਾ ਦੀਆਂ ਚੋਣਾਂ 'ਚ ਪੰਥਕ ਸਲੇਟ ਗਰੁੱਪ ਨੇ ਇਤਿਹਾਸਕ ਜਿੱਤ ਪ੍ਰਾਪਤ ਕੀਤੀ-ਹਰਮਨ ਬਸਰਾ




**ਫਗਵਾੜਾ (ਬੀ. ਕੇ. ਰੱਤੂ)–** ਗੁਰਦੁਆਰਾ ਟਾਇਰਾ ਬਿਊਨਾ ਯੂਬਾ ਸਿਟੀ (ਕੈਲੇਫੋਰਨੀਆ) ਦੀਆਂ ਚੋਣਾਂ 'ਚ ਪੰਥਕ ਸਲੇਟ ਗਰੁੱਪ ਨੇ ਹਿੱਸਾ ਲੈਂਦਿਆਂ ਸ਼ਾਨਦਾਰ ਜਿੱਤ ਪ੍ਰਾਪਤ ਕੀਤੀ। ਇਨ੍ਹਾਂ ਚੋਣਾਂ 'ਚ ਜੇਤੂ ਰਹੇ ਹਰਮਨ ਬਸਰਾ ਨੇ ਸਾਡੇ ਪੱਤਰਕਾਰ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਉਕਤ ਚੋਣਾਂ 'ਚ ਪੰਥਕ ਸਲੇਟ ਦੇ 73 ਮੈਂਬਰਾਂ ਨੇ ਹਿੱਸਾ ਲਿਆ ਅਤੇ 73 ਉਮੀਦਵਾਰਾਂ ਨੇ ਜਿੱਤ ਪ੍ਰਾਪਤ ਕੀਤੀ। ਸ੍ਰ. ਬਸਰਾ ਨੇ ਇਸ ਇਤਿਹਾਸਕ ਜਿੱਤ ਲਈ ਗੁਰੂ ਸਾਹਿਬਾਨ ਦਾ ਸ਼ੁਕਰਾਨਾ ਕਰਦਿਆਂ ਸਮੁੱਚੀ ਪੰਥਕ ਸਲੇਟ ਦੀ ਟੀਮ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਜੋ ਜ਼ਿੰਮੇਵਾਰੀ ਉਨ੍ਹਾਂ ਨੂੰ ਗੁਰੂ ਘਰ ਤੋਂ ਮਿਲੀ ਹੈ, ਉਹ ਉਸ ਨੂੰ ਪੂਰੀ ਇਮਾਨਦਾਰੀ ਤੇ ਤਨਦੇਹੀ ਨਾਲ ਨਿਭਾਉਣਗੇ। ਬਸਰਾ ਨੇ ਕਿਹਾ ਕਿ ਪੰਥਕ ਸਲੇਟ ਦੀ ਪੂਰੀ ਟੀਮ ਪੰਥ ਚੜ੍ਹਦੀ ਕਲਾ ਕੰਮ ਕਰੇਗੀ। ਉਨ੍ਹਾਂ ਇਸ ਜਿੱਤ ਲਈ ਸਾਰਿਆਂ ਦਾ ਧੰਨਵਾਦ ਕੀਤਾ। ਇਸ ਮੌਕੇ ਉਨ੍ਹਾਂ ਨਾਲ ਸਰਬ-ਜੀਤ ਸਿੰਘ ਥਿਆੜਾ, ਹਰਜੀਤ ਸਿੰਘ ਗਿੱਲ, ਅਜੈਬ ਸਿੰਘ ਮੱਲ੍ਹੀ, ਸਰਬਜੀਤ ਸਿੰਘ ਦਾਦੂਵਾਲ, ਗੁਰਮੀਤ ਸਿੰਘ ਤੱਖ਼ਰ, ਪਿੰਦਰ ਕੰਗ ਆਦਿ ਹਾਜ਼ਰ ਸਨ।

# ਸੜਕ ਹਾਦਸੇ ਵਿਚ ਮਾਰੇ ਗਏ ਬਰਿੰਦਰ ਕੁਮਾਰ ਦੇ ਵਾਰਸਾਂ ਨੂੰ 30 ਲੱਖ ਤੋਂ ਵੱਧ ਮੁਆਵਜ਼ਾ ਦਿਵਾਇਆ

**ਅਜਮਾਨ–** ਸ੍ਰੀ ਗੁਰੂ ਰਵਿਦਾਸ ਵੈਲਫੇਅਰ ਸੁਸਾਇਟੀ ਵੱਲੋਂ ਸੜਕ ਹਾਦਸੇ ਵਿਚ ਜਾਨ ਗੁਆ ਚੁੱਕੇ ਨੌਜਵਾਨ ਬਰਿੰਦਰ ਕੁਮਾਰ ਦੇ ਵਾਰਸਾਂ ਨੂੰ 30 ਲੱਖ ਰੁਪਏ ਦੋਂ ਵੱਧ ਦਾ ਮੁਆਵਜ਼ਾ ਦਿਵਾਇਆ ਗਿਆ। ਟਾਂਡੇ ਦੇ ਨਜ਼ਦੀਕੀ ਪਿੰਡ ਦੇ ਨੌਜਵਾਨ ਬਰਿੰਦਰ ਕੁਮਾਰ ਦੀ 15 ਅਕਤੂਬਰ 2015 ਨੂੰ ਇਕ ਸੜਕ ਹਾਦਸੇ ਵਿਚ ਮੌਤ ਹੋ ਗਈ ਸੀ। ਇਹ ਹਾਦਸਾ ਸਾਰਜ ਦੀ ਇਕ ਮੁੱਖ ਸੜਕ 'ਤੇ ਵਾਪਰਿਆ ਸੀ। ਉਸ ਸਮੇਂ ਤੋਂ ਹੀ ਸ੍ਰੀ ਗੁਰੂ ਰਵਿਦਾਸ ਵੈਲਫੇਅਰ ਸੁਸਾਇਟੀ ਇਸ ਕੇਸ ਦੀ ਦੇਖ-ਰੇਖ ਕਰ ਰਹੀ ਸੀ। ਵਾਰਸਾਂ ਵੱਲੋਂ ਸੁਸਾਇਟੀ ਦੇ ਪ੍ਰਧਾਨ ਰੂਪ ਸਿੱਧੂ ਇਸ ਕੇਸ ਦੀ ਪੈਰਵੀ ਕਰ ਰਹੇ ਸਨ। ਉਹਨਾਂ ਵੱਲੋਂ ਮੁਆਵਜ਼ੇ ਦੀ ਰਕਮ ਤੀਹ ਲੱਖ ਵੀਹ ਹਜ਼ਾਰ ਅਤੇ ਚਾਰ ਸੌ ਰੁਪਏ ਮ੍ਰਿਤਕ ਦੇ ਪਿਤਾ ਦੇ ਬੈਂਕ ਖਾਤੇ ਵਿਚ ਭੇਜ ਦਿੱਤੀ ਗਈ ਹੈ। ਸੁਸਾਇਟੀ ਦੇ ਚੇਅਰਮੈਨ ਬਖਸ਼ੀ ਰਾਮ ਅਤੇ ਪ੍ਰਧਾਨ ਰੂਪ ਸਿੱਧੂ ਨੇ ਕਿਹਾ ਕਿ ਉਹ ਯੂ. ਏ. ਈ. ਦੀ ਸਰਕਾਰ ਅਤੇ ਇੱਥੋਂ ਦੇ ਕਾਨੂੰਨਾਂ ਦੇ ਬਹੁਤ ਧੰਨਵਾਦੀ ਹਲ, ਜੋ ਹਰ ਇਨਸਾਨ ਨੂੰ ਉਸਦਾ ਹੱਕ ਦਿਵਾਉਂਦੇ ਹਨ। ਸ੍ਰੀ ਗਰੂ ਰਵਿਦਾਸ ਵੈਲਫੇਅਰ ਸੁਸਾਇਟੀ ਅਜਿਹੇ ਕੇਸਾਂ ਜਾਂ ਹੋਰ ਕਿਸੇ ਵੀ ਮੁਸ਼ਕਿਲ ਹਾਲਾਤਾਂ ਵਿਚ ਆਪਣੇ ਭਰਾਵਾਂ ਦੀ ਮਦਦ ਕਰਨ ਲਈ ਹਮੇਸ਼ਾ ਤਿਆਰ ਰਹਿੰਦੀ ਹੈ ਅਤੇ ਹਰ ਸੰਭਵ ਮਦਦ ਕਰਦੀ ਹੈ। **–ਉਪਕਾਰ/ਰੂਪ ਸਿੰਘ**

## ਸੰਪਾਦਕ ਦੀ ਡਾਕ

**ਰਾਹੀਂ: ਸੰਪਾਦਕ ਸਾਹਿਬ**
**ਵੱਲ: ਮੁੱਖ ਮੰਤਰੀ, ਪੰਜਾਬ ਸਰਕਾਰ**

ਅਸੀਂ ਮਹੱਲਾ ਮਕਸੂਦਾਂ (ਜਲੰਧਰ) ਤੇ ਇਸਦੇ ਆਸਪਾਸ ਦੇ ਮਹੱਲਿਆਂ ਦੇ ਲੋਕ ਪ੍ਰਾਇਮਰੀ ਹੈਲਥ ਸੈਂਟਰ ਮਕਸੂਦਾਂ-ਜਲੰਧਰ ਸ਼ਹਿਰ ਦੇ ਬੇਨਤੀ ਕਰਨਾ ਚਾਹੁੰਦੇ ਹਾਂ ਕਿ ਅਸੀਂ ਸਾਰੇ ਮਹੱਲਿਆਂ ਦੇ ਵਸਨੀਕ ਮਿਹਨਤ ਮਜ਼ਦੂਰੀ ਕਰਦੇ ਹਾਂ। ਸਾਡੀ ਖਰੀਦਣ ਸ਼ਕਤੀ ਬਹੁਤ ਹੀ ਥੋੜ੍ਹੀ ਹੈ ਤੇ ਅਸੀਂ ਸਿਹਤ ਸਹੂਲਤਾਂ ਇਸ ਸੈਂਟਰ ਤੋਂ ਪ੍ਰਾਪਤ ਕਰਦੇ ਹਾਂ। ਇਸ ਸੈਂਟਰ ਵਿਚ ਕੰਮ ਕਰਨ ਵਾਲੀਆਂ ਨਰਸਾਂ ਅਤੇ ਡਾਕਟਰ ਬਹੁਤ ਮਿਹਨਤੀ ਹਨ। ਜੱਚਾ-ਬੱਚਾ ਦੇ ਟੀਕਾਕਰਨ ਅਤੇ ਔਰਤਾਂ ਦੇ ਜਣੇਪੇ ਦਾ ਪ੍ਰਬੰਧ ਸਟਾਫ ਵਲੋਂ ਕੀਤਾ ਜਾਂਦਾ ਹੈ। ਇਸਦੀ ਇਮਾਰਤ ਉਪਰ ਪੁਲਿਸ ਚੌਂਕੀ ਮਕਸੂਦਾਂ ਨੇ ਕਬਜ਼ਾ ਕੀਤਾ ਹੋਇਆ ਹੈ। ਇਹ ਚੌਂਕੀ ਦਿਹਾਤੀ ਹੈ ਪਰੰਤੂ ਸ਼ਹਿਰ ਵਿਚ ਬਣਾਈ ਹੋਈ ਹੈ। ਇਸ ਥਾਣੇ ਵਲੋਂ ਦੁਰਘਟਨਾਵਾਂਗ੍ਰਸਤ ਹੋਈਆਂ ਗੱਡੀਆਂ ਨਾਲ ਸਾਰਾ ਏਰੀਆ ਘੇਰਿਆ ਹੋਇਆ ਹੈ। ਇਥੇ ਲੜਾਈ, ਝਗੜੇ ਦੇ ਕੇਸ ਵੀ ਆਉਂਦੇ ਹਨ ਜਿਸ ਨਾਲ ਲੋਕ ਆਪਸੀ ਲੜਾਈ ਝਗੜਾ ਕਰਕੇ ਮਰੀਜ਼ਾਂ ਨੂੰ ਪਰੇਸ਼ਾਨ ਕਰਦੇ ਹਨ। ਬਰਸਾਤ ਦੇ ਮੌਸਮ ਵਿਚ ਇਥੇ ਪਾਣੀ ਖੜ੍ਹਨ ਨਾਲ ਡਿਸਪੈਂਸਰੀ ਵਿਚ ਪਾਣੀ ਭਰ ਜਾਂਦਾ। ਥਾਣਾ ਉੱਚਾ ਹੋਣ ਕਾਰਣ ਪਾਣੀ ਡਿਸਪੈਂਸਰੀ ਵਿਚ ਆ ਵੜਦਾ ਹੈ ਤੇ ਲੋਕ ਬਿਮਾਰੀਆਂ ਦਾ ਸ਼ਿਕਾਰ ਹੋ ਜਾਂਦੇ ਹਨ। ਕਿਰਪਾ ਕਰਕੇ ਥਾਣੇ ਵਲੋਂ ਡਿਸਪੈਂਸਰੀ ਦੀ ਮੱਲੀ ਜਗ੍ਹਾ ਨੂੰ ਮੁਕਤ ਕਰਾਉਣ ਦੀ ਮਿਹਰਬਾਨੀ ਕਰਨਾ।

**ਆਪ ਦੇ ਵਿਸ਼ਵਾਸ ਪਾਤਰ**
**ਸਾਰੇ ਮਹੱਲਾ ਨਿਵਾਸੀ**
**ਸਮਾਜ ਸੇਵਾ ਸੰਸਥਾ ਪ੍ਰਬੰਧਕ**
**ਗੁਰਮੀਤ ਸਿੰਘ ਢੱਡਾ, ਮੈਂਬਰ ਸ਼ਿਕਾਇਤ ਨਿਵਾਰਨ ਕਮੇਟੀ ਜਲੰਧਰ**
**ਪਵਨ ਕੁਮਾਰ,**
**ਜਨਰਲ ਸਕੱਤਰ**
**9815404221**

'ਦੇਸ਼ ਦੁਆਬਾ' 'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com, www.ambedkartimes.com

# ਡਾ. ਬੀ. ਆਰ. ਅੰਬੇਡਕਰ ਮਾਡਲ ਸਕੂਲ ਬਸਤੀ ਦਾਨਿਸ਼ਮੰਦਾਂ ਵਿੱਚ ਟੀਚਰ ਡੇ (ਅਧਿਆਪਕ ਦਿਵਸ) ਮਨਾਇਆ ਗਿਆ



**ਜਲੰਧਰ (ਪਰਸ਼ੋਤਮ ਲਾਲ ਸਰੋਏ)–** ਲਸੂੜੀ ਮੁਹੱਲਾ ਬਸਤੀ ਦਾਨਿਸ਼ਮੰਦਾਂ ਵਿੱਚ ਸ੍ਰੀ ਆਨੰਤ ਰਾਮ ਸਾਰੰਗਲ ਜੀ ਦੁਆਰਾ ਚਲਾਏ ਜਾ ਰਹੇ ਡਾ. ਬੀ. ਆਰ. ਅੰਬੇਡਕਰ ਮਾਡਲ ਸਕੂਲ ਵਿੱਚ ਬੜੇ ਉਤਸ਼ਾਹ ਨਾਲ ਟੀਚਰਜ਼ ਡੇ (ਅਧਿਆਪਕ ਦਿਵਸ) ਮਨਾਇਆ ਗਿਆ। ਜਿਸ ਵਿੱਚ ਸਕੂਲ ਦੀ ਪ੍ਰਿੰਸੀਪਲ ਮੈਡਮ ਸੁਨੀਤਾ ਥਾਪਾ ਤੋਂ ਇਲਾਵਾ ਸਾਰੇ ਸਟਾਫ਼ ਮੈਂਬਰ ਤੇ ਸਕੂਲ ਦੇ ਬੱਚੇ ਹਾਜ਼ਿਰ ਸਨ। ਇਸ ਮੌਕੇ ਇੱਕ ਦੂਜੇ ਨੂੰ ਟੀਚਰਜ਼ ਡੇ (ਅਧਿਆਪਕ ਦਿਵਸ) ਦੀਆਂ ਸ਼ੁੱਭ ਕਾਮਨਾਵਾਂ ਦਿੱਤੀਆਂ ਗਈਆਂ। ਸਕੂਲ ਦੇ ਬੱਚਿਆਂ ਨੇ ਪ੍ਰਿਸੀਪਲ ਮੈਡਮ, ਟੀਚਰਾਂ ਤੇ ਬਾਕੀ ਸਾਰੇ ਸਟਾਫ਼ ਮੈਂਬਰਾਂ ਨੂੰ ਨੂੰ ਨੂੰ ਟੀਚਰਜ਼ ਡੇ (ਅਧਿਆਪਕ ਦਿਵਸ) ਦੀਆਂ ਮੁਬਾਰਕਾਂ ਦਿੱਤੀਆਂ ਤੇ ਤੋਹਫ਼ੇ ਦਾ ਆਦਾਨ ਪ੍ਰਦਾਨ ਵੀ ਹੋਇਆ।

# ਸੰਤ ਸਰਵਣ ਦਾਸ ਦਰਬਾਰ ਦਰਾਵਾਂ ਵਿਖੇ ਸੰਤ ਸਮਾਗਮ ਕਰਵਾਇਆ

**ਸ਼ਾਮਚੁਰਾਸੀ (ਚੁੰਬਰ)–** ਸੰਤ ਸਰਵਣ ਦਾਸ ਜੀ ਦਰਾਵਾਂ ਵਾਲਿਆਂ ਦੇ ਤਪ ਅਸਥਾਨ ਤੇ ਸੰਤ ਸਮਾਗਮ ਦਾ ਆਯੋਜਿਨ ਡੇਰੇ ਦੇ ਸੰਚਾਲਕ ਸੰਤ ਦੇਸ ਰਾਜ ਦੀ ਦੇਖ ਰੇਖ ਵਿਚ ਡੇਰਾ ਸੱਚਖੰਡ ਬੱਲਾਂ ਦੇ ਗੱਦੀ ਨਸ਼ੀਨ ਸੰਤ ਨਿਰੰਜਨ ਦਾਸ ਜੀ ਦੀ ਸਰਪ੍ਰਸਤੀ ਹੇਠ ਕਰਵਾਇਆ ਗਿਆ। ਇਸ ਮੌਕੇ ਸ੍ਰੀ ਅੰਮ੍ਰਿਤਬਾਣੀ ਦੇ ਜਾਪ ਕੀਤੇ ਗਏ, ਉਪਰੰਤ ਸੰਤ ਨਿਰੰਜਣ ਦਾਸ ਜੀ ਨੇ ਸੰਗਤ ਨੂੰ ਆਸ਼ੀਰਵਾਦ ਦਿੱਤਾ। ਇਸ ਮੌਕੇ ਉਨ੍ਹਾਂ ਨੇ ਸੰਗਤ ਨੂੰ ਪ੍ਰਮਾਤਮਾ ਦੇ ਨਾਮ ਨਾਲ ਜੁੜਨ ਦਾ ਸੰਦੇਸ਼ ਦਿੱਤਾ।



ਇਸ ਸਮਾਗਮ ਵਿਚ ਸੰਤ ਲੇਖ ਰਾਜ ਨੂਰਪੁਰ, ਗਿਆਨੀ ਮੇਹਰ ਸਿੰਘ, ਸੰਤ ਰੁਲਦਾ ਦਾਸ ਕੋਟਲਾ, ਸੰਤ ਚਰਨ ਸਿੰਘ, ਸੰਤ ਤਰਸੇਮ ਦਾਸ, ਬੀਬੀ ਸੁਮਿੱਤਰੀ, ਸੰਤ ਸਿਮਰੂ ਰਾਮ, ਬੀਬੀ ਬਲਵੀਰ ਕੌਰ ਨੇ ਸ਼ਿਰਕਤ ਕੀਤੀ। ਇਸ ਉਪਰੰਤ ਡਾ. ਸੋਮ ਪ੍ਰਕਾਸ਼ ਜਲਭੇ ਦੀ ਸੰ-ਚਾਲਨਾ ਹੇਠ ਗਾਇਕ ਕੁਲਦੀਪ ਚੁੰਬਰ, ਭਾਈ ਸਰਵਣ ਸਿੰਘ, ਸੋਢੀ ਸਾਗਰ, ਬੂਟਾ ਮੁਹੰਮਦ, ਮਨਜੀਤ ਮੰਜੂ, ਗਿਆਨੀ ਬਲਵਿੰਦਰ ਸਿੰਘ ਕੋਟਲਾ, ਜਸਵੰਤ ਸਿੰਘ ਨਸਰਾਲਾ, ਕੁਲਦੀਪ ਕੁਮਾਰ ਸਮੇਤ ਕਈ ਹੋਰਾਂ ਨੇ ਗੁਰੂ ਰਵਿਦਾਸ ਮਹਿਮਾ ਸਰਵਣ ਕਰਵਾਈ। ਇਸ ਸਮਾਗਮ ਵਿਚ ਰਜੇਸ਼ ਬੱਘਾ ਕੌਂਸਲਰ, ਚੇਅਰ ਪਰਸਨ ਦਰਵੀਰ ਕੌਰ, ਸ੍ਰੀ ਧੰਨਾ ਰਾਮ, ਅਮਨਵੀਰ, ਮੁਕੇਸ਼ ਚੁੰਬਰ, ਲਖਵਿੰਦਰ ਬਾਵਾ, ਪਵਨ ਕੁਮਾਰ, ਰਵਿੰਦਰ ਕੁਮਾਰ, ਰਾਮ ਪਿਆਰੀ, ਮਹਿੰਦਰ ਕੌਰ, ਪਰਮਜੀਤ ਕੌਰ, ਨਰੇਸ਼ ਕੁਮਾਰ, ਗੁਰਮੀਤ ਚੰਦ, ਨੀਲਮ ਰਾਣੀ, ਬਿਮਲਾ ਰਾਣੀ, ਰਵੀਨਾ ਰਾਣੀ ਸਮੇਤ ਵੱਡੀ ਗਿਣਤੀ ਵਿਚ ਸੰਗਤਾਂ ਹਾਜ਼ਰ ਸਨ।

# ਡਿਵਾਇਨ ਪਾਸਟਰ ਐਸੋਸੀਏਸ਼ਨ ਦੀ ਮੀਟਿੰਗ ਵਿਚ ਕੀਤੀਆਂ ਮਸੀਹੀ ਭਾਈਚਾਰੇ ਨੇ ਅਹਿਮ ਵਿਚਾਰਾਂ

**ਸ਼ਾਮਚੁਰਾਸੀ (ਚੁੰਬਰ)–** ਪਾਸਟਰ ਸਤਪਾਲ ਕੌਲ ਦੀ ਦੇਖ ਰੇਖ ਹੇਠ ਡਿਵਾਇਨ ਪਾਸਟਰ ਐਸੋਸੀਏਸ਼ਨ ਦੀ ਮੀਟਿੰਗ ਇਸਾਈ ਭਾਈਚਾਰੇ ਨੂੰ ਆ ਰਹੀਆਂ ਦਰਪੇਸ਼ ਮੁਸ਼ਕਿਲਾਂ ਦੇ ਹੱਲ ਲਈ ਕੀਤੀ ਗਈ। ਇਸ ਮੀਟਿੰਗ ਵਿਚ ਕ੍ਰਿਸ਼ਚੀਅਨ ਨੈਸ਼ਨਲ ਫਰੰਟ ਦੀ ਰਾਸ਼ਟਰੀ ਪ੍ਰਧਾਨ ਲਾਰੈਂਸ ਚੌਧਰੀ ਨੇ ਇਸ ਮੀਟਿੰਗ ਵਿਚ ਵਿਸ਼ੇਸ਼ ਸ਼ਿਰਕਤ ਕੀਤੀ ਅਤੇ ਇਸਾਈ ਭਾਈਚਾਰੇ ਨਾਲ ਆ ਰਹੀਆਂ ਔਕੜਾਂ ਪ੍ਰਤੀ ਲਾਮਬੰਦ ਹੋਣ ਲਈ ਕਿਹਾ। ਇਸ ਮੌਕੇ ਵੱਖ-ਵੱਖ ਵਿਸ਼ਿਆਂ ਤੇ ਇਸਾਈ ਭਾਈਚਾਰੇ ਨੇ ਵਲੋਂ ਵਿਚਾਰਾਂ ਕੀਤੀਆਂ ਗਈਆਂ ਅਤੇ ਮਸੀਹੀ



ਬੱਚਿਆਂ ਨੂੰ ਸਰਵਉੱਚ ਸਿੱਖਿਆ ਅਤੇ ਵਜੀਫਾ ਆਦਿ ਮਿਲਣ ਸਬੰਧੀ ਵੀ ਵਿਚਾਰ ਕੀਤੀ ਗਈ। ਇਸ ਤੋਂ ਇਲਾਵਾ ਉਨ੍ਹਾਂ ਮਸੀਹੀ ਭਾਈਚਾਰੇ ਲਈ ਕਮਿਊਨਟੀ ਹਾਲ ਅਤੇ ਕਬਰਸਥਾਨ ਦੀ ਜ਼ਮੀਨ ਆਦਿ ਲਈ ਵੀ ਆਪਣਾ ਸੰਘਰਸ਼ ਤੇਜ਼ ਕਰਨ ਲਈ ਕਿਹਾ। ਇਸ ਮੌਕੇ ਪਾਸਟਰ ਕੌਲ ਨੇ ਪ੍ਰਮੇਸ਼ਰ ਦਾ ਧੰਨਵਾਦ ਕੀਤਾ। ਇਸ ਮੀਟਿੰਗ ਵਿਚ ਸੰਤ ਨਥੈਨਿਅਲ, ਪਾਸਟਰ ਮੋਹਿੰਦਰ ਪਾਲ, ਪਾ. ਕੁਲਵਿੰਦਰ, ਪਾ. ਯੂਨਿਸ, ਪਾ. ਸਤਪਾਲ ਕੌਲ, ਪਾ. ਆਰ ਕੇ ਭੱਟੀ, ਪਾ. ਵਿਲੀਅਮ, ਪਾ. ਪਰਮਜੀਤ ਰਾਏ, ਪਾ. ਸੁੱਚਾ ਮਸੀਹ, ਪਾ. ਧਰਮ ਪਾਲ. ਪਾ. ਜੈਕਬ ਬਿਸ਼ਪ, ਜੀ ਐਸ ਸੋਨੀ, ਪਾ. ਤਰਸੇਮ ਕਲੇਰ, ਪਾ. ਕਰਮਜੀਤ, ਪਾ. ਗਿਆਨ ਸਿੰਘ, ਪਾ.ਅਜਮੇਰ ਮਸੀਹ, ਭਾਈ ਬਿਲਸਨ ਅਤੇ ਕਈ ਹੋਰ ਹਾਜ਼ਰ ਸਨ।

## ਕਾਮਰੇਡ ਸਵਪਨ ਮੁਖਰਜੀ ਦੀ ਮੌਤ 'ਤੇ ਸ਼ੋਕ ਸਭਾ

ਜਲੰਧਰ- ਸਥਾਨਕ ਦੇਸ਼ ਭਗਤ ਯਾਦਗਾਰ ਹਾਲ 'ਚ ਕਾਮਰੇਡ ਸਵਪਨ ਮੁਖਰਜੀ ਦੀ ਮੌਤ 'ਤੇ ਇਕ ਸ਼ੋਕ ਸਭਾ ਕੀਤੀ ਗਈ। ਜਿਸ ਵਿੱਚ ਕਮੇਟੀ ਦੇ ਸਮੂਹ ਅਹੁਦੇਦਾਰ, ਟਰੱਸਟੀ ਤੇ ਕਮੇਟੀ ਮੈਂਬਰ ਸ਼ਾਮਿਲ ਹੋਏ। ਇਹ ਜਾਣਕਾਰੀ ਪ੍ਰੈਸ ਨੂੰ ਦਿੰਦਿਆਂ ਕਮੇਟੀ ਦੇ ਪ੍ਰਧਾਨ ਦਰਬਾਰਾ ਸਿੰਘ ਢਿੱਲੋਂ, ਜਨਰਲ ਸਕੱਤਰ ਡਾ. ਰਘਬੀਰ ਕੌਰ, ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਕਿਹਾ ਕਿ ਕਮੇਟੀ ਸਵਪਨ ਮੁਖਰਜੀ ਦੀ ਮੌਤ 'ਤੇ ਉਨ੍ਹਾਂ ਦੀ ਪਾਰਟੀ ਸੀ.ਪੀ.ਆਈ.ਐਮ.ਐਲ (ਲਿਬਰੇਸ਼ਨ) ਨਾਲ ਡੂੰਘੇ ਦੁੱਖ ਦਾ ਇਜ਼ਹਾਰ ਕਰਦੀ ਹੈ। ਉਨ੍ਹਾਂ ਕਾਮਰੇਡ ਦੀ ਮੌਤ ਨੂੰ ਇੱਕ ਨਾ ਪੂਰਾ ਹੋਣ ਵਾਲਾ ਘਾਟਾ ਕਿਹਾ ਹੈ।

ਉਨ੍ਹਾਂ ਕਿਹਾ ਕਿ ਕਾਮਰੇਡ ਸਵਪਨ ਮੁਖਰਜੀ ਬੇਸ਼ੱਕ ਪੰਜਾਬ ਤੋਂ ਬਾਹਰ ਦੇ ਬਸ਼ਿੰਦੇ ਸਨ ਪ੍ਰੰਤੂ ਉਨ੍ਹਾਂ ਨੇ ਪੰਜਾਬ ਵਿੱਚ ਰਹਿ ਕੇ ਸੀ.ਪੀ.ਆਈ.ਐਮ.ਐਲ (ਲਿਬਰੇਸ਼ਨ) ਦੀ ਅਗਵਾਈ ਹੇਠ ਕਿਰਤੀ ਲੋਕਾਂ ਦੀ ਲਾਮਬੰਦੀ ਕਰਨ ਵਿੱਚ ਵਿਸ਼ੇਸ਼ ਯੋਗਦਾਨ ਪਾਇਆ ਹੈ। **-ਤਰਸੇਮ ਜਲੰਧਰੀ**

# ਸਰਹਾਲ਼ ਮੁੰਡੀ ਵਾਸੀਆਂ ਦੀ ਕਲੇਰ, ਚੌਧਰੀ ਤੇ ਖਹਿਰੇ ਨਾ ਲਈ ਸਾਰ

**ਗੁਰਾਇਆ (ਨਿਰਮਲ ਗੁੜਾ)–** ਹਲਕਾ ਫਿਲੌਰ ਦੇ ਲੋਕ ਹਲਕਾ ਵਿਧਾਇਕ ਸ੍ਰੀ ਅਵਿਨਾਸ਼ ਚੰਦਰ ਕਲੇਰ, ਮੈਂਬਰ ਪਾਰਲੀਮੈਂਟ ਚੌਧਰੀ ਸੰਤੋਖ ਸਿੰਘ ਅਤੇ ਹਲਕਾ ਇਨਚਾਰਜ ਬਲਦੇਵ ਸਿੰਘ ਖਹਿਰਾ ਦੀ ਅਣਦੇਖੀ ਦੇ ਕਾਰਣ ਪਿੰਡਾਂ ਦਾ ਵਿਕਾਸ ਨਾ ਹੋਣ ਕਾਰਣ ਸਮੱਸਿਆਵਾਂ ਨਾ਼ਲ ਜੂਝਦੇ ਹੋਏ ਆਪਣੇ ਆਪ ਨੂੰ ਅਨਾਥ ਤੇ ਬੇ-ਸਹਾਰਾ ਮਹਿਸੂਸ ਕਰ ਰਹੇ ਹਨ। ਇਸ ਦੀ ਅਹਿਮ ਮਿਸਾਲ ਮਿਲ ਰਹੀ ਹੈ ਹਲਕਾ ਫਿਲੌਰ ਦੇ ਪਿੰਡ ਸਰਹਾ਼ਲ ਮੁੰਡੀ ਤੋਂ ਜਿਥੇ ਲੋਕ ਲਮੇ ਸਮੇ ਤੋਂ ਗੰਦੇ ਪਾਣੀ ਦਾ ਨਿਕਾਸ ਨਾ ਹੋਣ ਕਾਰਣ ਨਰਕ ਭਰੀ ਜਿੰਦਗੀ ਜਿਊਣ ਲਈ ਮਜਬੂਰ ਹਨ। ਪੱਤਰਕਾਰਾਂ ਦੀ ਟੀਮ ਨੇ ਜਦੋਂ ਪਿੰਡ ਸਰਹਾ਼ਲ ਮੁੰਡੀ ਦਾ ਦੌਰਾ ਕੀਤਾ ਤਾਂ ਪਿੰਡ ਵਾਸੀਆਂ ਨੇ ਦੱਸਿਆ ਕਿ ਜਦੋਂ ਤੋਂ ਪਿੰਡ ਵਸਿਆ ਹੈ ਉਦੋਂ ਤੋਂ ਪਿੰਡ ਦੇ ਗੰਦੇ ਪਾਣੀ ਦੇ ਨਿਕਾਸ ਦਾ ਕੋਈ ਪੱਕਾ ਪ੍ਰਬੰਧ ਨਹੀਂ ਕੀਤਾ ਗਿਆ, ਪਿੰਡ ਵਿੱਚ ਛੱਪੜ ਨਾ ਹੋਣ ਕਾਰਣ ਨਹਿਰ ਦੇ ਕਿਨਾਰੇ ਟੋਆ ਪੁਟਕੇ ਗੰਦਾ ਪਾਣੀ ਪਾਇਆ ਜਾ ਰਿਹਾ ਸੀ ਅਤੇ ਜਦੋਂ ਟੋਇਆ ਭਰ ਜਾਂਦਾ ਸੀ ਤਾਂ ਓਵਰ ਫਲੋ ਹੋ ਕੇ ਪਾਣੀ ਨਹਿਰ ਵਿੱਚ ਚਲਿਆ ਜਾਂਦਾ ਸੀ, ਪਰ ਕਰੀਬ 10 ਮਹੀਨੇ ਤੋਂ ਇਹ ਨਹਿਰ ਸਰਕਾਰ ਵਲੋਂ ਪੱਕੀ ਬਣਾ ਦਿਤੀ ਹੈ ਅਤੇ ਨਹਿਰੀ ਵਿਭਾਗ ਵਲੋਂ ਨਹਿਰ ਵਿੱਚ ਪਾਣੀ ਪਾਉਣ ਤੋਂ ਮਨਾ ਕਰ ਦਿਤਾ ਹੈ। ਜਿਸ ਕਾਰਣ ਗੰਦਾ ਪਾਣੀ ਲੋਕਾਂ ਦੇ ਘਰਾਂ ਅਤੇ ਗ਼ਲੀਆਂ ਵਿੱਚ ਖੜਾ ਹੋਣ ਲੱਗ ਪਿਆ। ਇਸ ਸਮੱਸਿਆ ਨੂੰ ਗੰਭੀਰਤਾ ਨਾ਼ਲ ਲੈਂਦਿਆਂ ਗ੍ਰਾਮ ਪੰਚਾਇਤ ਅਤੇ ਪਿੰਡ ਵਾਸੀਆਂ ਵਲੋਂ ਆਪਣੇ ਤੌਰ ਤੇ ਪਿੰਡ ਤੋਂ ਬਾਹਰ ਪੰਚਾਇਤੀ ਜਮੀਨ ਵਿੱਚ ਟੋਆ ਪੁਟਕੇ ਪਿੰਡ ਦਾ ਗੰਦਾ ਪਾਣੀ ਪਾਇਆ ਜਾ ਰਿਹਾ ਹੈ। ਪਿੰਡ ਵਾਸੀਆਂ ਨੇ ਦੱਸਿਆ ਕਿ ਛੱਪੜ ਪੁੱਟਣ ਅਤੇ ਖਾ਼ਲੇ ਨੂੰ ਪੱਕਾ ਕਰਨ ਲਈ ਹਲਕਾ



ਵਿਧਾਇਕ ਸ੍ਰੀ ਅਵਿਨਾਸ਼ ਚੰਦਰ ਕਲੇਰ ਨੇ ਢਾਈ ਲੱਖ ਰੁਪਏ ਦੀ ਗ੍ਰਾਂਟ ਦੇਣ ਲਈ ਕਰੀਬ 7 ਮਹੀਨੇ ਤੋਂ ਲਾਰਾ ਲਗਾਉਂਦੇ ਰਹੇ ਹਨ, ਪਰ ਅਜੇ ਤੱਕ ਕੋਈ ਪੈਸਾ ਨਹੀਂ ਦਿਤਾ। ਪਿੰਡ ਵਾਸੀਆਂ ਨੇ ਦੱਸਿਆ ਕਿ ਉਹ ਹਲਕਾ ਫਿਲੌਰ ਦੇ ਇੰਚਾਰਜ ਬਲਦੇਵ ਸਿੰਘ ਖਹਿਰਾ ਨੂੰ ਵੀ ਕਈ ਵਾਰ ਮਿਲ ਚੁਕੇ ਹਨ। ਸਮੱਸਿਆ ਨੂੰ ਫੌਰੀ ਤੋਰ ਤੇ ਹਲ ਕਰਨ ਦੀ ਅਪੀਲ ਕਰਦਿਆਂ ਪਿੰਡ ਦੇ ਸਰਪੰਚ ਬਨਾਰਸੀ ਦਾਸ ਅਤੇ ਬਲਾਕ ਸੰਮਤੀ ਮੈਂਬਰ ਰਾਮ ਲਭਾਇਆ ਨੇ ਕਿਹਾ ਕਿ ਪਿੰਡ ਵਿੱਚ ਗੰਦੇ ਪਾਣੀ ਦੇ ਕਾਰਣ ਜਿਥੇ ਭਿਆਨਕ ਬਿਮਾਰੀਆਂ ਫੈਲਣ ਦਾ ਡਰ ਬਣਿਆ ਹੋਇਆ ਹੈ ਉਥੇ ਹੀ ਜਿਸ ਰਸਤੇ ਵਿੱਚੋਂ ਖਾ਼ਲਾ ਪੁੱਟਕੇ ਗੰਦਾ ਪਾਣੀ ਛੱਪੜ ਵਿੱਚ ਪਾਇਆ ਜਾ ਰਿਹਾ ਹੈ ਉਥੋਂ ਲੰਘਣ ਵਾ਼ਲੇ ਜਿਮੀਦਾਰਾਂ ਨੂੰ ਵੀ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਸੰਬੰਧੀ ਜਦੋਂ ਬਲਾਕ ਵਿਕਾਸ ਪੰਚਾਇਤ ਅਫਸਰ ਅਭੈਚੰਦਰ ਸ਼ੇਖਰ ਨੂੰ ਪੁਛਿਆ ਤਾਂ ਉਹਨਾਂ ਕਿਹਾ ਕਿ ਇਸ ਪਿੰਡ ਲਈ ਢਾਈ ਲੱਖ ਰੁਪਏ ਦੀ ਗ੍ਰਾਂਟ ਸੈਂਗਸ਼ਨ ਹੋਣ ਲਈ ਭੇਜਿਆ ਗਿਆ ਹੈ ਅਤੇ ਜਲਦੀ ਗ੍ਰਾਂਟ ਆਉਣ ਤੇ ਕੰਮ ਸ਼ੁਰੂ ਕਰਵਾ ਦਿਤਾ ਜਾਵੇਗਾ। ਇਥੇ ਜਿਕਰਯੋਗ ਹੈ ਕਿ ਬੀਤੇ ਦਿਨੀ ਹਲਕਾ ਵਿਧਾਇਕ ਸ੍ਰੀ ਅਵਿਨਾਸ਼ ਚੰਦਰ ਕਲੇਰ ਸਾਤੀਆਂ ਸਮੇਤ ਪਿੰਡ ਦੀ ਸੜਕ ਦੀ ਰਿਪੇਅਰ ਦਾ ਨੀਂਹ ਪੱਥਰ ਰੱਖਣ ਆਏ, ਪਰ ਉਹਨਾਂ ਨੇ ਦਲਿਤਾਂ ਦੇ ਮੁਹੱਲੇ ਦੀ ਗੰਦੇ ਪਾਣੀ ਦੀ ਇਸ ਸਮੱਸਿਆ ਨੂੰ ਜਾਨਣਾ ਜਰੂਰੀ ਨਹੀਂ ਸਮਜਿਆ, ਇਸੇ ਤਰਾਂ ਬੀਤੇ ਦਿਨੀ ਮੈਂਬਰ ਪਾਰਲੀਮੈਂਟ ਚੌਧਰੀ ਸੰਤੋਖ ਸਿੰਘ ਪਿੰਡ ਦੇ ਰਸਤੇ ਦੀ ਰਿਪੇਅਰ ਕਰਨ ਲਈ ਨੀਂਹ ਪੱਥਰ ਰੱਖਣ ਲਈ ਪਿੰਡ ਪਧਾਰੇ ਪਰ ਉਹਨਾਂ ਨੇ ਵੀ ਦਲਿਤ ਬਸਤੀ ਦੀ ਇਸ ਸਮੱਸਿਆ ਨੂੰ ਦੇਖਣ ਅਤੇ ਪਿੰਡ ਵਾਸੀਆਂ ਨੂੰ ਮਿਲਣ ਦੀ ਕੋਸ਼ਿਸ਼ ਨਹੀਂ ਕੀਤੀ ਅਤੇ ਇਸੇ ਤਰਾਂ ਹਲਕਾ ਇਨਚਾਰਜ ਬਲਦੇਵ ਸਿੰਘ ਖਹਿਰਾ ਸਾਥੀਆਂ ਸਮੇਤ ਇਸ ਪਿੰਡ ਦੇ ਨਜਦੀਕ ਇਕ ਧਾਰਮਿਕ ਸਥਾਨ ਤੇ ਆਸ਼ੀਰਬਾਦ ਲੈਣ ਆਏ ਪਰ ਉਹਨਾਂ ਨੇ ਵੀ ਪਿੰਡ ਵਾਸੀਆਂ ਦੀ ਇਸ ਸਮੱਸਿਆ ਨੂੰ ਜਾਨਣ ਦੀ ਕੋਸ਼ਿਸ਼ ਨਹੀਂ ਕੀਤੀ। ਲੋੜ ਹੈ ਜਿਥੇ ਪੰਜਾਬ ਦੇ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਅਤੇ ਡਿਪਟੀ ਮੁੱਖ ਮੰਤਰੀ ਸ. ਸੁਖਬੀਰ ਸਿੰਘ ਬਾਦਲ ਵਲੋਂ ਪੰਜਾਬ ਦੇ ਵਿਕਾਸ ਲਈ ਹਰ ਉਪਰਾਲਾ ਕੀਤਾ ਜਾ ਰਿਹਾ ਹੈ ਉਥੇ ਲੋਕਲ ਲੇਵਲ ਤੇ ਪ੍ਰਸ਼ਾਸ਼ਨ ਅਤੇ ਹਲਕਾ ਅਧਿਕਾਰੀਆਂ ਨੂੰ ਲੋਕਾਂ ਦੀਆਂ ਸਮੱਸਿਆਵਾਂ ਨੂੰ ਜਾਣਕੇ ਤੁਰੰਤ ਹਲ ਕਰਨ ਦੀ ਤਾਂ ਜੋ ਲੋਕ ਇਸ ਤਰਾਂ ਦੀਆਂ ਸਮੱਸਿਆਵਾਂ ਤੋਂ ਪ੍ਰੇਸ਼ਾਨ ਨਾ ਹੋਣ ਅਤੇ ਪੰਜਾਬ ਦੇ ਮੁੱਖ ਮੰਤਰੀ ਦਾ ਸਪਨਾ ਪੂਰਾ ਹੋ ਸਕੇ।


ਕੀ ਤੁਸੀਂ ਘਰ ਜਾਂ ਵਪਾਰਕ ਸੰਪਤੀ ਖਰੀਦਣੀ ਜਾਂ ਵੇਚਣੀ ਚਾਹੁੰਦੇ ਹੋ। ਤਾਂ ਅੱਜ ਹੀ ਸਾਨੂੰ ਮਿਲੋ

ਅਸੀਂ ਤੁਹਾਡੇ ਸੁਪਨਿਆਂ ਨੂੰ ਸਾਕਾਰ ਕਰਨ ਵਿਚ ਸਹਾਈ ਹੋ ਸਕਦੇ ਹਾਂ।



JOHN SINGH BANGA
Realtor, Lic # 01397975
916-271-5404
banga.realtor@gmail.com

TEAM JD

ELITE REALTY SERVICES

DALVIR 'DIL' NIJJAR
Realtor, Lic # 01418648
916-628-2210
dil.realtor@gmail.com



Office: 916-681-5112
7412 Elsie Avenue, Sacramento CA 94828

## ਪੰਜਾਬ ਅਸੰਬਲੀ ਚੋਣਾਂ

# ਪਿੜ ਬੱਝਾ ਨਹੀਂ, ਦਿਸ਼ਾ-ਹੀਣ, ਸਵਾਰਥੀ ਤੇ ਮੌਕਾਪ੍ਰਸਤ ਸਿਆਸੀ ਲੋਕ ਮੈਦਾਨ ਵਿੱਚ



ਗੁਰਮੀਤ ਸਿੰਘ ਪਲਾਹੀ
91-98158-02070

ਸਿਧਾਂਤ, ਨੇਤਾ, ਸੰਗਠਨ ਕਿਸੇ ਵੀ ਸੰਸਥਾ ਜਾਂ ਰਾਜਨੀਤਕ ਪਾਰਟੀ ਦੇ ਥੰਮ੍ਹ ਗਿਣੇ ਜਾ ਸਕਦੇ ਹਨ। ਸਿਧਾਂਤ-ਵਿਹੂਣਾ ਨੇਤਾ ਕਿਸੇ ਵੀ ਪਾਰਟੀ, ਗੁੱਟ ਜਾਂ ਧਿਰ ਨੂੰ ਨੀਵਾਣਾਂ ਵੱਲ ਲੈ ਕੇ ਤੁਰ ਜਾਂਦਾ ਹੈ। ਮੈਂ ਨਾ ਮਾਨੂੰ ਦੀ ਸਿਆਸਤ ਕਰਦਿਆਂ, ਲੋਕਾਂ ਤੋਂ ਪ੍ਰਾਪਤ 'ਹਰਮਨ-ਪਿਆਰਤਾ' ਦੇ ਬਲਬੂਤੇ ਦਿਸ਼ਾ-ਹੀਣ ਡਿਕਟੇਟਰਾਨਾ ਬਿਰਤੀ ਨਾਲ ਉਹ ਅਥਾਹ ਸ਼ਕਤੀਆਂ ਆਪਣੇ ਪੱਲੇ ਬੱਝਣ ਦਾ ਭਰਮ ਪਾਲ ਲੈਂਦਾ ਹੈ। ਲੋਕ ਜਦੋਂ ਇਹੋ ਜਿਹੀ ਧਿਰ, ਗੁੱਟ, ਸੰਸਥਾ, ਪਾਰਟੀ ਦੇ ਭਰਮ ਜਾਲ ਵਿੱਚੋਂ ਨਿਕਲਦੇ ਹਨ, ਤਾਂ ਬਣਿਆ-ਬੁਣਿਆ ਜਾਲ ਤਾਰ-ਤਾਰ ਹੋ ਜਾਂਦਾ ਹੈ। ਬਿਨਾਂ ਸ਼ੱਕ ਇਹੋ ਜਿਹੀ ਹਾਲਤ ਵਿੱਚ ਲੋਕਾਂ ਵਿੱਚ ਨਿਰਾਸ਼ਤਾ ਫੈਲਦੀ ਹੈ ਤੇ ਉਹ ਆਪਣੇ ਆਪ ਨੂੰ ਠੱਗਿਆ-ਠੱਗਿਆ ਮਹਿਸੂਸ ਕਰਦੇ ਹਨ। ਫਿਰ ਵੀ ਲੋਕ ਦੇਰ-ਸਵੇਰ ਨੇਤਾਵਾਂ, ਸਿਧਾਂਤਾਂ, ਸੰਗਠਨਾਂ ਦੀ ਪਰਖ ਕਰਦਿਆਂ ਆਪਣਾ ਰਸਤਾ ਖ਼ੁਦ ਬਣਾ ਹੀ ਲਿਆ ਕਰਦੇ ਹਨ।

ਉਹ ਨੇਤਾ ਹੀ ਕੀ, ਜਿਸ ਦਾ ਕੋਈ ਵਿਜ਼ਨ (ਦ੍ਰਿਸ਼ਟੀਕੋਣ) ਹੀ ਨਾ ਹੋਵੇ? ਉਹ ਸੰਗਠਨ ਹੀ ਕੀ, ਜਿਸ ਦਾ ਕੋਈ ਸਿਧਾਂਤ ਹੀ ਨਾ ਹੋਵੇ? ਉਹ ਸੰਸਥਾ ਹੀ ਕੀ, ਜਿਸ ਵਿੱਚ ਅਨੁਸ਼ਾਸਨ ਦੀ ਘਾਟ ਹੋਵੇ? ਅਤੇ ਇਸ ਸੱਭੋ ਕੁਝ ਦੇ ਨਾਲ-ਨਾਲ ਉਸ ਗੁੱਟ, ਧਿਰ, ਪਾਰਟੀ, ਸੰਗਠਨ ਨੂੰ ਲੋਕ ਪਾਰਟੀ, ਲੋਕ ਸੰਸਥਾ ਦਾ ਨਾਮ ਕਿਵੇਂ ਦਿੱਤਾ ਜਾ ਸਕਦਾ ਹੈ, ਜੇਕਰ ਉਸ ਦੀ ਕਹਿਣੀ-ਕਰਨੀ, ਬੋਲਾਂ-ਅਮਲਾਂ ਵਿੱਚ ਵਖਰੇਵਾਂ ਹੋਵੇ?

ਉਂਜ ਤਾਂ ਪੂਰਾ ਦੇਸ਼ ਹੀ, ਪਰ ਵਿਸ਼ੇਸ਼ ਕਰ ਕੇ ਸੂਬਾ ਪੰਜਾਬ ਅੱਜ ਦਿਸ਼ਾ-ਹੀਣ, ਸਵਾਰਥੀ, ਮੌਕਾਪ੍ਰਸਤ, ਲੋਕ-ਲੋਟੂ ਸਿਆਸਤ ਹੰਢਾ ਰਿਹਾ ਹੈ, ਨਹੀਂ ਤਾਂ ਆਉਂਦੀਆਂ ਵਿਧਾਨ ਸਭਾ ਚੋਣਾਂ 'ਚ ਸਿਧਾਂਤ-ਹੀਣ ਸਿਆਸਤ ਕਰਦਿਆਂ, ਭਲਾ ਕਿਉਂ ਪੰਜਾਬ ਦਾ ਰਾਜ-ਭਾਗ ਸੰਭਾਲਣ ਲਈ, ਨਿੱਤ ਨਵੀਆਂ ਰਾਜਨੀਤਕ ਧਿਰਾਂ ਤੱਤ-ਭੜੱਥੇ ਫ਼ੈਸਲੇ ਲੈਣ, ਨਿੱਤ ਨਵੇਂ ਤੀਜੇ, ਚੌਥੇ, ਪੰਜਵੇਂ ਫ਼ਰੰਟ ਬਣਨ, ਸਿਆਸੀ ਮੰਡੀ 'ਚ ਨੇਤਾਵਾਂ ਦੇ ਤੋਲ-ਮੋਲ ਹੋਣ 'ਤੇ ਭਾਅ ਲੱਗਣ ਅਤੇ ਹਰ ਐਰਾ-ਗੈਰਾ ਨੇਤਾ ਤੇ ਪਾਰਟੀ ਇਹ ਭਰਮ ਪਾਲ ਬੈਠੇ ਕਿ ਉਹ ਹੀ ਪੰਜਾਬ-ਹਿਤੈਸ਼ੀ ਹੈ ਤੇ ਪੰਜਾਬ ਦੇ ਲੋਕਾਂ ਦੇ ਦੁੱਖ-ਦਰਦ ਨੂੰ ਸਮਝ ਸਕਦੀ ਹੈ, ਉਨ੍ਹਾਂ ਦੇ ਮਸਲੇ ਹੱਲ ਕਰਨ ਦੇ ਸਮਰੱਥ ਹੈ? ਅਸਲ ਵਿੱਚ ਪੰਜਾਬ 'ਚ ਖੁੰਬਾਂ ਵਾਂਗ ਉੱਗੇ ਨੇਤਾਵਾਂ ਨੇ ਆਪਣੇ ਮਨਾਂ 'ਚ ਇਹ ਭਰਮ ਪਾਲ ਲਿਆ ਹੈ ਕਿ ਉਹ 'ਹਰਮਨ-ਪਿਆਰੇ' ਹਨ। ਬਿਨਾਂ ਸ਼ੱਕ ਉਹ ਮਸ਼ਹੂਰ ਨੇਤਾ ਜਾਂ ਪ੍ਰਸਿੱਧ ਸ਼ਖਸ ਹੋ ਸਕਦੇ ਹਨ, ਹਰਮਨ-ਪਿਆਰੇ ਤਾਂ ਕਦਾਚਿਤ ਵੀ ਨਹੀਂ ਹੋ ਸਕਦੇ।

ਪੰਜਾਬ ਦੀਆਂ ਵਿਧਾਨ ਸਭਾ ਚੋਣਾਂ 'ਚ ਇੱਕ ਦਰਜਨ ਤੋਂ ਵੱਧ ਪਾਰਟੀਆਂ ਅਤੇ ਫ਼ਰੰਟ ਮੈਦਾਨ ਵਿੱਚ ਨਿੱਤਰਨ ਦੀਆਂ ਤਿਆਰੀਆਂ 'ਚ ਹਨ। ਇਹ ਗਿਣਤੀ ਸਵਾ ਜਾਂ ਡੇਢ ਦਰਜਨ ਵੀ ਹੋ ਸਕਦੀ ਹੈ, ਪਰ ਬਹੁਤੀਆਂ ਪਾਰਟੀਆਂ, ਫ਼ਰੰਟਾਂ ਕੋਲ ਪੰਜਾਬ ਜਾਂ ਪੰਜਾਬੀਆਂ ਨੂੰ ਦੇਣ ਲਈ ਕੁਝ ਵੀ ਨਹੀਂ ਹੈ। ਕੀ ਨਪੀੜੇ ਜਾ ਰਹੇ ਪੰਜਾਬੀ ਇਹੋ ਜਿਹੇ ਨੇਤਾਵਾਂ ਨੂੰ ਸਵਾਲ ਕਰਨਗੇ? ਮੁਸੀਬਤਾਂ ਹੰਢਾ ਕੇ ਵਰ੍ਹਿਆਂ-ਬੱਧੀ ਜ਼ਿਆਦਤੀਆਂ ਸਹਿ ਕੇ, ਬਲਦੀ ਦੀ ਬੁੱਥੇ ਵਿੱਚੋਂ ਸਾਲਾਂ-ਬੱਧੀ ਲੰਘ ਕੇ ਕੀ ਹਾਲੇ ਵੀ ਉਹ ਹਾਜ਼ਰ-ਹਜ਼ੂਰ ਦੀ ਬਿਰਤੀ ਛੱਡ ਕੇ ਸ਼ੇਰੇ-ਪੰਜਾਬ, ਅਣਖੀ ਬਿਰਤੀ ਅਪਨਾਉਣ ਲਈ ਮਨ ਨੂੰ ਸਾਧ ਸਕੇ ਹਨ? ਹੈਰਾਨ ਹੁੰਦੇ ਹਾਂ ਉਦੋਂ, ਜਦੋਂ ਦਿੱਲੀਓਂ ਕੋਈ ਆਉਂਦਾ, ਲਾਲ ਬੱਤੀ ਵਾਲੀ ਟਿਕਟ ਦਾ ਲਿਸ਼ਕਾਰਾ ਪਾਉਂਦਾ ਅਤੇ ਸਵਾਰਥੀ ਲੋਕ ਟੁੱਕੜ-ਬੋਚਾਂ, ਝੋਲੀ-ਚੁੱਕਾਂ ਵਾਂਗ ਲਾਲਾਂ ਸੁੱਟਦੇ ਪੰਡਾਂ ਦੀਆਂ ਪੰਡਾਂ ਰੁਪੱਈਆ ਉਨ੍ਹਾਂ ਦੇ ਦਰ ਸੁੱਟਣ ਵੱਲ ਹੋ ਤੁਰਦੇ ਹਨ। ਸਿਧਾਂਤ-ਹੀਣ ਸਿਆਸਤ ਕਰਦਾ ਕੋਈ ਨੇਤਾ, ਆਪਣੇ ਝੋਲੀ-ਚੁੱਕਾਂ ਦੀ ਫ਼ੌਜ 'ਚ ਵਾਧਾ ਕਰਨ ਲਈ ਹਲਕਾ ਇੰਚਾਰਜ ਦਾ ਲਾਲੀ-ਪਾਪ ਦਿਖਾਉਂਦਾ। ਸਵਾਰਥੀ ਲੋਕ ਸਾਰੇ ਆਦਰਸ਼ ਛਿੱਕੇ ਟੰਗ ਕੇ, ਬਿਨਾਂ ਆਪਣਿਆਂ ਅਤੇ ਆਪਣਿਆਂ ਦੇ ਹਿੱਤਾਂ ਦੀ ਪ੍ਰਵਾਹ ਕਰਦਿਆਂ ਉਨ੍ਹਾਂ ਪਿੱਛੇ ਹੋ ਤੁਰਦੇ ਹਨ। ਕਿਹੋ ਜਿਹੀ ਸੋਚ ਪਾਲ ਬੈਠੇ ਹਾਂ ਅਸੀਂ ਅਣਖੀ, ਆਦਰਸ਼ਾਂ ਲਈ ਜਾਨ ਤੱਕ ਵਾਰਨ ਵਾਲੇ ਪੰਜਾਬੀ?

ਪੰਜਾਬ ਦਾ ਮੌਜੂਦਾ ਹਾਕਮ ਟੋਲਾ ਲੱਗਭੱਗ ਦਸ ਸਾਲ ਰਾਜ ਕਰ ਕੇ ਵੀ ਨਹੀਂ ਰੱਜਿਆ; ਇਹ ਜਾਣ ਕੇ ਵੀ ਕਿ ਪੰਜਾਬ ਉਨ੍ਹਾਂ ਦੇ ਰਾਜ 'ਚ ਨੀਵਾਣਾਂ ਵੱਲ ਗਿਆ ਹੈ, ਕਰਜ਼ਾਈ ਹੋਇਆ ਹੈ। ਪੰਜਾਬ ਦਾ ਹਰ ਵਰਗ ਪ੍ਰੇਸ਼ਾਨੀ ਦੇ ਆਲਮ ਵਿੱਚੋਂ ਲੰਘ ਰਿਹਾ ਹੈ। ਮੁਲਾਜ਼ਮ ਪ੍ਰੇਸ਼ਾਨ ਹੈ, ਮਜ਼ਦੂਰ-ਕਿਸਾਨ ਔਖੀ ਜ਼ਿੰਦਗੀ ਲੰਘਾ ਰਿਹਾ ਹੈ। ਕਾਰਖਾਨੇਦਾਰ ਪੰਜਾਬੋਂ ਭੱਜ ਰਿਹਾ ਹੈ। ਇਥੇ ਬਿਜਲੀ-ਪਾਣੀ ਮਹਿੰਗਾ ਹੋਇਆ ਹੈ। ਭ੍ਰਿਸ਼ਟਾਚਾਰ ਵਧਿਆ ਹੈ। ਨਸ਼ਿਆਂ ਨੇ ਪੰਜਾਬ ਦਾ ਲੱਕ ਤੋੜ ਦਿੱਤਾ ਹੈ। ਵਿਕਾਸ ਦੇ ਨਾਮ ਉੱਤੇ ਬੇ-ਓੜਕੇ, ਬੇ-ਵਜ੍ਹਾ ਖ਼ਰਚਿਆਂ 'ਚ ਵਾਧਾ ਕਰ ਦਿੱਤਾ ਗਿਆ ਹੈ। ਯੋਧਿਆਂ, ਸੂਰਮਿਆਂ, ਵੱਡੀਆਂ ਸ਼ਖਸੀਅਤਾਂ ਦੀਆਂ ਯਾਦਗਾਰਾਂ ਬਣਾਈਆਂ ਜਾ ਰਹੀਆਂ ਹਨ, ਪਰ ਉਨ੍ਹਾਂ ਦੇ ਆਦਰਸ਼ਾਂ ਨੂੰ, ਉਨ੍ਹਾਂ ਦੇ ਅਸੂਲਾਂ ਨੂੰ ਛਿੱਕੇ ਟੰਗਿਆ ਜਾ ਰਿਹਾ ਹੈ। ਮਾਫੀਏ ਨੇ ਆਮ ਲੋਕ ਜਿਊਣੋਂ ਦੁੱਭਰ ਕੀਤੇ ਹੋਏ ਹਨ। ਨਿੱਤ ਮੁਲਾਜ਼ਮਾਂ, ਬੇਰੁਜ਼ਗਾਰਾਂ ਦੇ ਹੱਡ ਭੰਨੇ ਜਾ ਰਹੇ ਹਨ। ਕਿਸਾਨ, ਮਜ਼ਦੂਰ ਜ਼ਿੰਦਗੀ ਤੋਂ ਬੇ-ਮੁੱਖ ਹੋ ਕੇ ਖ਼ੁਦਕੁਸ਼ੀਆਂ ਦੇ ਰਾਹ ਪੈ ਰਹੇ ਹਨ। ਬੇ-ਰੁਜ਼ਗਾਰ ਨੌਜਵਾਨ ਸੂਬਾ ਛੱਡ ਕੇ ਦੇਸ਼-ਵਿਦੇਸ਼ ਜਾਣ 'ਤੇ ਮਜਬੂਰ ਕਰ ਦਿੱਤੇ ਗਏ ਹਨ।

ਇਹੋ ਜਿਹੀਆਂ ਨਾਕਾਮੀਆਂ ਹੱਥ ਲੈ ਕੇ ਵੀ ਹਾਕਮ ਅੱਗੋਂ ਰਾਜ ਕਰਨ ਦੀ ਤਾਂਘ ਕਿਉਂ ਪਾਲ ਰਹੇ ਹਨ? ਹਾਕਮ ਦੀ ਕੁਰਸੀ ਹੱਥੋਂ ਨਾ ਖਿਸਕ ਜਾਏ; ਸਾਮ, ਦਾਮ, ਦੰਡ ਦੇ ਨਾਪਾਕ ਸਿਧਾਂਤ ਦਾ ਪੱਲਾ ਫੜ ਕੇ ਸਮਾਜ ਦੇ ਹਰ ਵਰਗ ਦੇ ਪੰਜਾਬੀਆਂ ਨੂੰ ਭਰਮਾਉਣ ਲਈ ਕਿਧਰੇ ਨੀਲੇ ਕਾਰਡ ਉਨ੍ਹਾਂ ਦੇ ਪੱਲੇ ਪਾਉਣ ਦੀ ਦੌੜ ਲੱਗੀ ਹੋਈ ਹੈ, ਕਿਧਰੇ ਸੰਗਤ ਦਰਸ਼ਨ ਰਾਹੀਂ ਪੰਚਾਇਤਾਂ ਨੂੰ ਕਰਜ਼ੇ ਲਈ ਰਕਮ ਪੱਲੇ ਪਾ ਕੇ ਵੋਟਾਂ ਪੱਕੀਆਂ ਕਰਨ ਦੀ ਸਿਆਸਤ ਖੇਡੀ ਜਾ ਰਹੀ ਹੈ। ਪੌਣੇ ਦਸ ਸਾਲ ਬੇਰੁਜ਼ਗਾਰ ਭੁੱਖੇ ਮਾਰ ਕੇ ਕਿਧਰੇ ਟੀਚਰਾਂ ਦੀ, ਕਿਧਰੇ ਪੰਚਾਇਤ ਸਕੱਤਰਾਂ ਦੀ ਅਤੇ ਕਿਧਰੇ ਪੁਲਸ 'ਚ ਸਿਪਾਹੀਆਂ ਦੀ ਭਰਤੀ ਦਾ ਪ੍ਰੋਗਰਾਮ ਵਿੱਢਿਆ ਜਾ ਰਿਹਾ ਹੈ। ਪੰਚਾਇਤਾਂ ਨੂੰ ਵੱਧ ਅਧਿਕਾਰ ਦੇਣ ਜਾਂ ਨਿੱਜੀ ਸਕੂਲਾਂ ਦੇ ਪ੍ਰਬੰਧਕਾਂ ਵੱਲੋਂ ਮਾਪਿਆਂ ਦੀ ਲੁੱਟ ਰੋਕਣ ਲਈ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਕੀਤੇ ਹੁਕਮਾਂ ਨੂੰ ਟਿੱਚ ਕਰ ਕੇ ਜਾਣਿਆ ਜਾ ਰਿਹਾ ਹੈ ਅਤੇ ਪੰਚਾਇਤਾਂ ਤੇ ਹੋਰ ਸਥਾਨਕ ਸਰਕਾਰਾਂ; ਬਲਾਕ ਸੰਮਤੀਆਂ, ਜ਼ਿਲ੍ਹਾ ਪ੍ਰੀਸ਼ਦਾਂ ਨੂੰ ਮਿਲੇ ਸਾਰੇ ਅਧਿਕਾਰ ਅਫ਼ਸਰਸ਼ਾਹੀ-ਬਾਬੂਸ਼ਾਹੀ ਰਾਹੀਂ ਹਥਿਆ ਕੇ ਇੱਕੋ ਥਾਂ, ਇੱਕੋ ਵਿੱਡੋ 'ਚ ਇਕ-ਤਰ ਕਰ ਕੇ ਪਰਵਾਰਕ ਡਿਕਟੇਟਰਸ਼ਿਪ ਵਾਲਾ ਰਾਜ ਸਥਾਪਤ ਕੀਤਾ ਜਾ ਰਿਹਾ ਹੈ।

ਸੁੱਚੇ ਸਿਧਾਂਤਾਂ ਵਾਲਾ ਅਕਾਲੀ ਦਲ ਭਾਵੇਂ ਇਸ ਵੇਲੇ ਬਹੁਤਾ ਕਰ ਕੇ ਕਿਸੇ ਬਾਹਰੀ ਵੱਡੀ ਫੁੱਟ ਦਾ ਸ਼ਿਕਾਰ ਨਹੀਂ ਦਿੱਸਦਾ, ਪਰ ਅੰਦਰੋਗਤੀ ਸੁਖਬੀਰ ਸਿੰਘ ਬਾਦਲ ਅਤੇ ਬਿਕਰਮ ਸਿੰਘ ਮਜੀਠੀਆ ਦਾ ਵਿਰੋਧ ਉਨ੍ਹਾਂ ਦੇ ਹੀ ਪਰਵਾਰਕ ਮੈਂਬਰ, ਕੈਬਨਿਟ ਮੰਤਰੀ ਆਦੇਸ਼ ਪ੍ਰਤਾਪ ਸਿੰਘ ਵੱਲੋਂ ਕੀਤਾ ਜਾ ਰਿਹਾ ਹੈ। ਭਾਵੇਂ ਅਕਾਲੀ ਟਿਕਟਾਂ ਦੀ ਵੰਡ ਵੇਲੇ ਕਿਸੇ ਵੱਡੇ ਰੁਸੇਵੇਂ ਦੀ ਸੰਭਾਵਨਾ ਨਹੀਂ, ਕਿਉਂਕਿ ਪਹਿਲਾਂ ਹੀ ਹਲਕਾ ਇੰਚਾਰਜ ਲਾ ਕੇ ਅਸੰਬਲੀ ਟਿਕਟਾਂ ਦੀ ਵੰਡ ਲੱਗਭੱਗ ਕੀਤੀ ਜਾ ਚੁੱਕੀ ਹੈ, ਪਰ ਅੰਦਰੋਗਤੀ ਉੱਪਰਲਿਆਂ ਨੇ ਆਪਣੇ ਕਿਸ ਵਿਰੋਧੀ ਨੂੰ ਹਰਾਉਣਾ ਹੈ, ਇਸ ਵਾਸਤੇ ਨੀਤੀ ਨਾਲੋ-ਨਾਲ ਹੀ ਤੈਅ ਹੈ, ਅਤੇ ਕੁਝ ਇੱਕ ਨੂੰ ਤਾਂ ਬਾਹਰ ਦਾ ਰਸਤਾ ਵਿਖਾਉਣ ਲਈ ਪਾਰਟੀ ਪ੍ਰਧਾਨ ਵੱਲੋਂ ਮੂੰਹੋਂ-ਤੂਹੀਂ ਜਵਾਬ ਵੀ ਦਿੱਤਾ ਜਾ ਰਿਹਾ ਹੈ, ਅਤੇ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੇ ਧਰਮ ਪੁੱਤਰ ਹਰਮੇਲ ਸਿੰਘ ਟੌਹੜਾ ਨੇ ਤਾਂ ਪਾਰਟੀ ਛੱਡ ਕੇ 'ਆਪ' (ਕੇਜਰੀਵਾਲ) ਦਾ ਪੱਲਾ ਵੀ ਫੜ ਲਿਆ ਹੈ।

ਅਕਾਲੀ ਦਲ ਦੀ ਸਾਂਝੀਵਾਲ ਜੋੜੀਦਾਰ ਭਾਜਪਾ ਦੀ ਹਾਲਤ ਵੀ ਪਤਲੀ ਹੈ। ਨੇਤਾਵਾਂ ਦੇ ਧੜਿਆਂ ਦੇ ਵਿੱਚ ਧੜੇ ਅਤੇ ਸੌੜੀ ਰਾਜਨੀਤੀ ਨੇ ਭਾਜਪਾ ਦਾ ਸਿਆਸੀ ਗ੍ਰਾਫ ਕਾਫ਼ੀ ਹੇਠਾਂ ਡੇਗ ਦਿੱਤਾ ਹੈ। ਵਰਕਰਾਂ ਦੀ ਉਤਲੇ ਪੱਧਰ 'ਤੇ ਪੁੱਛ-ਪ੍ਰਤੀਤ ਨਾ ਹੋਣ ਕਾਰਨ ਉਹ ਅਕਾਲੀ ਦਲ ਨਾਲੋਂ ਨਾਤਾ ਤੋੜ ਕੇ ਇਕੱਲਿਆਂ ਚੋਣ ਲੜਨ ਦੇ ਚਾਹਵਾਨ ਹਨ, ਪਰ ਭਾਜਪਾ ਦੀ ਅਕਾਲੀ ਦਲ ਨਾਲ ਸਾਂਝ ਤੋਂ ਬਿਨਾਂ ਕਿਉਂਕਿ ਇਸ ਪਾਰਟੀ ਦੇ ਪੱਲੇ ਕੋਈ ਵੀ ਸੀਟ ਸੁਰੱਖਿਅਤ ਨਹੀਂ ਸਮਝੀ ਜਾ ਰਹੀ, ਇਸ ਵਾਸਤੇ ਅਕਾਲੀ-ਭਾਜਪਾ ਗੱਠਜੋੜ ਪਹਿਲਾਂ ਵਰਗਾ ਹੀ ਗੱਠਜੋੜ ਹੋਵੇਗਾ। ਇਸ ਦਾ ਮੁਕਾਬਲਾ ਕਾਂਗਰਸ ਨਾਲ ਹੋਣਾ ਤਾਂ ਤੈਅ ਹੀ ਹੈ, ਭਾਵੇਂ ਕਾਂਗਰਸ ਵਿਚਲੇ ਬਹੁਤੇ ਕਾਂਗਰਸੀ ਨੇਤਾ ਬੁਰੀ ਤਰ੍ਹਾਂ ਧੜੇਬੰਦੀ ਦਾ ਸ਼ਿਕਾਰ ਹਨ ਅਤੇ ਕਾਟੋ-ਕਲੇਸ਼ ਕਾਰਨ ਸੁਖਪਾਲ ਸਿੰਘ ਖਹਿਰਾ, ਬੀਰ ਦਵਿੰਦਰ ਸਿੰਘ, ਜਗਮੀਤ ਸਿੰਘ ਬਰਾੜ ਨੂੰ ਕਾਂਗਰਸ ਪਾਰਟੀ ਛੱਡਣੀ ਪਈ ਹੈ। ਚਾਹੇ ਕਾਂਗਰਸ ਵੱਲੋਂ ਮਨਪ੍ਰੀਤ ਸਿੰਘ ਬਾਦਲ ਦੀ ਪਾਰਟੀ ਪੀ ਪੀ ਪੀ ਨੂੰ ਪਾਰਟੀ ਵਿੱਚ ਸਮੋ ਲਿਆ ਗਿਆ ਹੈ, ਪਰ ਕਾਂਗਰਸ ਵੱਲੋਂ ਦੂਜੀਆਂ ਪਾਰਟੀਆਂ ਛੱਡ ਰਹੇ ਸੁੱਚਾ ਸਿੰਘ ਛੋਟੇਪੁਰ, ਬੁਲਾਰੀਆ, ਕਦੇ ਨਵਜੋਤ ਸਿੰਘ ਸਿੱਧੂ ਨੂੰ ਕੋਠੇ ਚੜ੍ਹ ਆਵਾਜ਼ਾਂ ਮਾਰਨਾ ਕਿਸ ਕਿਸਮ ਦੀ ਰਾਜਨੀਤੀ ਹੈ? ਕੀ ਕਾਂਗਰਸ ਆਪਣੇ ਪਾਰਟੀ ਅਸੂਲਾਂ, ਸਿਧਾਂਤਾਂ ਨੂੰ ਛਿੱਕੇ ਟੰਗ ਕੇ ਕਿਸੇ ਵੀ ਸ਼ਖਸ ਨੂੰ ਆਪਣੇ ਵਿੱਚ ਸ਼ਾਮਲ ਕਰ ਕੇ ਬੇ-ਅਸੂਲੀ ਲੜਾਈ ਲੜ ਕੇ ਕੁਰਸੀ 'ਤੇ ਕਾਬਜ਼ ਹੋਣਾ ਹੀ ਆਪਣਾ ਲਕਸ਼ ਮਿੱਥ ਚੁੱਕੀ ਹੈ? ਪੰਜਾਬ ਦੇ ਮਸਲੇ; ਬੇਰੁਜ਼ਗਾਰੀ, ਭ੍ਰਿਸ਼ਟਾਚਾਰ, ਪਾਣੀਆਂ ਦਾ ਮਸਲਾ, ਚੰਡੀਗੜ੍ਹ ਤੇ ਪੰਜਾਬੋਂ ਬਾਹਰ ਰਹਿ ਗਏ ਇਲਾਕੇ, ਪੰਜਾਬੀ ਬੋਲੀ ਨੂੰ ਪੰਜਾਬ 'ਚ ਸਹੀ ਸਥਾਨ ਦੇਣ ਦਾ ਮਸਲਾ, ਕੀ ਉਸ ਦੇ ਚੋਣ ਮੈਨੀਫੈਸਟੋ ਦਾ ਸਿਰਫ਼ ਕਾਗ਼ਜ਼ੀ ਅੰਗ ਹੀ ਹੋਵੇਗਾ?

ਪੰਜਾਬ ਦੀ ਚੋਣ ਲੜਨ ਵਾਲੀ ਤੀਜੀ ਅਹਿਮ ਧਿਰ, ਆਮ ਆਦਮੀ ਪਾਰਟੀ, ਨੇ ਪਿਛਲੇ ਦਿਨਾਂ 'ਚ ਲੋਕਾਂ ਨੂੰ ਨਿਰਾਸ਼ ਕੀਤਾ ਹੈ। ਪੰਜਾਬ ਵਿਧਾਨ ਸਭਾ ਦੀਆਂ 117 ਵਿੱਚੋਂ 100 ਸੀਟਾਂ ਜਿੱਤਣ ਦਾ ਦਾਅਵਾ ਕਰਨ ਵਾਲੀ ਆਪ ਪਿਛਲੇ ਕੁਝ ਦਿਨਾਂ ਵਿੱਚ ਖੱਖੜੀਆਂ-ਖੱਖੜੀਆਂ ਹੋਈ ਦਿੱਸੀ। ਪੰਜਾਬ ਦਾ 'ਆਪ' ਦਾ ਕਨਵੀਨਰ ਸੁੱਚਾ ਸਿੰਘ ਛੋਟੇਪੁਰ ਪਾਰਟੀ 'ਚੋਂ ਮੁਅੱਤਲ ਕਰ ਦਿੱਤਾ ਗਿਆ, ਜਿਹੜਾ 'ਆਪ' ਦੇ ਸੱਤ ਜ਼ੋਨਲ ਇੰਚਾਰਜਾਂ ਸਮੇਤ 'ਆਪ ਪੰਜਾਬ' ਬਣਾ ਬੈਠਾ ਹੈ ਅਤੇ ਉੱਧਰ 'ਆਪ' ਦੇ ਹੁੰਦੇ-ਹੁੰਦੇ ਰਹਿ ਗਏ ਸਿੱਧੂ ਲੁਧਿਆਣੇ ਦੇ ਬਾਦਲਾਂ ਦੇ ਵਿਰੋਧੀ ਬੈਂਸ ਭਰਾਵਾਂ ਤੇ ਪਰਗਟ ਸਿੰਘ ਨੂੰ ਨਾਲ ਲੈ ਕੇ ਚੌਥਾ ਫ਼ਰੰਟ ਬਣਾਉਣ ਦੇ ਰਾਹ ਪੈ ਗਏ। ਇਸ ਤੋਂ ਪਹਿਲਾਂ ਪੰਜਾਬੋਂ ਜਿੱਤੇ 'ਆਪ' ਦੇ ਚਾਰ ਮੈਂਬਰ ਪਾਰਲੀਮੈਂਟਾਂ ਵਿੱਚੋਂ ਦੋ; ਧਰਮਵੀਰ ਗਾਂਧੀ ਅਤੇ ਹਰਿੰਦਰ ਸਿੰਘ ਖ਼ਾਲਸਾ ਨੂੰ ਪਹਿਲਾਂ ਹੀ 'ਆਪ' ਨੇ ਮੁਅੱਤਲ ਕੀਤਾ ਹੋਇਆ ਹੈ ਅਤੇ ਲੋਕ ਸਭਾ ਚੋਣਾਂ ਵੇਲੇ 'ਆਪ' ਦੇ ਹਾਰੇ ਹੋਏ, ਪਰ ਵੱਡੀ ਗਿਣਤੀ ਵੋਟਾਂ ਲੈ ਚੁੱਕੇ ਨੇਤਾ 'ਆਪ' ਤੋਂ ਔਖੇ ਹੋ ਕੇ ਜਾ ਘਰੀਂ ਬੈਠੇ ਹੋਏ ਹਨ। ਬਲਦੀ ਉੱਤੇ ਤੇਲ ਦਾ ਕੰਮ ਵਿਧਾਨ ਸਭਾ ਚੋਣਾਂ ਲਈ ਜਾਰੀ ਉਸ 37 ਮੈਂਬਰਾਂ ਦੀ ਲਿਸਟ ਨੇ ਕੀਤਾ, ਜਿਨ੍ਹਾਂ ਵਿੱਚੋਂ 14 ਉਮੀਦਵਾਰ ਅਪਰਾਧਿਕ ਕੇਸਾਂ 'ਚ ਪਹਿਲਾਂ ਹੀ ਲਿਪਤ ਹਨ।

ਗੱਲ ਕੀ, ਪੰਜਾਬ ਦਾ 'ਆਪ ਕੁਨਬਾ' ਚੋਣਾਂ ਤੋਂ ਪਹਿਲਾਂ ਹੀ ਖੇਰੂੰ-ਖੇਰੂੰ ਹੁੰਦਾ ਜਾਪ ਰਿਹਾ ਹੈ। ਆਪ ਦੇ ਨੇਤਾਵਾਂ ਦੇ ਪੱਲੇ ਨਾ ਕੋਈ ਸਿਧਾਂਤ ਹੈ, ਨਾ ਕੋਈ ਸੰਗਠਨ ਅਤੇ ਜਦੋਂ ਪਾਰਟੀ ਦਾ ਨੇਤਾ ਸਿਧਾਂਤ-ਹੀਣ ਪਾਰਟੀ ਚਲਾ ਰਿਹਾ ਹੋਵੇ, ਡਿਕਟੇਟਰਾਨਾ ਸੋਚ ਨਾਲ ਕੰਮ ਕਰ ਰਿਹਾ ਹੋਵੇ, ਤਾਂ ਉਸ ਵੱਲੋਂ ਪੰਜਾਬ ਨੂੰ ਭ੍ਰਿਸ਼ਟਾਚਾਰ-ਮੁਕਤ, ਨਸ਼ਾ-ਮੁਕਤ ਕਰਨ ਦੇ ਨਾਹਰੇ ਉੱਤੇ ਕੋਈ ਕਿੰਨਾ ਕੁ ਚਿਰ ਵਿਸ਼ਵਾਸ ਕਰੇਗਾ? ਦੋਸ਼ ਲੱਗਣ ਲੱਗੇ ਹਨ ਕੇਜਰੀਵਾਲ ਉੱਤੇ ਕਿ ਉਸ ਦੀ ਨਜ਼ਰ ਪੰਜਾਬ ਦੀ ਮੁੱਖ ਮੰਤਰੀ ਦੀ ਕੁਰਸੀ ਉੱਤੇ ਹੈ। ਉਹ ਪੰਜਾਬ ਦਾ ਸੇਵਕ ਨਹੀਂ, ਪੰਜਾਬ ਦਾ ਰਾਜਾ ਬਣਨਾ ਚਾਹੁੰਦਾ ਹੈ, ਤਾਂ ਕਿ ਇਥੋਂ ਤਾਕਤਵਰ ਬਣ ਕੇ ਮੋਦੀ ਵਾਂਗ ਦਿੱਲੀ ਦੀ ਪ੍ਰਧਾਨ ਮੰਤਰੀ ਦੀ ਕੁਰਸੀ ਵੱਲ ਵਧ ਸਕੇ। ਸੱਚੋਂ-ਮੁੱਚੀਂ ਜੇਕਰ ਕੇਜਰੀਵਾਲ ਦੇ ਕੋਲ ਟੁੱਟ ਚੁੱਕੇ, ਸੰਕਟ ਗ੍ਰਸਤ, ਪੀੜਾਂ-ਪਰੁੰਨੇ ਪੰਜਾਬ ਦੇ ਜ਼ਖਮਾਂ ਉੱਤੇ ਫੈਹਾ ਲਾਉਣ ਦਾ ਕੋਈ ਦਾਰੂ ਹੁੰਦਾ ਤਾਂ ਉਹ ਪੰਜਾਬ ਦੇ ਮੁੱਦਿਆਂ, ਪੰਜਾਬ ਦੇ ਮਸਲਿਆਂ ਉੱਤੇ ਸਪੱਸ਼ਟ ਰਾਏ ਰੱਖ ਕੇ, ਪੰਜਾਬ ਦੇ ਲੋਕਾਂ ਨੂੰ ਅੱਗੇ ਲਾ ਕੇ, ਉੱਥੋਂ ਦੀ ਸਰ-ਜ਼ਮੀਨ ਵੱਲੋਂ ਪੈਦਾ ਕੀਤੇ ਨੇਤਾਵਾਂ ਉੱਤੇ ਯਕੀਨ ਕਰ ਕੇ, ਸਪੱਸ਼ਟ ਸਿਧਾਂਤਕ ਲੜਾਈ ਲੜਨ ਲਈ ਅੱਗੇ ਆਉਂਦਾ। ਬਿਨਾਂ ਸੰਗਠਨੋਂ, ਕੱਚੇ-ਭੁੰਨੇ ਵਿਚਾਰਾਂ ਵਾਲੀ ਤੱਟ-ਫੱਟ ਲੜਾਈ ਨਾਲ ਉਸ ਵਿੱਚ ਲੋਕਾਂ ਦਾ ਵਿਸ਼ਵਾਸ ਤਿੜਕਿਆ ਹੈ, ਖ਼ਾਸ ਕਰ ਕੇ ਪਰਵਾਸੀ ਪੰਜਾਬੀਆਂ ਦਾ, ਜਿਨ੍ਹਾਂ ਉਸ ਨੂੰ ਸਰਾਪੇ ਹੋਏ ਪੰਜਾਬ ਅਤੇ ਉਸ ਦੇ ਸਾਰੇ ਦੁੱਖ-ਦਰਦ ਹਰਨ ਕਰਨ ਵਾਲਾ ਦੇਵਤਾ ਸਮਝ ਲਿਆ ਸੀ।

ਪੰਜਾਬ ਦੇ ਦਲਿਤਾਂ ਦੀ ਬਾਂਹ ਫੜਨ ਵਾਲੀ ਬਸਪਾ ਆਪਣੇ ਆਪ ਨੂੰ ਇੱਕ ਵੱਖਰੀ ਧਿਰ ਸਮਝ ਕੇ ਲੜਾਈ ਲੜ ਰਹੀ ਹੈ। ਪਿਛਲੀ ਵਾਰ ਦੀ ਤਰ੍ਹਾਂ ਇਸ ਵਾਰ ਵੀ ਉਹ ਵਿਧਾਨ ਸਭਾ ਦੀਆਂ ਸਾਰੀਆਂ ਸੀਟਾਂ ਉੱਤੇ ਉਮੀਦਵਾਰ ਖੜੇ ਕਰੇਗੀ। ਕੀ ਸੱਚਮੁੱਚ ਉਸ ਦੀ ਏਨੀ ਤਾਕਤ ਹੈ ਕਿ ਉਹ ਇਕੱਲੀਆਂ ਕੋਈ ਸੀਟ ਜਿੱਤ ਸਕੇ? ਕੁਝ ਸਮਾਂ ਪਹਿਲਾਂ ਬਸਪਾ ਦਾ ਪੰਜਾਬ ਦੇ ਦਲਿਤਾਂ ਵਿੱਚ ਆਧਾਰ ਸੀ, ਚੰਗਾ-ਚੋਖਾ ਕਾਡਰ ਸੀ, ਯੋਗ ਨੇਤਾ ਸਨ। ਦਲਿਤ ਨੌਜਵਾਨ ਇਸ ਪਾਰਟੀ ਨੂੰ ਆਪਣਾ ਭਵਿੱਖ ਸਮਝਦੇ ਸਨ, ਪਰ ਉੱਪਰਲੇ-ਹੇਠਲੇ ਨੇਤਾਵਾਂ ਦੀਆਂ ਆਪ-ਹੁਦਰੀਆਂ ਤੇ ਗ਼ਲਤ ਨੀਤੀਆਂ ਨੇ ਲੋਕਾਂ ਦਾ ਪਾਰਟੀ ਵੱਲੋਂ ਮੋਹ ਭੰਗ ਕੀਤਾ ਹੈ, ਖ਼ਾਸ ਕਰ ਕੇ ਲੋਕ ਸਭਾ ਦੀਆਂ 2014 ਵਾਲੀਆਂ ਚੋਣਾਂ ਵੇਲੇ, ਜਦੋਂ ਬਸਪਾ ਦਾ ਵਧੇਰੇ ਕਾਡਰ ਅਤੇ ਦਲਿਤ ਵੋਟ ਆਪ-ਮੁਹਾਰੇ ਦਿਲੋਂ-ਮਨੋਂ 'ਆਪ' ਨਾਲ ਜੁੜਿਆ ਨਜ਼ਰ ਆਇਆ। ਕੀ ਇਸ ਪਾਰਟੀ ਵੱਲੋਂ ਸਿਰਫ਼ ਆਪਣੀ ਹੋਂਦ ਵਿਖਾਉਣ ਖ਼ਾਤਰ ਚੋਣ ਲੜਨਾ, ਪੰਜਾਬ ਦੀਆਂ ਇਨ੍ਹਾਂ ਚੋਣਾਂ ਵਿੱਚ ਕਿਧਰੇ ਉਨ੍ਹਾਂ ਪੰਜਾਬੀ-ਦੋਖੀਆਂ ਦੇ ਹਿੱਤ ਪੂਰਨਾ ਹੀ ਤਾਂ ਨਹੀਂ ਹੋਵੇਗਾ, ਜਿਨ੍ਹਾਂ ਪੰਜਾਬ ਨੂੰ ਹੁਣ ਵਾਲੀ ਮਾੜੀ ਅਤੇ ਮਾਰੂ ਸਥਿਤੀ ਵਿੱਚ ਪਹੁੰਚਾਇਆ ਹੈ?

ਪੰਜਾਬ ਦੀ ਖੱਬੀ ਧਿਰ ਰਾਜ ਦੇ ਹਾਲਾਤ ਤੋਂ ਚੰਗੀ ਤਰ੍ਹਾਂ ਵਾਕਫ ਵੀ ਹੈ, ਦੁਸ਼ਮਣ-ਮਿੱਤਰ ਦੀ ਪਹਿਚਾਣ ਕਰਨ ਯੋਗ ਸਮਝ-ਸੂਝ ਵੀ ਉਸ ਕੋਲ ਹੈ। ਉਸ ਦਾ ਪੁਰਾਣਾ ਕੁਰਬਾਨੀ ਦੇ ਰੰਗ 'ਚ ਰੰਗਿਆ ਕਾਡਰ ਪੰਜਾਬ ਦੇ ਭਲੇ ਲਈ ਕੁਝ ਵੀ ਕਰਨ ਲਈ ਇਸ ਸਮੇਂ ਤੱਤਪਰ ਹੈ। ਮੁਲਾਜ਼ਮ, ਕਿਸਾਨ, ਕਿਰਤੀ, ਵਿਦਿਆਰਥੀ ਜਥੇਬੰਦੀਆਂ ਖੱਬੀ ਧਿਰ ਦੀ ਕਿਸੇ ਨਾ ਕਿਸੇ ਪਾਰਟੀ ਦਾ ਅੰਗ ਵੀ ਹਨ। ਉਨ੍ਹਾਂ ਪੱਲੇ ਲੜਨ ਲਈ ਸਿਧਾਂਤਕ ਸੋਚ ਵੀ ਹੈ, ਪਰ ਹਾਲੇ ਤੱਕ ਇਹ ਧਿਰ ਲੋਕਾਂ ਨੂੰ ਇੱਕ ਪਲੇਟਫਾਰਮ ਉੱਤੇ ਇਕੱਠੇ ਹੋ ਕੇ ਆਵਾਜ਼ ਕਿਉਂ ਨਹੀਂ ਦਿੰਦੀ? ਕਿਉਂ ਨਹੀਂ ਇਹ ਸਾਰੀਆਂ ਕਮਿਊਨਿਟ ਧਿਰਾਂ ਪਿਛਲੇ ਵਖਰੇਵੇਂ, ਰੋਸੇ ਤਿਆਗ ਕੇ ਪੰਜਾਬ ਦੇ ਅਤਿ ਭੈੜੇ ਹੋ ਚੁੱਕੇ ਹਾਲਾਤ ਵਿੱਚ ਲੜੀ ਜਾ ਰਹੀ ਪੰਜਾਬ ਵਿਧਾਨ ਸਭਾ ਚੋਣਾਂ ਦੀ ਲੜਾਈ ਇੱਕ ਵੱਡਾ ਫ਼ਰੰਟ ਬਣਾ ਕੇ ਲੜਦੀ? ਕਿਉਂ ਨਹੀਂ ਇਹ ਧਿਰ ਅਗਾਂਹ-ਵਧੂ ਪੰਜਾਬ-ਹਿਤੈਸ਼ੀ ਲੋਕਾਂ ਨੂੰ ਇੱਕ ਪਲੇਟਫਾਰਮ ਉੱਤੇ ਖੜੇ ਹੋਣ ਦਾ ਹੋਕਾ ਦਿੰਦੀ? ਇਕੱਲੇ-ਇਕਹਿਰੇ ਰਹਿ ਕੇ ਲੜੀ ਲੜਾਈ ਖੱਬੀ ਧਿਰ ਤੇ ਆਮ ਲੋਕਾਂ ਵਿੱਚ ਹੋਰ ਦੂਰੀ ਦਾ ਕਾਰਨ ਬਣੇਗੀ।

ਪੰਜਾਬ ਦੀ ਇੱਕ ਅਹਿਮ ਧਿਰ ਸਿੱਖ ਜਥੇਬੰਦੀਆਂ ਅਤੇ ਪਾਰਟੀਆਂ ਹਨ। ਸ਼੍ਰੋਮਣੀ ਅਕਾਲੀ ਦਲ ਤੋਂ ਵੱਖ ਹੋਏ ਵੱਖੋ-ਵੱਖਰੇ ਧੜੇ ਅਤੇ ਮੌਜੂਦਾ ਸਰਕਾਰ ਤੋਂ ਨਾਰਾਜ਼ ਆਗੂ ਤੇ ਸੰਤ ਸਮਾਜ ਸਮੇਤ ਸਿਮਰਨਜੀਤ ਸਿੰਘ ਮਾਨ, 1920 ਦਾ ਅਕਾਲੀ ਦਲ, ਕੱਟੜ ਜਥੇਬੰਦੀਆਂ ਵਾਹ ਲੱਗਦਿਆਂ ਯਤਨ ਕਰਨਗੀਆਂ ਕਿ ਆਉਣ ਵਾਲੀਆਂ ਚੋਣਾਂ 'ਚ ਆਪਣੀ ਹੋਂਦ ਵਿਖਾਈ ਜਾਏ।

ਉਨ੍ਹਾਂ ਵੱਲੋਂ ਉਮੀਦਵਾਰ ਵੀ ਖੜੇ ਕੀਤੇ ਜਾਣਗੇ, ਪਰ ਕੀ ਇਹ ਪਾਰਟੀਆਂ, ਜਥੇਬੰਦੀਆਂ ਕੁਝ ਕਰ ਵਿਖਾਉਣਗੀਆਂ? ਲੋਕਾਂ ਦੇ ਇੱਕ ਖ਼ਾਸ ਵਰਗ ਵਿੱਚ ਹੀ ਉਨ੍ਹਾਂ ਦਾ ਆਧਾਰ ਹੈ ਅਤੇ ਜਦੋਂ ਤੱਕ ਕੋਈ ਧਿਰ ਸਭ ਵਰਗਾਂ ਨਾਲ ਆਪਣੀ ਸਾਂਝੀ ਭਿਆਲੀ ਨਹੀਂ ਕਰਦੀ, ਉਹ ਲੋਕਤੰਤਰੀ ਚੋਣਾਂ 'ਚ ਕੋਈ ਵੱਡੀ ਮੱਲ ਨਹੀਂ ਮਾਰ ਸਕਦੀ।

ਪੰਜਾਬ ਦੀ ਸਿਆਸਤ ਇਸ ਸਮੇਂ ਗੁੰਝਲਦਾਰ ਬਣ ਗਈ ਹੈ ਤੇ ਇਸ ਵਿੱਚ ਵੱਡਾ ਗੰਧਲਾਪਣ ਹੈ। ਇਹੋ ਜਿਹੀ ਸਥਿਤੀ 'ਚ ਕਿਸੇ ਵੀ ਪਾਰਟੀ ਵੱਲੋਂ ਜਿੱਤ-ਹਾਰ ਦਾ ਦਾਅਵਾ ਪੇਸ਼ ਕਰਨਾ ਸਮੇਂ ਤੋਂ ਪਹਿਲਾਂ ਦੀ ਗੱਲ ਹੋਵੇਗੀ।

ਪੰਜਾਬ ਦੇ ਲੋਕ ਸੁੱਖ ਦਾ ਸਾਹ ਚਾਹੁੰਦੇ ਹਨ। ਮਸਲਿਆਂ-ਮੁੱਦਿਆਂ, ਔਖਿਆਈਆਂ, ਔਕੜਾਂ, ਬੇਵੱਸੀ ਦੇ ਆਲਮ ਤੋਂ ਨਿਜਾਤ ਪ੍ਰਾਪਤ ਕਰਨੀ ਲੋਕਾਂ ਦੀ ਪਹਿਲ ਬਣ ਚੁੱਕੀ ਹੈ। ਜੇਕਰ ਲੋਕਾਂ ਨੇ ਪੰਜਾਬ-ਹਿਤੈਸ਼ੀ ਪਾਰਟੀਆਂ ਤੇ ਪੰਜਾਬੀ-ਦੋਖੀਆਂ ਦੀ ਪਹਿਚਾਣ ਕਰਨ ਵਿੱਚ ਭੁੱਲ ਕਰ ਦਿੱਤੀ ਤਾਂ ਉਨ੍ਹਾਂ ਨੂੰ ਇਸ ਦਾ ਵੱਡਾ ਖਮਿਆਜ਼ਾ ਭੁਗਤਣਾ ਪਵੇਗਾ। ਪੰਜਾਬ ਦੇ ਲੋਕ ਸ਼ਾਇਦ ਹੁਣ ਮਨੋ-ਮਨੀਂ ਆਪਣੀ ਬੇੜੀ, ਬਿਨਾਂ ਕਿਸੇ ਡਰ-ਭੈਅ ਜਾਂ ਲਾਲਚ ਦੇ ਕਿਸੇ ਤਣ-ਪੱਤਣ ਲਾਉਣ ਦੀ ਸੋਚ ਰਹੇ ਹਨ। ਭਾਵੇਂ ਚੋਣਾਂ ਤੱਕ ਉਹ ਨੇਤਾਵਾਂ-ਪਾਰਟੀਆਂ 'ਚ ਨਿੱਤ ਨਵੀਂ ਰੱਦੋ-ਬਦਲ, ਜਵਾਰਭਾਟੇ, ਉਥੱਲ-ਪੁਥੱਲ ਦੇ ਚਸ਼ਮਦੀਦ ਵੀ ਬਣਨਗੇ।

# ਕੈਪਟਨ ਦੀ ਅਗਵਾਈ ਹੇਠ ਕਾਂਗਰਸ ਦੀ ਸੱਤਾ 'ਚ ਵਾਪਸੀ ਤੈਅ

**ਫਗਵਾੜਾ (ਬੀ. ਕੇ. ਰੱਤੂ)-** ਪੰਜਾਬ ਵਿਧਾਨਸਭਾ ਚੋਣਾਂ ਦਾ ਸਮਾਂ ਨਜਦੀਕ ਆਉਂਦੇ ਹੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਉਹਨਾਂ ਦੇ ਪੁੱਤਰ ਉਪ ਮੁੱਖ ਮੰਤਰੀ ਸੁਖਬੀਰ ਬਾਦਲ ਹਰ ਦਿਨ ਨਵਾਂ ਝੂਠ ਬੋਲ ਕੇ ਵੋਟਰਾਂ ਨੂੰ ਵਰਗਲਾਉਣ ਲਗ ਪਏ ਹਨ ਤਾਂ ਜੋ ਇਕ ਵਾਰ ਫਿਰ ਪੰਜਾਬ ਦੀ ਸੱਤਾ ਤੇ ਕਾਬਿਜ ਹੋ ਸਕਣ ਪਰ ਕਾਂਗਰਸ ਪਾਰਟੀ ਬਾਦਲਾਂ ਦੇ ਇਹਨਾਂ ਮਨਸੂਬਿਆਂ ਨੂੰ ਕਿਸੇ ਸੂਰਤ ਸਫਲ ਨਹੀਂ ਹੋਣ ਦੇਵੇਗੀ।

ਇਹ ਗੱਲ ਇੱਥੇ ਸੂਬਾ ਕਾਂਗਰਸ ਜਨਰਲ ਸਕੱਤਰ ਅਤੇ ਹਲਕਾ ਵਿਧਾਨਸਭਾ ਫਗਵਾੜਾ ਦੇ ਇੰਚਾਰਜ ਬਲਵੀਰ ਰਾਜਾ ਸੋਢੀ ਨੇ ਕਹੀ ਉਹਨਾਂ ਕਿਹਾ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਪੰਜਾਬ ਵਿਚ 14 ਹਜਾਰ ਨਵੇਂ ਅਧਿਆਪਕ ਭਰਤੀ ਕਰਨ ਦੀ ਗੱਲ ਕਰਦੇ ਹਨ ਜਦਕਿ ਪਹਿਲਾਂ ਹੀ ਕਾਫੀ ਲੰਬੇ ਸਮੇਂ ਤੋਂ ਅੱਧਿਆਪਕ ਵਰਗ ਆਪਣੀਆਂ ਜਾਇਜ ਮੰਗਾਂ ਮਨਵਾਉਣ ਲਈ ਅਤੇ ਬੇਰੁਜਗਾਰ ਅਧਿਆਪਕ ਨੌਕਰੀਆਂ ਲਈ ਸੰਘਰਸ਼ ਕਰਦੇ ਆ ਰਹੇ ਹਨ ਪਰ ਹਰ ਵਾਰ ਉਹਨਾਂ ਦੀ ਅਵਾਜ ਨੂੰ ਪੁਲਿਸ ਦੇ ਡੰਡੇ ਨਾਲ ਦਬਾਇਆ ਜਾਂਦਾ ਰਿਹਾ ਹੈ। ਹੁਣ 2017 ਦੀਆਂ ਪੰਜਾਬ ਵਿਧਾਨਸਭਾ ਚੋਣਾਂ ਨੂੰ ਨੇੜੇ ਦੇਖ ਕੇ ਵੱਡੇ ਬਾਦਲ ਅਧਿਆਪਕਾਂ ਦੀ ਭਰਤੀ ਦੀ ਝੂਠੀ ਬਿਆਨਬਾਜੀ ਕਰ ਰਹੇ ਹਨ। ਉਹਨਾਂ ਕਿਹਾ ਕਿ ਪਹਿਲਾਂ ਹੀ ਅਧਿਆਪਕਾਂ ਨੂੰ ਤਨਖਾਹਾਂ ਨਹੀਂ ਮਿਲ ਰਹੀਆਂ। ਪੈਨਸ਼ਨ ਭੋਗੀ ਪੈਨਸ਼ਨਾ ਲਈ ਤਰਸ ਰਹੇ ਹਨ। ਸਬਸਿਡੀ ਅਤੇ ਵਜੀਫਿਆਂ ਤੋਂ ਇਲਾਵਾ ਲੋਕਾਂ ਨੂੰ ਨੀਲੇ ਕਾਰਡ ਬਨਵਾਉਣ ਲਈ ਸੰਘਰਸ਼ ਕਰਨਾ ਪੈ ਰਿਹਾ ਹੈ। ਕੋਈ ਵੀ ਸਰਕਾਰੀ ਸਹੂਲਤ ਲੋੜਵੰਦਾਂ ਤਕ ਨਹੀਂ ਪਹੁੰਚ ਰਹੀ। ਸਰਕਾਰੀ ਦਫਤਰਾਂ ਵਿਚ ਭ੍ਰਿਸ਼ਟਾਚਾਰ ਦਾ ਬੋਲਬਾਲਾ ਹੈ। ਸੂਬੇ ਦੀ ਕਾਨੂੰਨ ਵਿਵਸਥਾ ਦਾ ਬੁਰਾ ਹਾਲ ਹੈ।



ਹੈਰਾਨੀ ਦੀ ਗੱਲ ਇਹ ਹੈ ਕਿ ਇਸ ਸਭ ਦੇ ਬਾਵਜੂਦ ਵੀ ਬਾਦਲਾਂ ਵਲੋਂ ਸੱਤਾ ਵਿਚ ਤੀਸਰੀ ਵਾਰ ਵਾਪਸੀ ਦਾ ਸੁਪਨਾ ਦੇਖਿਆ ਜਾ ਰਿਹਾ ਹੈ। ਉਹਨਾਂ ਕਿਹਾ ਕਿ ਪੰਜਾਬ ਦੀ ਜਨਤਾ ਅਕਾਲੀ-ਭਾਜਪਾ ਗਠਜੋੜ ਅਤੇ ਨੈਤਿਕਤਾ ਤੋਂ ਕੋਹਾਂ ਦੂਰ ਹੋ ਚੁੱਕੀ ਆਮ ਆਦਮੀ ਪਾਰਟੀ ਨੂੰ ਕਦੇ ਮੂੰਹ ਨਹੀਂ ਲਗਾਏਗੀ ਅਤੇ ਅਗਲੀਆਂ ਵਿਧਾਨਸਭਾ ਚੋਣਾਂ ਤੋਂ ਬਾਅਦ ਪੰਜਾਬ ਵਿਚ ਕਾਂਗਰਸ ਪਾਰਟੀ ਦੀ ਵਾਪਸੀ ਤੈਅ ਹੈ ਜਿਸਦੀ ਅਗਵਾਈ ਕੈਪਟਨ ਅਮਰਿੰਦਰ ਸਿੰਘ ਕਰਨਗੇ।




Denver Mayor Michael Hancock honors the Ram Family at the City and County Center of Denver, Colorado



Jasmyne Kaur Ram grand daughter of Late Commissioner Lahori Ram ji with Denver Mayor Michael Hancock at the City and County Center of Denver, Colorado

# ਗਲੋਬਲ ਬੁਧਿਸਟ ਲੀਡਰ ਕੌਂਗਰੀਗੇਸ਼ਨ



Ambedkar Times (Weekly Newspaper's Editor) Mrs. Takshila visited Thailand with her husband Mr. Akash Nayyar, mother-in-law and father-in-law, in front of Buddhist Temple (under construction) in Thailand on July 27, 2016

25 ਸਤੰਬਰ 2016 ਤੋਂ 28 ਸਤੰਬਰ ਤੱਕ ਥਾਈਲੈਂਡ ਦੀ ਰਾਜਧਾਨੀ ਬੈਂਕੌਕ ਵਿੱਚ ਉਪਰੋਕਤ ਸਾਰੇ ਬੁਧਿੱਸਟ ਦੇਸ਼ਾਂ ਦੇ ਲੀਡਰਾਂ ਦੀ ਕਾਫਰੰਸ ਹੋ ਰਹੀ ਹੈ। ਜਿਸ ਵਿੱਚ ਯੂਕੇ ਦੇ ਅੰਬੇਡਕਰੀ ਅਤੇ ਬੁਧਿੱਸਟ ਹਰਬੰਸ ਵਿਰਦੀ ਹਿੱਸਾ ਲੈ ਰਹੇ ਹਨ । 23 ਫਰਵਰੀ 2016 ਨੂੰ ਥਾਈਲੈਂਡ ਦੇ ਰਾਜੇ ਦਾ ਜੋ ਸੰਘਰਾਜ ਹੈ ਉਸਦੇ ਸੰਘਨਾਇਕ ਨੇ ਹਰਬੰਸ ਵਿਰਦੀ ਨੂੰ "Outstanding Buddhist Leadership" ਅਵਾਰਡ ਨਾਲ ਸਨਮਾਨਿਆ ਸੀ। ਵਿਰਦੀ ਜੀ ਪਹਿਲੇ ਪੰਜਾਬੀ ਹਨ, ਜਿਨ੍ਹਾਂ ਨੂੰ ਇਸ ਅਵਾਰਡ ਨਾਲ ਸਨਮਾਨਤ ਕੀਤਾ ਗਿਆ ਸੀ, ਇਸ ਕਰਕੇ ਹੀ ਸਾਰੇ ਦੇਸ਼ਾਂ ਦੇ ਬੁਧਿੱਸਟ ਲੀਡਰਾਂ ਦੀ ਮੀਟਿੰਗ ਵਿੱਚ ਹਿੱਸਾ ਲੈਣ ਲਈ ਵਿਰਦੀ ਜੀ ਨੂੰ ਸੱਦਾ ਪੱਤਰ ਭੇਜਿਆ ਗਿਆ ਹੈ। ਸਤੰਬਰ 2011 ਨੂੰ ਵਿਰਦੀ ਜੀ ਨੇ ਲੰਡਨ ਵਿੱਚ ਆਪਣੇ ਮੈਨੇਜਰ ਦੇ ਅਹੁਦੇ ਤੋਂ ਅਸਤੀਫਾ ਦੇ ਕੇ ਬਾਕੀ ਸਾਰੀ ਜਿੰਦਗੀ ਬੁੱਧ ਧੰਮ ਅਤੇ ਬਾਬਾ ਸਹਿਬ ਦੇ ਮਿਸ਼ਨ ਦੇ ਪ੍ਰਚਾਰ-ਪ੍ਰਸਾਰ ਲਈ ਲਗਾਉਣ ਦਾ ਫੈਸਲਾ ਕੀਤਾ ਅਤੇ ਤੁਰੰਤ ਹੀ ਥਾਈਲੈਂਡ ਜਾਕੇ ਤਿੰਨ ਮਹੀਨੇ ਲਈ ਉਪਸੰਪਤਾ ਲੈਕੇ ਭਿੱਖੂ ਰਹੇ। ਹੁਣ ਤੱਕ 7 ਕਿਤਾਬਾਂ ਲਿਖ ਚੁੱਕੇ ਹਨ ਅਤੇ ਤਿੰਨ ਕਿਤਾਬਾਂ ਦਾ ਅਨੁਵਾਦ ਕੀਤਾ ਹੈ। ਭਾਰਤ ਹੀ ਨਹੀ ਸਾਰੀ ਦਨੀਆ ਵਿੱਚ ਬੁੱਧ ਧੰਮ ਅਤੇ ਬਾਬਾ ਸਾਹਿਬ ਦੇ ਮਿਸ਼ਨ ਦਾ ਪ੍ਰਚਾਰ ਪ੍ਰਸਾਰ ਕਰ ਰਹੇ ਹਨ।



– **(ਹਰਬੰਸ ਵਿਰਦੀ)**

TANDOOR
Indian Restaurant
27167 Mission Blvd. Hayward, CA 95544




ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੈਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ

WE ARE SPECIALIST IN CATERING & SPECIAL ITEMS ARE AVAILABLE HERE :
FISH PAKORE, CHILLI CHICKEN, GOAT KARI, SHAHI PANEER, BUTTER CHICKEN, SWEETS, SNACKS AND MORE SPECIAL ITEMS.



ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ
ਮੱਛੀ ਦੇ ਪਕੌੜਿਆਂ ਲਈ ਮਸ਼ਹੂਰ
BUFFET LUNCH 11:00 AM To 3:00 PM

We are open seven days 11 AM to 10 PM

Contact Us:
Ph. 510-885-1212
Fax. 510-885-1532

L.A. MERCHANDISE
Whole Sale +Retail

ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ।
ਯੂਬਾ ਸਿਟੀ ਦਾ ਸਭ ਤੋਂ ਵੱਡਾ ਗ੍ਰੋਸਰੀ ਸਟੋਰ
ਬਾਬਾ ਰਾਮਦੇਵ ਜੀ ਵੱਲੋਂ ਤਿਆਰ ਕੀਤੀਆਂ ਗਈਆਂ ਸਾਰੀਆਂ ਦਵਾਈਆਂ ਸਾਡੇ ਕੋਲ ਮਿਲਦੀਆਂ ਹਨ।

* ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ,
* 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ
* ਜੈਂਟਸ ਕਮੀਜ਼ਾਂ ਅਤੇ ਲੇਡੀਜ਼ ਸੂਟ ਸੇਲ 'ਤੇ ਹਨ।
* ਇੱਥੇ ਤਾਜ਼ਾ ਸਬਜ਼ੀਆਂ ਹਰ ਰੋਜ਼ ਮਿਲਦੀਆਂ ਹਨ।
* ਹਰ ਤਰ੍ਹਾਂ ਦੀ ਦਾਲ ਸੇਲ 'ਤੇ ਹੈ।

* ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ।
* ਹਰ ਤਰ੍ਹਾਂ ਦੇ ਜੋੜਾਂ, ਮਾਸਪੇਸ਼ੀਆਂ ਦੇ ਦਰਦਾਂ ਦੀ ਦਵਾਈ ਸਾਡੇ ਕੋਲੋਂ ਮਿਲਦੀ ਹੈ।
* ਤੁਹਾਡੇ ਝੜਦੇ ਵਾਲਾਂ ਦੇ ਇਲਾਜ ਲਈ ਸਾਡੇ ਕੋਲ ਹਰਬਲ ਹੇਅਰ ਤੇਲ ਉਪਲਬਧ ਹੈ।
* ਸ਼ੂਗਰ ਦੇ ਮਰੀਜ਼ਾਂ ਲਈ ਕਰੇਲੇ ਦਾ ਜੂਸ ਇੱਥੋਂ ਖਰੀਦੋ।



LOOSE FABRICS, GROCERIES, BLANKETS, VEGETABLES
Toilet Water Pressure (Elite 2 Bio Bider)
A budget Friendly solution for your desire to feel exceptionally clean and reduce toilet paper waste
Only $ 39.99+Tax



Baksho Kaur Bisla Hardev Singh Bisla

500 N. Palora Ave. Yuba City, CA 95991
530-671-0439, Fax 530-822-0439 Cell- 530-844-3250

# ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਖੇ ਭਾਈ ਸਾਹਿਬ ਭਾਈ ਹਰਜਿੰਦਰ ਸਿੰਘ ਸ੍ਰੀਨਗਰ ਵਾਲਿਆਂ ਨੇ ਰਸਭਿੰਨਾ ਸ਼ਬਦ ਗਾਇਨ ਕੀਤਾ

ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ (ਕੈਲੇਫੋਰਨੀਆ) ਵਿਖੇ ਐਤਵਾਰ ਮਿਤੀ 11 ਸਤੰਬਰ, 2016 ਨੂੰ ਸਿੱਖ ਪੰਥ ਦੇ ਪ੍ਰਸਿੱਧ ਰਾਗੀ ਜਥਾ ਭਾਈ ਸਾਹਿਬ ਭਾਈ ਹਰਜਿੰਦਰ ਸਿੰਘ ਸ੍ਰੀਨਗਰ ਵਾਲਿਆਂ ਨੇ ਬਹੁਤ ਹੀ ਰਸਭਿੰਨਾ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਵੱਡੀ ਗਿਣਤੀ ਵਿਚ ਦੂਰੋਂ-ਨੇੜਿਉਂ ਸੰਗਤਾਂ ਨੇ ਗੁਰੂ ਘਰ ਹਾਜ਼ਰੀ ਲਗਵਾ ਕੇ ਰਸਭਿੰਨਾ ਸ਼ਬਦ ਕੀਰਤਨ ਸਰਵਣ ਕੀਤਾ।

ਪ੍ਰੋਗਰਾਮਾਂ ਦੀ ਲੜੀ ਤਹਿਤ ਸੁਖਮਨੀ ਸਾਹਿਬ ਜੀ ਦੇ ਪਾਠ ਅਤੇ ਲੰਗਰ ਦੀ ਸੇਵਾ ਭਾਈ ਸੁਰਿੰਦਰ ਰੱਤੂ ਅਤੇ ਬੀਬੀ ਮੀਨਾ ਰੱਤੂ ਦੁਆਰਾ ਆਪਣੀ ਭਤੀਜੀ ਸ਼ਵੇਤਾ ਅਤੇ ਦਿਨੇਸ਼ ਰੱਤੂ ਦੀ ਚੰਗੀ ਸਿਹਤ ਦੀ ਅਰਦਾਸ ਕਰਦਿਆਂ ਕੀਤੀ।

ਵਰਣਨਯੋਗ ਹੈ ਕਿ ਭਾਈ ਸਾਹਿਬ ਭਾਈ ਹਰਜਿੰਦਰ ਸਿੰਘ ਜੀ ਸ੍ਰੀਨਗਰ ਵਾਲਿਆਂ ਦਾ ਜਥਾ ਗੁਰੂ ਘਰ ਪਹਿਲੀ ਵਾਰ ਲਿਆਉਣ ਵਿਚ ਸ੍ਰੀ ਰਮੇਸ਼ ਮਹਿਮੀ ਜੀ ਅਤੇ ਉਹਨਾਂ ਦੇ ਪਰਿਵਾਰ ਦਾ ਵਿਸ਼ੇਸ਼ ਯੋਗਦਾਨ ਰਿਹਾ।ਇਸ ਮੌਕੇ ਭਾਈ ਸਾਹਿਬ ਭਾਈ ਹਰਜਿੰਦਰ ਸਿੰਘ ਸ੍ਰੀਨਗਰ ਵਾਲੇ ਅਤੇ ਉਹਨਾਂ ਦੇ ਜਥੇ ਤੋਂ ਇਲਾਵਾ ਸ੍ਰੀ ਰਮੇਸ਼ ਮਹਿਮੀ ਅਤੇ ਸ਼ਕਤੀ ਮਾਣਕ ਨੂੰ ਸਿਰੋਪਾਓ ਦੇ ਕੇ ਨਿਵਾਜਿਆ ਗਿਆ।

ਇਸ ਵਿਸ਼ੇਸ਼ ਦੀਵਾਨ ਸਮੇਂ ਸ੍ਰੀਮਾਨ ਓ. ਪੀ. ਬਾਲੀ ਤੋਂ ਇਲਾਵਾ ਰਮੇਸ਼ ਮਹਿਮੀ ਅਤੇ ਸ਼ਕਤੀ ਮਾਣਕ ਆਦਿ ਨੇ ਦੋ-ਦੋ ਸ਼ਬਦ ਰੱਖੇ। ਸਟੇਜ ਦੀ ਸੇਵਾ ਬੀਬੀ ਜੀਨਾ ਭਾਟੀਆ (ਜਨਰਲ ਸਕੱਤਰ) ਨੇ ਬਾਖੂਬੀ ਨਿਭਾਈ।

*******

**ਰਿਪੋਰਟ ਤੇ ਤਸਵੀਰਾਂ ਪ੍ਰੇਮ ਕੁਮਾਰ ਚੁੰਬਰ (ਦੇਸ਼ ਦੁਆਬਾ)**
























# ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਖੇ ਭਾਈ ਸਾਹਿਬ ਭਾਈ ਹਰਜਿੰਦਰ ਸਿੰਘ ਸ੍ਰੀਨਗਰ ਵਾਲਿਆਂ ਨੇ ਰਸਭਿੰਨਾ ਸ਼ਬਦ ਗਾਇਨ ਕੀਤਾ












ਤਸਵੀਰਾਂ : ਪ੍ਰੇਮ ਕੁਮਾਰ ਚੁੰਬਰ (ਦੇਸ਼ ਦੁਆਬਾ)















# ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ (ਕੈਲੇਫੋਰਨੀਆ) ਵਿਖੇ ਸੰਤ ਬਾਬਾ ਰਣਜੀਤ ਸਿੰਘ ਢੱਡਰੀਆਂ ਵਾਲੇ ਅਤੇ ਉਹਨਾਂ ਦੇ ਜਥੇ ਕੀਤਾ ਰਸ ਭਿੰਨਾ ਸ਼ਬਦ ਗਾਇਨ

ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ (ਕੈਲੇਫੋਰਨੀਆ) ਵਿਖੇ ਸੰਤ ਬਾਬਾ ਰਣਜੀਤ ਸਿੰਘ ਢੱਡਰੀਆਂ ਵਾਲੇ ਅਤੇ ਉਹਨਾਂ ਦੇ ਜਥੇ ਨੇ ਸ਼ਾਮ ਦੇ ਵਿਸ਼ੇਸ਼ ਦੀਵਾਨ ਸਮੇਂ ਰਸ ਭਿੰਨਾ ਸ਼ਬਦ ਗਾਇਨ ਕਰਕੇ ਭਾਰੀ ਗਿਣਤੀ ਵਿਚ ਹਾਜ਼ਰ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਦੇ ਨਾਲ ਵਿਸ਼ੇਸ਼ ਯੋਗਦਾਨ ਸ੍ਰੀ ਜੈਲਾ ਜੀ ਅਤੇ ਸੰਤੋਖ ਸਿੰਘ ਝਿੰਗੜ ਅਤੇ ਬਲਜੀਤ ਸਿੰਘ ਐਡਵੋਕੇਟ ਨੇ ਪਾਇਆ। ਇਹ ਪਹਿਲਾ ਮੌਕੇ ਸੀ ਕਿ ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ (ਕੈਲੇਫੋਰਨੀਆ) ਵਿਖੇ ਕਿਸੇ ਇਕ ਦਿਨ ਦੇ ਅੰਦਰ ਸਿੱਖ ਪੰਥ ਦੀਆਂ ਦੋ ਮਹਾਨ ਸ਼ਖਸੀਅਤਾਂ ਭਾਈ ਸਾਹਿਬ ਭਾਈ ਹਰਜਿੰਦਰ ਸਿੰਘ ਸ੍ਰੀਨਗਰ ਵਾਲੇ ਸਵੇਰ ਦੇ ਦੀਵਾਨਾਂ ਵਿਚ ਅਤੇ ਸੰਤ ਬਾਬਾ ਰਣਜੀਤ ਸਿੰਘ ਢੱਡਰੀਆਂ ਵਾਲੇ ਜਥਿਆਂ ਨੇ ਸਾਮ ਦੇ ਦੀਵਾਨ ਜਿੱਥੇ ਗੁਰੂ ਘਰ ਵਿਖੇ ਨਤਮਸਤਕ ਹੁੰਦਿਆਂ ਹਾਜ਼ਰੀਆਂ ਭਰੀਆਂ, ਉਥੇ ਉਹਨਾਂ ਨੇ ਰਸਭਿੰਨਾ ਸ਼ਬਦ ਗਾਇਨ ਕਰਕੇ ਗੁਰੂ ਪਿਆਰੀ ਸਾਧ ਸੰਗਤ ਜੀ ਨੂੰ ਨਿਹਾਲ ਕੀਤਾ ਅਤੇ ਬਾਣੀ ਨਾਲ ਜੁੜਨ ਲਈ ਪ੍ਰੇਰਿਆ।







# ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਦਿਹਾੜਾ ਮਨਾਇਆ






**ਯੂਬਾ ਸਿਟੀ–** ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਬੀਤੀ 11 ਸਤੰਬਰ (ਦਿਨ ਐਤਵਾਰ) ਨੂੰ ਧੰਨ ਧੰਨ ਸਤਿਗੁਰੂ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਦਿਹਾੜਾ ਮਨਾਇਆ ਗਿਆ। ਮਿਤੀ 9 ਸਤੰਬਰ ਦਿਨ ਸ਼ੁੱਕਰਵਾਰ ਨੂੰ ਗੁਰੂ ਘਰ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਜੀ ਪ੍ਰਰੰਭ ਹੋਏ ਅਤੇ 11 ਸਤੰਬਰ ਨੂੰ ਭੋਗ ਪਾਏ ਗਏ। ਐਤਵਾਰ ਨੂੰ ਭੋਗ ਉਪਰੰਤ ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਪ੍ਰਿਤਪਾਲ ਸਿੰਘ ਜੀ ਨੇ ਗੁਰਬਾਣੀ ਕੀਰਤਨ ਦੁ-ਆਰਾ ਸੰਗਤਾਂ ਨੂੰ ਨਿਹਾਲ ਕੀਤਾ।

ਭਾਈ ਗੁਰਦੀਪ ਸਿੰਘ ਹੀਰਾ ਜੀ ਨੇ ਸਟੇਜ ਸਕੱਤਰ ਦੀ ਸੇਵਾ ਨਿਭਾਉਂਦੇ ਹੋਏ ਆਪਣੀਆਂ ਕਵਿਤਾਵਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਇਸ ਸਮਾਗਮ ਵਿਚ ਯੂਬਾ ਸਿਟੀ ਦੇ ਉਘੇ ਸਮਾਜ ਸੇਵਕ ਸ੍ਰੀ ਸੁਰਿੰਦਰ ਮਹਿਤਾ, ਹੈਰੀ ਕਾਲੀਆ (ਇੰਡੋ ਅਮੈਰਿਕਨ ਐਸੀਏਸ਼ਨ ਵਾਲੇ) ਵਿਸ਼ੇਸ਼ ਤੌਰ 'ਤੇ ਪਹੁੰਚੇ ਅਤੇ ਪ੍ਰਬੰਧਕ ਕਮੇਟੀ ਵੱਲੋਂ ਉਹਨਾਂ ਨੂੰ ਸਿਰੋਪਾਓ ਨਾਲ ਸਨਮਾਨਿਤ ਕੀਤਾ। ਇਸ ਸਮਾਗਮ ਵਿਚ ਤਿੰਨੇ ਦਿਨ ਗੁਰੂ ਕੇ ਅਤੁੱਟ ਲੰਗਰ ਵਰਤਾਏ ਗਏ। ਅੰਤ ਵਿਚ ਗੁਰੂ ਘਰ ਦੇ ਪ੍ਰਧਾਨ ਸ੍ਰੀ ਸ਼ਿੰਗਾਰਾ ਸਿੰਘ ਰੱਲ੍ਹ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।

# ਮਹਾਂਰਿਸ਼ੀ ਵਾਲਮੀਕ ਸਭਾ ਯੂ. ਐਸ. ਏ. ਵੱਲੋਂ ਪੰਥਕ ਸਲੇਟ ਨੂੰ ਜਿੱਤ ਦੀਆਂ ਵਧਾਈਆਂ

**ਯੂਬਾ ਸਿਟੀ–** ਗੁਰਦੁਆਰਾ ਟਾਇਰਾ ਬਿਊਨਾ ਦੀ ਪ੍ਰਬੰਧਕ ਕਮੇਟੀ ਦੀ ਬੀਤੀ 27-28 ਅਗਸਤ 2016 ਨੂੰ ਹੋਈ ਚੋਣ ਵਿਚ ਪੰਥਕ ਸਲੇਟ ਦੇ ਸ. ਦੀਦਾਰ ਸਿੰਘ ਬੈਂਸ, ਸ. ਗੁਰਨਾਮ ਸਿੰਘ ਪੰਮਾ, ਸ. ਸਰਵਣ ਸਿੰਘ ਢਿੱਲੋਂ ਤੇ ਉਹਨਾਂ ਦੀ ਸਾਰੀ ਧਿਰ ਦੀ ਹੂੰਝਾ ਫੇਰ ਜਿੱਤ 'ਤੇ ਮਹਾਂਰਿਸ਼ੀ ਵਾਲਮੀਕ ਸਭਾ ਯੂ. ਐਸ. ਏ. (ਯੂਬਾ ਸਿਟੀ) ਕੈਲੇਫੋਰਨੀਆ ਵੱਲੋਂ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਸਾਰੀ ਦੀ ਸਾਰੀ ਟੀਮ ਨੂੰ ਬਹੁਤ-ਬਹੁਤ ਵਧਾਈਆਂ ਦਿੱਤੀਆਂ ਗਈਆਂ। ਸਭਾ ਵੱਲੋਂ ਇਹ ਵੀ ਕਿਹਾ ਗਿਆ ਕਿ ਇਹ ਜਿੱਤ ਸਤਿਗੁਰੂ ਦੀ ਕਿਰਪਾ ਨਾਲ ਸੱਚ ਦੀ ਜਿੱਤ ਹੋਈ ਹੈ।

ਸਭਾ ਦੇ ਪ੍ਰਧਾਨ ਸ੍ਰੀ ਪ੍ਰੇਮ ਸੌਂਧੀ ਵੱਲੋਂ ਸਮੂਹ ਜੇਤੂ ਕਮੇਟੀ ਨੂੰ ਬੇਨਤੀ ਕੀਤੀ ਕਿ ਚੋਣਾਂ ਸਮੇਂ ਸੰਗਤਾਂ ਨਾਲ ਕੀਤੇ ਵਾਅਦੇ ਪੂਰੇ ਕਰਨ ਲਈ ਪੂਰੀ ਤਨਦੇਹੀ ਨਾਲ ਸੇਵਾ ਕੀਤੀ ਜਾਵੇ। ਉਹਨਾਂ ਨੇ ਇਹ ਵੀ ਕਿਹਾ ਕਿ ਜੋ ਵਾਲਮੀਕ ਭਾਈਚਾਰੇ ਨਾਲ ਵਾਅਦਾ ਕੀਤਾ ਸੀ ਕਿ ਹਰ ਸਾਲ ਰੰਘਰੇਟੇ ਗੁਰੂ ਕੇ ਬੇਟੇ ਮਹਾਨ ਸ਼ਹੀਦ ਧੰਨ ਧੰਨ ਬਾਬਾ ਜੀਵਨ ਸਿੰਘ (ਭਾਈ ਜੈਤਾ ਜੀ) ਦਾ ਜਨਮ ਦਿਹਾੜਾ ਤੇ ਸ਼ਹੀਦੀ ਦਿਹਾੜਾ ਗੁਰੂ ਘਰ ਟਾਇਰਾ ਬਿਊਨਾ ਵਿਖੇ ਮਨਾਇਆ ਜਾਵੇਗਾ, ਨੂੰ ਧਿਆਨ ਵਿਚ ਰੱਖਿਆ ਜਾਵੇ। ਪ੍ਰੈਸ ਨੂੰ ਇਹ ਜਾਣਕਾਰੀ ਮਹਾਂਰਿਸ਼ੀ ਵਾਲਮੀਕ ਸਭਾ ਯੂ. ਐਸ. ਏ. (ਯੂਬਾ ਸਿਟੀ) ਕੈਲੇਫੋਰਨੀਆ ਦੇ ਵਾਈਸ ਪ੍ਰਧਾਨ ਸੰਤੋਖ ਸਿੰਘ ਵੱਲੋਂ ਦਿੱਤੀ ਗਈ। **(ਸੰਤੋਖ ਸਿੰਘ ਗਿੱਲ)**






# 'ਕੀ ਉੱਗਰਵਾਦ ਤੇ ਅਸਹਿਣਸ਼ੀਲਤਾ ਧਰਮ ਦੀ ਉਪਜ ਹਨ?'

ਮਜ਼ਹਬ ਨਹੀਂ ਸਿਖਾਤਾ, ਆਪਸ ਮੇਂ ਵੈਰ ਰੱਖਨਾ।
ਹਿੰਦੀ ਹੈਂ ਹਮ ਵਤਨ ਹੈ, ਹਿੰਦੋਸਤਾਂ ਹਮਾਰਾ।
ਸਾਰੇ ਜਹਾਂ ਸੇ ਅੱਛਾ ਹਿੰਦੋਸਤਾਂ ਹਮਾਰਾ।

ਉਕਤ ਕਾਵਿਕ ਸੱਤਰਾਂ 'ਸਾਰੇ ਜਹਾਂ ਸੇ ਅੱਛਾ' ਜਾਂ 'ਤਰਾਨਾ-ਏ-ਹਿੰਦੀ', ਉਰਦੂ ਤੇ ਫਾਰਸੀ ਦੇ ਮਸ਼ਹੂਰ ਸ਼ਾਇਰ ਡਾ. ਮੁਹੰਮਦ ਇਕਬਾਲ ਦੀ ਲਿਖੀ ਹੋਈ ਇਕ ਦੇਸ਼ ਪ੍ਰੇਮ ਦੀ 'ਗਜ਼ਲ' ਦੀਆਂ ਹਨ। ਉਹਨਾਂ ਦੀ ਇਹ ਰਚਨਾ 'ਬੰਗ-ਏ-ਦਾਰਾ' 'ਚ ਦਰਜ ਹੈ। ਇਹ ਗਜ਼ਲ ਭਾਰਤੀ ਸੁਤੰਤਰਤਾ ਸੰਗਰਾਮ ਦੇ ਦੌਰਾਨ ਅੰਗਰੇਜ਼ੀ ਹਕੂਮਤ ਦੇ ਵਿਰੋਧ ਦਾ ਪ੍ਰਤੀਕ ਬਣ ਗਈ ਸੀ। ਇਸ ਨੂੰ ਅੱਜ ਵੀ ਦੇਸ਼-ਭਗਤੀ ਦੇ ਗੀਤ ਦੇ ਰੂਪ 'ਚ ਭਾਰਤ 'ਚ ਗਾਇਆ ਜਾਂਦਾ ਹੈ। ਇਸ ਗਜ਼ਲ ਨੂੰ ਅਣਅਧਿਕਾਰਿਤ ਤੌਰ 'ਤੇ ਭਾਰਤ ਦਾ ਰਾਸ਼ਟਰੀ ਗੀਤ ਹੋਣ ਦਾ ਦਰਜਾ ਪ੍ਰਾਪਤ ਹੈ। ਇਹ ਗਜ਼ਲ ਹਿੰਦੋਸਤਾਨ ਦੀ ਤਾਰੀਫ਼ 'ਚ ਲਿਖੀ ਗਈ ਹੈ ਤੇ ਇਹ ਗਜ਼ਲ ਅਲੱਗ-ਅਲੱਗ ਵਰਗਾਂ 'ਚ ਭਾਈਚਾਰਕ ਪਿਆਰ ਦੀ ਭਾਵਨਾ ਨੂੰ ਵਧਾਉਣ ਦੀ ਪ੍ਰੇਰਨਾ ਦਿੰਦੀ ਹੈ।

ਡਾ. ਇਕਬਾਲ ਦੇ ਗੀਤ ਦੀਆਂ ਉਕਤ ਸੱਤਰਾਂ ਉਨ੍ਹਾਂ ਦੀ ਲਿਖੀ ਗਜ਼ਲ ਦੀਆਂ ਸਭ ਤੋਂ ਮਕਬੂਲ ਤੇ ਪ੍ਰਸਿੱਧ ਸੱਤਰਾਂ ਹਨ, ਜਿਹਨਾਂ ਦਾ ਅਰਥ ਹੈ ਕਿ ਸੰਸਾਰ ਦਾ ਕੋਈ ਵੀ ਧਰਮ ਜਾਂ ਮਜ਼ਹਬ ਸਾਨੂੰ ਆਪਸ 'ਚ ਕਿਸੇ ਵੀ ਮਾਨਵ ਨਾਲ ਵੈਰ-ਵਿਰੋਧ ਕਰਨ ਦੀ ਸਿੱਖਿਆ ਨਹੀਂ ਦਿੰਦਾ ਭਾਵ ਸਾਨੂੰ ਸਮੁੱਚੀ ਮਾਨਵਤਾ ਨਾਲ ਵੈਰ-ਵਿਰੋਧ ਦੀ ਭਾਵਨਾ ਛੱਡ ਕੇ ਪਿਆਰ ਕਰਨ ਦੀ ਪ੍ਰੇਰਨਾ ਦਿੰਦਾ ਹੈ। ਅਸੀਂ ਸਾਰੇ ਲੋਕ ਹਿੰਦੋਸਤਾਨੀ ਹਾਂ ਤੇ ਹਿੰਦੋਸਤਾਨ ਸਾਡਾ ਦੇਸ਼ ਹੈ। ਇਸ ਲਈ ਸਾਨੂੰ ਸਾਡਾ ਦੇਸ਼ ਭਾਰਤ (ਹਿੰਦੋਸਤਾਨ) ਸਾਰੀ ਦੁਨੀਆਂ ਤੋਂ ਅੱਛਾ ਲੱਗਦਾ ਹੈ। ਡਾ. ਮੁਹੰਮਦ ਇਕਬਾਲ ਦੇ ਇਸ ਗੀਤ 'ਚੋਂ ਸਾਨੂੰ ਅੰਤਰ ਰਾਸ਼ਟਰੀ ਮਾਨਵਵਾਦੀ ਝਲਕ ਨਜ਼ਰ ਆਉਂਦੀ ਹੈ ਪਰ ਅਜੋਕੇ ਸਮੇਂ 'ਚ ਉਗਰਵਾਦ ਨੇ ਜੋ ਹਾਲਾਤ ਪੈਦਾ ਕਰ ਦਿੱਤੇ ਹਨ, ਉਸ ਤੋਂ ਤਾਂ ਇਹੀ ਪਤਾ ਲੱਗਦਾ ਹੈ ਕਿ ਇਸ ਨੇ ਮਜ਼ਹਬ ਦੇ ਅਰਥ ਹੀ ਬਦਲ ਦਿੱਤੇ ਹਨ। ਹੁਣ ਇਸ ਦੇ ਅਰਥਾਂ ਦਾ ਭਾਵ ਇਹੀ ਲੱਗਦਾ ਹੈ ਕਿ ਜਿਵੇਂ: "ਮਜ਼ਹਬੀ ਕੱਟੜਵਾਦ ਹੀ ਇਸ ਤੋਂ ਪ੍ਰਭਾਵਿਤ ਹੋਇਆ ਲੱਗਦਾ ਹੈ।" ਮਜ਼ਹਬ ਜਾਂ ਧਰਮ 'ਚੋਂ ਦੋ ਤਰ੍ਹਾਂ ਦੇ ਲੋਕਾਂ ਦੀ ਉਪਜ ਹੁੰਦੀ ਹੈ। ਇਕ ਅਜਿਹੇ ਲੋਕ ਹਨ ਜੋ ਉਦਾਰਵਾਦੀ ਹਨ ਤੇ ਦੁਨੀਆਂ ਦੇ ਸਾਰੇ ਲੋਕਾਂ ਨੂੰ ਬੜੀ ਸਦਭਾਵਨਾ ਤੇ ਪਿਆਰ ਦੇ ਨਜ਼ਰੀਏ ਨਾਲ ਦੇਖਦੇ ਹਨ ਤੇ ਉਹ ਕਿਸੇ ਨਾਲ ਵੈਰ-ਵਿਰੋਧ ਤੇ ਨਫ਼ਰਤ ਦੀ ਭਾਵਨਾ ਨਹੀਂ ਰੱਖਦੇ। ਦੂਸਰੀ ਕਿਸਮ ਦੇ ਉਹ ਲੋਕ ਹਨ ਜੋ ਤੁਹਾਨੂੰ ਸੰਸਾਰ ਦੇ ਸਾਰੇ ਧਰਮਾਂ 'ਚ ਨਜ਼ਰ ਆਉਣਗੇ। ਉਹ ਹਨ, ਉਸ ਧਰਮ ਦੇ ਕੱਟੜਵਾਦੀ ਲੋਕ ਜੋ ਆਪਣੀ ਨਿੱਜਤਾ ਤੇ ਮੁਫਾਜ਼ਾਂ ਦੇ ਕਾਰਨ ਇੰਨੇ ਕੱਟੜ ਹਨ ਕਿ ਸਿਰਫ਼ ਆਪਣੇ ਧਰਮ ਨੂੰ ਹੀ ਚੰਗਾ ਸਮਝਦੇ ਹਨ ਤੇ ਦੂਸਰੇ ਧਰਮਾਂ ਨੂੰ ਨਫ਼ਰਤ ਦੀ ਨਜ਼ਰ ਨਾਲ ਦੇਖਦੇ ਤੇ ਉਸ ਦੀ ਆਲੋਚਨਾ ਕਰਦੇ ਹਨ ਤੇ ਆਪਣੇ ਧਰਮ ਨੂੰ ਹੀ ਸੰਸਾਰ ਪੱਧਰ 'ਤੇ ਦੇਖਣਾ ਚਾਹੁੰਦੇ ਹਨ ਤੇ ਉਸ ਦਾ ਵਿਸਥਾਰ ਕਰਨਾ ਚਾਹੁੰਦੇ ਹਨ ਤੇ ਦੂਸਰੇ ਧਰਮਾਂ ਦਾ, ਤਸ਼ੱਦਦ ਤੇ ਧੱਕੇ ਨਾਲ ਖਾਤਮਾ ਕਰਨ ਦੀ ਇੱਛਾ ਪਾਲਦੇ ਹਨ।

ਭਾਰਤ ਦਾ ਸੰਵਿਧਾਨ 'ਅਨੇਕਤਾ 'ਚ ਏਕਤਾ' ਦੀ ਗੱਲ ਕਰਦਾ ਹੈ ਕਿਉਂਕਿ ਭਾਰਤ ਇਕ ਵਿਸ਼ਾਲ ਲੋਕਰਾਜੀ ਦੇਸ਼ ਹੈ। ਇਸ 'ਚ ਅਨੇਕਾਂ ਧਰਮਾਂ ਦੇ ਲੋਕ ਰਹਿੰਦੇ ਹਨ, ਉਹਨਾਂ ਦੀ ਆਪਣੇ-ਆਪਣੇ ਖਿੱਤੇ ਦੀ ਆਪਣੀ-ਆਪਣੀ ਬੋਲੀ ਹੈ ਤੇ ਉਹਨਾਂ ਦੇ ਆਪਣੇ-ਆਪਣੇ ਹੀ ਸੱਭਿਆਚਾਰ ਹਨ। ਇਸ ਤਰ੍ਹਾਂ ਦੀ ਅਨੇਕਤਾ ਹੋਣ ਦੇ ਬਾਵਜੂਦ ਵੀ ਉਹਨਾਂ 'ਚ ਏਕਤਾ ਹੈ ਤੇ ਉਹ ਸਾਰੇ ਭਾਰਤੀ ਨਾਗਰਿਕ ਹਨ, ਉਹਨਾਂ ਦੀ ਆਸਥਾ ਭਾਰਤ ਦੇ ਸੰਵਿਧਾਨ 'ਚ ਬੜੀ ਦ੍ਰਿੜ੍ਹ ਹੈ ਪਰ ਕੁਝ ਗਿਣਤੀ 'ਚ ਕੱਟੜਪੰਥੀ ਇਕ ਫਿਰਕੇ ਦੇ ਲੋਕ ਇਸ ਸੰਵਿਧਾਨਕ ਅਨੇਕਤਾ ਨੂੰ ਖਤਮ ਕਰਕੇ ਇਕੋ ਭਗਵੇਂ ਰੰਗ 'ਚ ਰੰਗਣ ਦੀ ਕੋਸ਼ਿਸ਼ ਕਰ ਰਹੇ ਹਨ। ਉਹ ਇਸ ਅਨੇਕਤਾ ਨੂੰ ਆਪਣੇ ਰਾਹ 'ਚ ਰੋੜਾ ਸਮਝ ਕੇ ਮਨੁੱਖੀ ਕਦਰਾਂ-ਕੀਮਤਾਂ, ਮਨੁੱਖੀ ਅਣਖ ਤੇ ਗੌਰਵ ਤੇ ਆਜ਼ਾਦੀ ਦੀ ਗੱਲ ਕਰਨ ਵਾਲੇ ਉੱਘੇ ਚਿੰਤਕਾਂ ਤੇ ਬਜ਼ੁਰਗ ਬੁੱਧੀਜੀਵੀ, ਪ੍ਰੋ. ਐਮ. ਐਮ. ਕੁਲਬਰਗੀ ਨੂੰ ਕਰਨਾਟਕ ਵਿਖੇ ਉਸ ਦੇ ਘਰ ਜਾ ਕੇ ਦੋ ਕੱਟੜਪੰਥੀ ਅਣਪਛਾਤੇ ਧਾੜਵੀਆਂ ਨੇ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ। ਇਸੇ ਹੀ ਤਰ੍ਹਾਂ ਨਰਿੰਦਰ ਦਾਬੋਲਕਰ ਤੇ ਗੋਬਿੰਦ ਪੰਸਰੇ ਜੋ ਕਿ ਮਹਾਰਾਸ਼ਟਰ ਦੇ ਨਿਵਾਸੀ ਸਨ, ਨੂੰ ਵੀ ਮਜ਼ਹਬੀ ਕੱਟੜਪੰਥੀਆਂ ਨੇ ਬੜੀ ਬੇਰਹਿਮੀ ਨਾਲ ਕਤਲ ਕਰ ਦਿੱਤਾ। ਪਿਛਲੇ ਸਾਲ ਇਸੇ ਹੀ ਤਰ੍ਹਾਂ ਦਾ ਇਕ ਹੋਰ ਕਤਲ ਉੱਤਰ ਪ੍ਰਦੇਸ਼ ਦੇ ਦਾਦਰੀ ਇਲਾਕੇ ਦੇ ਬੀਸਰਾ ਪਿੰਡ ਦੇ ਇਕ ਲੁਹਾਰ, ਮੁਹੰਮਦ ਅਖ਼ਲਾਕ ਨੂੰ ਗਾਂ ਦਾ ਮਾਸ ਖਾਣ ਕਰਕੇ ਬੜੀ ਬੇਰਹਿਮੀ ਨਾਲ ਕਤਲ ਕਰ ਦਿੱਤਾ ਗਿਆ।

ਇਸੇ ਸਾਲ ਮਾਰਚ ਮਹੀਨੇ 'ਚ ਯਮਨ ਦੇਸ਼ 'ਚ ਆਈ. ਐਸ. ਕੱਟੜਪੰਥੀ ਅੱਤਵਾਦੀ ਸੰਗਠਨ ਨੇ ਭਾਰਤੀ ਪਾਦਰੀ ਰੇਵਰ ਐਂਡ ਥਾਮਸ ਉਜੁਨਨਾਲਿਲ ਦੀ ਬੜੇ ਜ਼ਾਲਮਾਨਾ ਤਰੀਕੇ ਨਾਲ ਤਸੀਹੇ ਦੇ ਕੇ ਹੱਤਿਆ ਕਰ ਦਿੱਤੀ ਗਈ। ਅੱਤਵਾਦੀਆਂ ਨੇ ਗੁੱਡ ਫਰਾਈਡੇ ਵਾਲੇ ਦਿਨ ਯਮਨ 'ਚ ਉਹਨਾਂ ਨੂੰ ਸੂਲੀ 'ਤੇ ਟੰਗ ਦਿੱਤਾ। ਉਹਨਾਂ ਨੂੰ ਠੀਕ ਉਸੇ ਤਰ੍ਹਾਂ ਸੂਲੀ 'ਤੇ ਲਟਕਾਇਆ ਗਿਆ ਜਿਸ ਤਰ੍ਹਾਂ ਈਸਾ ਮਸੀਹ ਨੂੰ ਰੋਮਨਾਂ ਨੇ ਲਟਕਾਇਆ ਸੀ। ਥਾਮਕ 56 ਸਾਲਾ ਇਕ ਕੈਥੋਲਿਕ ਪਾਦਰੀ ਸਨ ਤੇ ਉਹ ਕੇਰਲ ਦੇ ਕੋਟਾਯਮ ਦੇ ਰਾਮਾਪੁਰਮ ਦੇ ਰਹਿਣ ਵਾਲੇ ਸਨ। ਉਹ ਯਮਨ 'ਚ ਮਦਰ ਟੇਰੇਸਾ ਮਿਸ਼ਨਰੀਜ਼ ਦੇ ਚੈਰਿਟੀ ਲਈ ਕੰਮ ਕਰਦੇ ਸਨ। ਉਹਨਾਂ ਨੂੰ ਬਚਾਉਣ ਲਈ ਭਾਰਤ ਸਰਕਾਰ ਤੇ ਸੰਸਾਰ ਦੀਆਂ ਕਈ ਜਥੇਬੰਦੀਆਂ ਨੇ ਬੜੀਆਂ ਕੋਸ਼ਿਸ਼ਾਂ ਕੀਤੀਆਂ ਪਰ ਜ਼ਾਲਮ ਕੱਟੜਪੰਥੀਆਂ ਨੇ ਇਕ ਨਾ ਸੁਣੀ। ਇਸੇ ਹੀ ਤਰਜ਼ ਤੇ ਮੁੰਬਈ 'ਚ ਪਾਕਿਸਤਾਨ ਦੇ ਸਾਬਕਾ ਵਿਦੇਸ਼ ਮੰਤਰੀ ਖ਼ੁਰਸ਼ੀਦ ਮਹਿਮੂਦ ਕਸੂਰੀ ਦੀ ਕਿਤਾਬ ਨੂੰ ਰਿਲੀਜ਼ ਕਰਨ ਲਈ ਰੱਖੇ ਗਏ ਸਮਾਗਮ 'ਚ, ਸਮਾਗਮ ਦੇ ਪ੍ਰਮੁੱਖ ਪ੍ਰਬੰਧਕ ਭਾਜਪਾ ਆਗੂ ਸ੍ਰੀ ਸੁਧੀਂਦਰ ਕੁਲਕਰਨੀ ਦੇ ਮੂੰਹ 'ਤੇ ਕਾਲਖ ਪੋਚ ਦਿੱਤੀ ਗਈ ਤੇ ਬੜੇ ਮੂਰਖਾਨਾ ਕੱਟੜਵਾਦ ਦਾ ਪ੍ਰਗਟਾਵਾ ਕੀਤਾ ਗਿਆ। ਦੇਸ਼ 'ਚ ਵਾਪਰ ਰਹੀਆਂ ਅਜਿਹੀਆਂ ਧਾਰਮਿਕ ਕੱਟੜਵਾਦੀ ਅਸੱਭਿਅਕ ਘਟਨਾਵਾਂ ਦੇਸ਼ 'ਚ ਅਸਹਿਣਸ਼ੀਲਤਾ ਦਾ ਪ੍ਰਗਟਾਵਾ ਕਰਦੀਆਂ ਪ੍ਰਤੱਖ ਨਜ਼ਰ ਆਉਂਦੀਆਂ ਹਨ। ਇਸੇ ਤਰ੍ਹਾਂ ਹੀ ਦਲਿਤ ਵਿਰੋਧੀ ਘਟਨਾਵਾਂ ਵੀ ਦੇਸ਼ 'ਚ ਰੁਕਣ ਦਾ ਨਾਂ ਨਹੀਂ ਲੈ ਰਹੀਆਂ।

ਅਗਰ ਇੱਥੇ ਅੰਤਰ ਰਾਸ਼ਟਰੀ ਪੱਧਰ ਦੀ ਗੱਲ ਕਰੀਏ ਤਾਂ ਤੁਰਕੀ, ਬੈਰੂਤ, ਨਾਈਜੀਰੀਆ, ਪੈਰਿਸ ਆਦਿ ਤੇ ਦੁਨੀਆਂ ਦੇ ਕਈ ਦੇਸ਼ਾਂ 'ਚ ਕੱਟੜਪੰਥੀ ਧਾਰਮਿਕ ਸੰਗਠਨਾਂ ਦੇ ਘਿਨਾਉਣੇ ਹਮਲੇ ਕਿਸੇ ਖਾਸ ਭੂਗੋਲਿਕ ਖਿੱਤੇ ਜਾਂ ਦੇਸ਼ ਉਪਰ ਹਮਲੇ ਨਹੀਂ ਹਨ ਸਗੋਂ ਸਮੁੱਚੀ ਬੇਕਸੂਰ ਮਾਨਵਤਾ 'ਤੇ ਹਮਲੇ ਹਨ। ਇਹਨਾਂ ਹਮਲਿਆਂ ਦੀ ਜਿੰਨੀ ਵੀ ਹੋ ਸਕੇ, ਨਿੰਦਾ ਕਰਨੀ ਤੇ ਇਸ ਮੁੱਦੇ 'ਤੇ ਇਕਮੱਤ ਹੋਣ ਦੀ ਜ਼ਰੂਰਤ ਹੈ।

ਅਜਿਹੇ ਧਾਰਮਿਕ ਕੱਟੜਪੰਥੀ ਲੋਕ ਜੋ ਅਜਿਹੀਆਂ ਅਣਮਨੁੱਖੀ ਤੇ ਹੈਵਾਨੀਅਤ ਦੀਆਂ ਘਟਨਾਵਾਂ ਨੂੰ ਅੰਜਾਮ ਦਿੰਦੇ ਹਨ, ਉਹ ਲੋਕ ਭਰਮ-ਭੁਲੇਖਿਆਂ ਦਾ ਸ਼ਿਕਾਰ ਜਾਪਦੇ ਹਨ ਕਿ ਸ਼ਾਇਦ ਉਹ ਕੋਈ ਪੁੰਨਾਰਥ ਜਾਂ ਕਿਸੇ ਧਾਰਮਿਕ ਮਰਿਆਦਾ ਦਾ ਫਰਜ਼ ਨਿਭਾਅ ਰਹੇ ਹੋਣ। ਉਹਨਾਂ ਨੂੰ ਧਰਮ ਦੇ ਸਹੀ ਅਰਥਾਂ ਦਾ ਭੋਰਾ ਵੀ ਗਿਆਨ ਨਹੀਂ ਲੱਗਦਾ ਤੇ ਉਹ ਧਰਮ ਦੇ ਯਥਾਰਥਵਾਦੀ ਗਿਆਨ ਤੋਂ ਕੋਸਾਂ ਦੂਰ 'ਤੇ ਸੱਖਣੇ ਹਨ। ਅਜਿਹੇ ਲੋਕ ਧਰਮ ਸਬੰਧੀ ਉਲਾਰ ਸੋਚ ਰੱਖਦੇ ਹਨ ਤੇ ਅਸਹਿਣਸ਼ੀਲਤਾ ਤੇ ਕੱਟੜਤਾ ਦਾ ਦਿਖਾਵਾ ਕਰਕੇ ਧਰਮ ਨੂੰ ਬਦਨਾਮ ਕਰਦੇ ਹਨ ਤੇ ਧਰਮ ਦੇ ਨਾਂ 'ਤੇ ਅਨੈਤਿਕਤਾ ਫੈਲਾਅ ਕੇ ਮਾਨਵੀ ਕਤਲੋਗਾਰਤ ਦੇ ਦੋਸ਼ੀ ਵੀ ਹਨ ਜੋ ਕਿ ਇਕ ਧਰਮ ਨਹੀਂ ਹੈ ਸਗੋਂ ਇਕ ਅਧਰਮ ਹੈ। ਉਹਨਾਂ ਦੀ ਇਨਸਾਨੀਅਤ 'ਤੇ ਕੀਤੀ ਜਾ ਰਹੀ ਬਰਬਰਤਾ ਨਾਲ, ਸਮਾਜ 'ਚ ਡਰ ਤੇ ਸਹਿਮ ਦਾ ਮਾਹੌਲ ਪੱਸਰ ਰਿਹਾ ਹੈ। ਅਜਿਹੇ ਹਾਲਾਤ 'ਚ ਲੋਕਾਂ ਨੂੰ ਧਰਮ ਦੇ ਸਹੀ ਅਰਥਾਂ ਨੂੰ ਸਮਝਾਉਣ ਦੀ ਬੜੀ ਲੋੜ ਮਹਿਸੂਸ ਕੀਤੀ ਜਾ ਰਹੀ ਹੈ ਅਗਰ ਇਸ ਲਈ ਕੋਈ ਸਾਰਥਿਕ ਕੋਸ਼ਿਸ਼ ਨਹੀਂ ਕੀਤੀ ਜਾਂਦੀ ਤਾਂ ਧਰਮ 'ਚੋਂ ਹੌਲੀ-ਹੌਲੀ ਵਿਸ਼ਵਾਸ ਖਤਮ ਹੋਣਾ ਯਕੀਨੀ ਹੈ।



ਪ੍ਰੋ: ਐਚ.ਐਲ. ਕਪੂਰ
001- 916- 587-4002

ਭਾਰਤੀ ਧਾਰਮਿਕ ਦਰਸ਼ਨ 'ਚ ਨੈਤਿਕਤਾ ਜਾਂ ਸਦਾਚਾਰ ਨੂੰ ਧਰਮ 'ਚ ਪ੍ਰਥਮ ਸਿਧਾਂਤ ਮੰਨਿਆ ਗਿਆ ਹੈ। ਗੁਰੂ ਨਾਨਕ ਦੇਵ ਜੀ ਇਸ ਸਿਧਾਂਤ ਦੀ ਪ੍ਰੋੜ੍ਹਤਾ ਇਸ ਤਰ੍ਹਾਂ ਕਰਦੇ ਹਨ- "ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰ" ਭਾਵ ਧਰਮ 'ਚ ਮਨੁੱਖ ਦਾ ਸਾਰਾ ਜ਼ੋਰ ਆਚਾਰ ਦੀ 'ਸੱਚਤਾ ਤੇ ਸੁੱਚਤਾ' 'ਤੇ ਹੀ ਨਿਰਭਰ ਕਰਦਾ ਹੈ। ਇਸ ਉਕਤ ਤੱਤ ਦੇ ਨਾਲ ਹੀ ਧਰਮ 'ਚ ਪ੍ਰਮਾਤਮਾ ਦੀ ਬੰਦਗੀ ਨੂੰ ਧਰਮ ਦਾ ਮੂਲ ਤੱਤ ਮੰਨਿਆ ਜਾਂਦਾ ਹੈ। ਆਤਮਕ ਪੱਖੋਂ ਧਰਮ ਇਕ ਰੂਹਾਨੀ ਰਹੱਸ ਹੀ ਹੈ ਜਿਸ ਨੂੰ ਮਨੁੱਖ ਆਪਣੇ ਬਾਹਰਮੁਖੀ ਵਰਤਾਰੇ ਨਾਲ ਨਹੀਂ ਸਗੋਂ ਆਪਣੇ ਅੰਤਰ-ਮੁਖੀ ਰਹੱਸਵਾਦੀ ਕਸੌਟੀ 'ਤੇ ਮਹਿਸੂਸ ਕਰਦਾ ਹੈ ਜਿਵੇਂ:- "ਇਕ ਗੂੰਗਾ ਮਨੁੱਖ ਮਠਿਆਈ ਦੇ ਸਵਾਦ ਨੂੰ ਬੋਲ ਕੇ ਨਹੀਂ ਦੱਸ ਸਕਦਾ ਕਿ ਉਸ ਦਾ ਸੁਆਦ ਬਹੁਤ ਮਿੱਠਾ ਹੈ। ਉਹ ਸਿਰਫ਼ ਆਪਣੀ ਅੰਤਰ-ਆਤਮਾ ਦੀ ਕਸਵੱਟੀ 'ਤੇ ਹੀ ਮਠਿਆਈ ਦੇ ਮਿੱਠੇ ਸੁਆਦ ਨੂੰ ਮਹਿਸੂਸ ਕਰਦਾ ਹੈ।" ਇਸੇ ਲਈ ਹੀ ਭਾਰਤੀ ਦਰਸ਼ਨ 'ਚ ਜਿੱਥੇ ਧਰਮ ਸਾਡੀ ਨੈਤਿਕਤਾ ਨਾਲ ਜੁੜਿਆ ਹੋਇਆ ਹੈ, ਉਥੇ ਨਾਲ ਹੀ ਇਸ ਦਾ ਸਾਡੀ ਰੂਹਾਨੀਅਤ ਤੇ ਅੰਤਰ-ਆਤਮਾ ਦੇ ਅਨੁਭਵ ਨਾਲ ਵੀ ਗੂੜ੍ਹਾ ਸਬੰਧ ਹੈ। ਇਸ ਲਈ ਧਰਮ ਦਾ ਅਹਿਸਾਸ ਸਾਡੀ ਬਾਹਰਮੁੱਖੀ ਸੋਚ ਜਾਂ ਅਨੁਭਵ ਨਾਲ ਨਹੀਂ ਹੈ ਸਗੋਂ ਇਸ ਦਾ, ਸਾਰੇ ਦਾ ਸਾਰਾ ਸਬੰਧ ਸਾਡੀ ਅੰਤਰ ਮੁਖੀ ਸੋਚ ਨਾਲ ਜੁੜਿਆ ਹੋਇਆ ਹੈ।

ਮਾਨਵਤਾ ਦਾ ਧਾਰਮਿਕ ਹੋਣਾ ਮਾਨਵ ਦੀ ਧੁਰ ਅੰਤਰਮੁਖੀ ਭਾਵ ਅੰਦਰਲੀ ਯੁੱਗਾਂ ਤੋਂ ਚੱਲੀ ਆ ਰਹੀ ਇਕ ਵਿਰਤੀ ਹੈ। ਮਨੁੱਖ ਦਾ ਆਦਿ ਮਾਨਵੀ ਸੁਭਾਅ ਹੀ ਉਸ ਨੂੰ ਧਾਰਮਿਕ ਸੋਚ ਵੱਲ ਆਕਰਸ਼ਿਤ ਕਰਦਾ ਹੈ। ਮਨੁੱਖ ਦੀ ਅੰਤਰ-ਮੁਖੀ ਰਹੱਸਵਾਦੀ ਅਨੁਭਵੀ ਸੋਚ ਹੀ ਉਸ ਦੇ ਧਿਆਨ ਨੂੰ ਨਿਰਵਾਣ ਵੱਲ ਆਕਰਸ਼ਿਤ ਕਰਦੀ ਹੈ, ਜਿੱਥੇ ਉਹ ਪ੍ਰਮਾਤਮਾ ਨਾਲ ਪਿਆਰ ਪਾ ਲੈਂਦਾ ਹੈ ਤੇ ਇਸ ਅਵਸਥਾ 'ਚ ਉਹ ਆਪਣੇ ਧਿਆਨ ਨੂੰ ਇਤਨਾ ਇਕਾਗਰ ਕਰ ਲੈਂਦਾ ਹੈ ਕਿ ਇੱਥੇ ਉਹ ਇਕ ਉਚੇਰੇ ਵਿਸਮਾਦੀ ਸੁਆਦ ਨੂੰ ਮਹਿਸੂਸ ਕਰਦਾ ਹੈ ਤੇ ਉਸ ਦੇ ਸਾਰੇ ਭਰਮ-ਭੁਲੇਖੇ ਦੂਰ ਹੋ ਜਾਂਦੇ ਹਨ। ਉਸ ਦੀ ਮਾਨਸਿਕ ਅਵਸਥਾ - 'ਨਾ ਕੋ ਵੈਰੀ ਨਾ ਹੀ ਬੇਗਾਨਾ' ਦਾ ਅਹਿਸਾਸ ਮਹਿਸੂਸ ਕਰਦੀ ਹੈ। ਗੁਰਮਤਿ 'ਚ ਇਸ ਅਹਿਸਾਸ ਨੂੰ 'ਸੱਚ ਖੰਡ' ਦੀ ਅਵਸਥਾ ਕਿਹਾ ਜਾਂਦਾ ਹੈ। ਇਸ ਅਵਸਥਾ 'ਚ ਪਹੁੰਚ ਕੇ ਮਾਨੋ ਉਸ ਨੇ ਸੰਸਾਰ ਦੀਆਂ ਸਭ ਖੁਸ਼ੀਆਂ ਪ੍ਰਾਪਤ ਕਰ ਲਈਆਂ ਹੋਣ ਤੇ ਉਹ ਦੁਨਿਆਵੀ ਜੰਜਾਲਾਂ ਤੋਂ ਮੁਕਤੀ ਮਹਿਸੂਸ ਕਰਦਾ ਹੈ। ਅਸਲ 'ਚ ਪ੍ਰਗਤੀਵਾਦ ਦੀ ਭਾਸ਼ਾ 'ਚ ਇਸ 'ਸੱਚਖੰਡ' ਦੀ ਅਵਸਥਾ ਨੂੰ ਉੱਚਤਮ ਮਾਨਸਿਕ ਵਿਕਾਸ ਕਿਹਾ ਜਾਂਦਾ ਹੈ।

ਸਤਿਗੁਰੂ ਰਵਿਦਾਸ ਜੀ ਨੇ ਪ੍ਰਮਾਤਮਾ ਨਾਲ ਮਿਲਾਪ ਜਾਂ ਸਾਰੇ ਤਰ੍ਹਾਂ ਦੇ ਬੰਧਨਾਂ ਤੋਂ ਮੁਕਤੀ ਵਾਲੇ ਇਸ ਉਚੇਰੇ ਰੂਹਾਨੀ ਅਹਿਸਾਸ ਨੂੰ 'ਤੋਹੀ ਮੋਹੀ, ਮੋਹੀ ਤੋਹੀ ਅੰਤਰ ਕੈਸਾ।। ਕਨਕ ਕਟਿਕ ਜਲ ਤਰੰਗ ਜੈਸਾ' ਬਿਆਨ ਕੀਤਾ ਹੈ। ਇਸ ਤੋਂ ਸਪਸ਼ਟ ਹੁੰਦਾ ਹੈ ਕਿ ਧਰਮ ਨੈਤਿਕਤਾ ਤੇ ਰੂਹਾਨੀਅਤ ਦੇ ਸੁਮੇਲ 'ਚੋਂ ਮਹਿਸੂਸ ਹੁੰਦਾ, ਰਹੱਸਵਾਦੀ ਅਨੁਭਵ ਹੁੰਦਾ ਹੈ। ਇਸ ਅੰਤਰਮੁਖੀ ਸੋਚ 'ਚੋਂ ਹੀ ਸਾਡੇ ਭਾਰਤੀ ਸਮਾਜ 'ਚ ਮਨੁੱਖ ਅੰਦਰ ਪਿਆਰ, ਸੁੱਖ, ਸ਼ਾਂਤੀ, ਫਿਰਕੂ ਸਦਭਾਵਨਾ, ਭਾਈਚਾਰਕ ਪਿਆਰ, ਸਾਂਝੀਵਾਲਤਾ ਤੇ ਸਹਿਣਸ਼ੀਲਤਾ ਪੈਦਾ ਹੁੰਦੀ ਹੈ। ਇਸ ਨੂੰ ਧਰਮ 'ਚੋਂ ਉਪਜੀ ਮੁਕੰਮਲ ਜੀਵਨ-ਜਾਂਚ ਆਖਿਆ ਜਾਂਦਾ ਹੈ। ਇਸ ਤਰ੍ਹਾਂ ਮਨੁੱਖ ਸੰਜਮੀ, ਉਦਾਰਵਾਦੀ, ਪਰਉਪਕਾਰੀ, ਤਿਆਗੀ, ਕੁਰਬਾਨੀ ਦੀ ਭਾਵਨਾ, ਸਹਿਣਸ਼ੀਲਤਾ, ਸਬਰ, ਸੰਤੋਖ, ਸਹਿਹੋਂਦ, ਹਲੀਮੀ, ਮਨੁੱਖੀ ਸੁਤੰਤਰਤਾ, ਨਿਆਂਪੂਰਵਕ ਰੁਚੀਆਂ ਆਦਿ ਵਰਗੀਆਂ ਉੱਚੀਆਂ ਕਦਰਾਂ-ਕੀਮਤਾਂ ਦਾ ਮਾਲਕ ਬਣ ਜਾਂਦਾ ਹੈ। ਇਸ ਦੇ ਠੀਕ ਉਲਟ ਉਲਾਰਵਾਦੀ, ਆਡੰਬਰੀ ਤੇ ਸਵਾਰਥੀ ਸੋਚ ਵਾਲਾ ਮਨੁੱਖ ਸਮਾਜ ਅੰਦਰ ਕੱਟੜਤਾ, ਨਫ਼ਰਤ, ਵੈਰ-ਵਿਰੋਧ, ਈਰਖਾ, ਲਾਲਚ, ਹੰਕਾਰ, ਬੇਚੈਨੀ, ਅਸ਼ਾਂਤ, ਅਸੰਜਮੀ, ਫਿਰਕਾਪ੍ਰਸਤ, ਅਨਿਆਈ ਤੇ ਜ਼ਬਰ-ਜ਼ੁਲਮ ਵਰਗੀਆਂ ਅਨੇਕਾਂ ਮਾਨਸਿਕ ਬਿਮਾਰੀਆਂ ਵਾਲਾ ਨਾਂਹ-ਪੱਖੀ ਵਰਤਾਰੇ ਵਾਲਾ ਮਾਨਵ ਬਣ ਜਾਂਦਾ ਹੈ।

ਅਧਿਆਤਮਕ-ਚਿੰਤਕ ਰੂਹਾਨੀਅਤ ਦੇ ਰਹੱਸ ਦਾ ਅਹਿਸਾਸ ਮਹਿਸੂਸ ਕਰਨ ਵਾਲੇ ਤੇ ਧਰਮ ਦੀ ਅਸਲੀ ਜਾਣਕਾਰੀ ਸਮਝਣ ਵਾਲੇ ਲੋਕਾਂ ਦੀ ਇਕ ਖਾਸ ਤਰ੍ਹਾਂ ਦੀ ਪਛਾਣ ਹੁੰਦੀ ਹੈ ਕਿ ਉਹ ਸਮਾਜ ਦੇ ਲੋਕਾਂ ਨੂੰ ਤੇ ਆਪਣੇ ਚੌਗਿਰਦੇ ਨੂੰ ਸਰੀਰ ਤੇ ਮਨ ਦੇ ਧਰਾਤਲ 'ਤੇ ਨਹੀਂ ਸਗੋਂ ਆਪਣੀ ਆਤਮਾ ਦੇ ਅਨੁਭਵੀ ਤੇ ਉਚੇਰੇ ਧਰਾਤਲ 'ਤੇ ਪਰਖਦੇ ਹਨ ਤੇ ਦੇਖਦੇ ਹਨ। ਇਕ ਸਮਾਜਿਕ ਮਾਨਵ ਤੋਂ ਬਣਿਆ ਦਰਵੇਸ਼ ਤੇ ਫਕੀਰ ਆਦਮੀ ਆਪਣੀ ਰੂਹ ਦੇ ਧਰਾਤਲ 'ਤੇ ਸਮਾਜਿਕ ਪ੍ਰਾਣੀਆਂ ਨਾਲ ਕਿਵੇਂ ਪੇਸ਼ ਆਉਂਦਾ ਹੈ।

ਇਸ ਦੀ ਉਦਾਹਰਣ ਗੁਰੂ ਗੋਬਿੰਦ ਸਿੰਘ ਜੀ ਦੇ ਬਹੁਤ ਹੀ ਪਿਆਰੇ ਸਿੱਖ ਭਾਈ ਘਨੱਈਆ ਜੀ ਦੀ ਹੈ। ਸਾਡਾ ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਮੁਗਲ ਫੌਜਾਂ ਨਾਲ ਹੋ ਰਹੇ ਧਰਮ-ਯੁੱਧ 'ਚ ਮਾਨਵੀ ਧਰਮ ਦੀਆਂ ਗਹਿਰੀਆਂ ਰੂਹਾਨੀ ਰਮਜ਼ਾਂ ਨੂੰ ਸਮਝਣ ਵਾਲੇ ਤੇ 'ਸੱਚ-ਖੰਡੀ' ਅਵਸਥਾ 'ਚ ਪਹੁੰਚੇ ਹੋਏ ਇਸ ਪਵਿੱਤਰ ਤੇ ਸਾਫ-ਸੁਥਰੀ ਆਤਮਾ ਵਾਲੇ ਮਾਨਵ ਲਈ, ਲੜਾਈ ਦੇ ਮੈਦਾਨ 'ਚ ਜ਼ਖਮੀ ਤੇ ਪ੍ਰਾਣ ਤਿਆਗ ਰਹੇ ਸਿਪਾਹੀ- 'ਨਾ ਕੋ ਵੈਰੀ ਨਾ ਹੀ ਬੇਗਾਨਾ' ਨਜ਼ਰ ਆਉਂਦੇ ਹਨ। ਇਕ ਮਾਸ਼ਕੀ ਦਾ ਸੱਚਾ-ਸੁੱਚਾ ਆਪਣਾ ਧਰਮ ਨਿਭਾਉਂਦਿਆਂ ਉਹ ਆਪਣੇ ਫੌਜੀ ਜਵਾਨਾਂ ਤੇ ਇਸ ਦੇ ਨਾਲ-ਨਾਲ ਦੁਸ਼ਮਣ ਦੇ ਫੌਜੀ ਜਵਾਨਾਂ ਨੂੰ ਵੀ ਬਿਨਾ ਕਿਸੇ ਵਿਤਕਰੇ ਤੇ ਭੇਦ-ਭਾਵ ਦੇ ਪਾਣੀ ਦੀ ਸੇਵਾ ਕਰਦੇ ਹਨ। ਪਰ ਧਰਮ ਦੀ ਪੂਰੀ ਸਮਝ ਨਾ ਰੱਖਣ ਵਾਲਿਆਂ ਨੂੰ ਭਾਈ ਘਨ੍ਹਈਆ ਜੀ ਦਾ ਇਹ ਉੱਚਾ ਤੇ ਸੁੱਚਾ ਕਾਰਜ ਧਰਮ ਵਿਰੋਧੀ ਮਹਿਸੂਸ ਹੋਇਆ। ਉਹਨਾਂ ਗੁਰੂ ਸਾਹਿਬ ਪਾਸ ਭਾਈ ਘਨਈਆ ਜੀ ਦੀ ਸ਼ਿਕਾਇਤ ਕਰ ਦਿੱਤੀ। ਸੰਗਤਾਂ ਨਾਲ ਭਰੇ ਪੰਡਾਲ 'ਚ ਜਦੋਂ ਗੁਰੂ ਜੀ ਨੇ ਇਹ ਸ਼ਿਕਾਇਤ ਸੁਣਦਿਆਂ ਕਿਹਾ ਕਿ ਭਾਈ ਘਨੱਈਆ ਜੀ ਨੇ ਧਰਮ ਦੀ ਮਰਿਆਦਾ ਅਨੁਸਾਰ ਇਹ ਬਿਲਕੁਲ ਠੀਕ ਕੀਤਾ ਹੈ। ਗੁਰੂ ਸਾਹਿਬ ਨੇ ਭਾਈ ਘਨੱਈਆ ਜੀ ਨੂੰ ਇਕ ਮਾਸ਼ਕੀ ਦਾ ਫਰਜ਼ ਨਿਭਾਉਂਦਿਆਂ ਹੋਇਆਂ ਜ਼ਖਮੀਆਂ ਦੀ ਮੱਲ੍ਹਮ ਪੱਟੀ ਕਰਨ ਦੀ ਸੇਵਾ ਵੀ ਸੌਂਪ ਦਿੱਤੀ। ਭਾਈ ਘਨੱਈਆ ਜੀ ਤੋਂ ਇਲਾਵਾ ਸਾਡੇ ਸਮਾਜ 'ਚ ਭਗਤ ਪੂਰਨ ਸਿੰਘ, ਮਦਰ ਟੈਰੀਸਾ ਤੇ ਇੰਗਲੈਂਡ ਦੇ ਇਤਿਹਾਸ 'ਚ ਫਾਦਰ ਡੇਮੀਅਨ ਤੇ ਫਲੋਰੈਂਸ ਨਾਈਟਿੰਗੇਲ ਦੀਆਂ ਉਦਾਹਰਣਾਂ ਵੀ ਮਾਨਵੀ ਸੇਵਾ ਦੇ ਪੁੰਜ ਦੇ ਤੌਰ 'ਤੇ ਦਿੱਤੀਆਂ ਜਾਂਦੀਆਂ ਹਨ, ਜਿਹਨਾਂ ਨੇ ਦੁਖੀਆਂ, ਬਿਮਾਰਾਂ, ਗਰੀਬਾਂ, ਕੋਹੜੀਆਂ ਤੇ ਸਮਾਜ ਦੇ ਦੁਰਕਾਰੇ ਹੋਏ ਲੋਕਾਂ ਦੀ ਰੱਜ ਕੇ ਸੇਵਾ ਕੀਤੀ।

ਉਕਤ ਚਰਚਾ ਦਾ ਸਾਰੰਸ਼ ਇਹ ਨਿਕਲਦਾ ਹੈ ਕਿ ਧਰਮ ਜਿਸ ਦੇ ਸ਼ਬਦੀ ਅਰਥ ਫਰਜ਼ ਹਨ, ਇਕ ਮਾਨਵ ਦਾ ਅੰਤਰਮੁਖੀ ਅਨੁਭਵ ਜਾਂ ਅਹਿਸਾਸ ਦਾ ਵਰਤਾਰਾ ਹੈ। ਇਹ ਮਾਨਵਵਾਦੀ ਅੰਤਰ-ਆਤਮਾ ਦਾ ਸਫ਼ਰ ਹੈ। ਅਸਲ 'ਚ ਮਾਨਵ ਦਾ ਸਬੰਧ ਉਸਦੇ ਮਨ, ਹਿਰਦੇ ਤੇ ਆਤਮਾ ਨਾਲ ਹੈ। ਮਨੁੱਖੀ ਮਨ ਨੂੰ ਤਕੜਾ ਕਰਨਾ, ਉਸ ਨੂੰ ਹੌਸਲਾ ਦੇਣਾ, ਵਿਗੜੇ ਹੋਏ ਮਨ ਨੂੰ ਸੁਧਾਰਨਾ, ਇਸ ਨੂੰ ਸ਼ਾਂਤ-ਚਿੱਤ ਕਰਨਾ ਤੇ ਆਪਣੀ ਆਤਮਾ ਨੂੰ ਪਵਿੱਤਰ ਬਣਾਉਣਾ, ਪ੍ਰਮਾਤਮਾ ਦੇ ਭੈਅ 'ਚ ਰਹਿਣਾ, ਇਹ ਸਭ ਸਾਡੀ ਨੈਤਿਕਤਾ ਤੇ ਰੂਹਾਨੀਅਤ ਨਾਲ ਸਬੰਧ ਰੱਖਦਾ ਹੈ। ਇਹ ਸਭ ਧਰਮਾਂ ਦਾ ਬੁਨਿਆਦੀ ਫਰਜ਼ ਬਣਦਾ ਹੈ ਤੇ ਇਸ ਧਾਰਮਿਕ ਫਰਜ਼ ਨੂੰ ਨਿਭਾਉਂਦਿਆਂ ਹੋਇਆਂ ਤਾਂ ਹੀ ਪਰਉਪਕਾਰੀ ਇਨਸਾਨ ਬਣਿਆ ਜਾ ਸਕਦਾ ਹੈ।

ਇਹ ਕੁਦਰਤੀ ਗੱਲ ਹੈ ਕਿ ਧਰਮ ਦੀ ਗਹਿਰੀ ਸਮਝ ਰੱਖਣ ਵਾਲਾ ਇਨਸਾਨ ਬੜਾ ਫਿਰਾਖ-ਦਿਲਾ, ਸੱਚੀ-ਸੁੱਚੀ ਨੈਤਿਕਤਾ ਵਾਲਾ ਤੇ ਉਦਾਰਵਾਦੀ ਅਨੁਭਵ ਵਾਲਾ ਹੁੰਦਾ ਹੈ। ਇਸ ਤਰ੍ਹਾਂ ਦੇ, ਬਣਾ ਲੈਣ ਵਾਲੇ ਸੁਭਾਅ ਵਾਲਾ ਮਨੁੱਖ ਸੰਸਾਰਕ ਝਮੇਲਿਆਂ 'ਚ ਨਹੀਂ ਪੈਂਦਾ, ਉਹ ਆਪਣੇ ਸਾਰੇ ਭਰਮ-ਭੇਦ, ਤੋਰ-ਮੋਰ ਤੇ ਸਭ ਤਰ੍ਹਾਂ ਦੇ ਵਖਰੇਵਿਆਂ ਤੋਂ ਨਿਰਲੇਪ ਹੋ ਜਾਂਦਾ ਹੈ। ਉਹ ਆਪਣਾ ਜੀਵਨ ਬੜਾ ਸਾਦਾ ਬਤੀਤ ਕਰਦਾ ਹੈ ਤੇ ਆਪਣੇ ਵਿਚਾਰਾਂ ਨੂੰ ਹਮੇਸ਼ਾ ਬੜਾ ਉੱਚਾ ਰੱਖਦਾ ਹੈ।

ਅਜਿਹੀ ਵਿਚਾਰਧਾਰਾ ਰੱਖਣ ਵਾਲੇ ਧਾਰਮਿਕ ਮਹਾਂਪੁਰਸ਼ਾਂ ਨੇ ਸਾਰੀ ਸ੍ਰਿਸ਼ਟੀ ਨੂੰ ਆਪਣੇ ਕਲਾਵੇ 'ਚ ਲੈ ਕੇ ਜੀਵਨ-ਜਾਂਚ ਸਿਖਾਉਣ ਦਾ ਉਪਰਾਲਾ ਕੀਤਾ ਹੈ। ਉਹਨਾਂ ਨੇ ਸਾਰੇ ਸੰਸਾਰ ਨੂੰ ਮਨੁੱਖੀ ਸਮਾਜਿਕ ਬਰਾਬਰੀ, ਭਾਈਚਾਰਕ ਸਾਂਝ, ਪਿਆਰ ਮੁਹੱਬਤ ਤੇ ਏਕਤਾ ਦਾ ਪੈਗਾਮ ਦਿੱਤਾ। ਸਮਾਜ ਦੇ ਵੱਖ-ਵੱਖ ਵਰਗਾਂ, ਫਿਰਕਿਆਂ, ਜਾਤਾਂ ਤੇ ਧਰਮਾਂ ਨੂੰ ਇਕ ਸੂਤਰ 'ਚ ਮਾਲਾ ਦੇ ਮਣਕਿਆਂ ਦੀ ਤਰ੍ਹਾਂ ਪਰੋਣ ਦਾ ਕੰਮ ਕੀਤਾ। ਇਸ ਤਰ੍ਹਾਂ ਦੇ ਵਿਚਾਰ ਰੱਖਣ ਵਾਲੇ ਮਨੁੱਖ ਸਮਾਜ 'ਚ ਵੈਰ-ਵਿਰੋਧ ਤੇ ਨਫ਼ਰਤ ਦੀ ਭਾਵਨਾ ਨਹੀਂ ਰੱਖਦੇ।

ਉਕਤ ਵਿਚਾਰਧਾਰਾ ਦੇ ਉਲਟ ਉਹ ਲੋਕ ਜੋ ਧਰਮ ਦੀ ਅੱਧੀ-ਅਧੂਰੀ, ਓਪਰੀ ਤੇ ਇਕ ਤਰਫੀ ਸੌੜੀ, ਭਰਮ-ਭਲੇਖਿਆਂ ਵਾਲੀ, ਕੱਟੜ ਤੇ ਜਨੂੰਨੀ ਧਾਰਮਿਕ ਸੋਚ ਰੱਖਦੇ ਹਨ, ਉਹ ਧਰਮ ਦੀ ਗਲਤ ਵਿਆਖਿਆ ਕਰਦੇ ਹਨ ਤੇ ਸਮਾਜ 'ਚ ਵੰਡੀਆਂ ਨਫ਼ਰਤਾਂ ਤੇ ਵੈਰ-ਵਿਰੋਧ ਪੈਦਾ ਕਰਦੇ ਹੋਏ ਧਰਮ ਦੇ ਨਾਂ 'ਤੇ ਕਤਲੋਗਾਰਤ ਕਰਦੇ ਹਨ। ਅੱਜ ਅੰਤਰ ਰਾਸ਼ਟਰੀ ਪੱਧਰ 'ਤੇ ਮਾਨਵਤਾ ਦਾ ਕਤਲ ਤੇ ਜ਼ੁਲਮ ਹੋ ਰਹੇ ਹਨ, ਉਹ ਇਸੇ ਹੀ ਕੱਟੜਵਾਦੀ ਧਾਰਮਿਕ ਵਿਚਾਰਧਾਰਾ ਦਾ ਨਤੀਜਾ ਹੀ ਹਨ। ਉਹ ਆਪਣੇ ਧਰਮ ਨੂੰ ਜ਼ੋਰ-ਜਬਰੀ ਸਾਰੇ ਸੰਸਾਰ ਦੀ ਲੋਕਾਈ 'ਤੇ ਬੰਦੂਕ ਦੀ ਨੋਕ ਨਾਲ ਲਾਗੂ ਕਰਨਾ ਚਾਹੁੰਦੇ ਹਨ।

ਇਹ ਸਾਰੇ ਲੋਕ ਸੁਆਰਥੀ ਵਿਉਪਾਰਕ ਰੁਚੀਆਂ ਤੇ ਧਾਰਮਿਕ ਕੱਟੜਪੰਥੀ ਹਨ। ਇਸ ਤੋਂ ਤਾਂ ਇਹੀ ਲੱਗਦਾ ਹੈ ਕਿ ਉਹਨਾਂ ਲੋਕਾਂ 'ਚ ਮਜ਼ਹਬੀ ਜਨੂੰਨ, ਕੱਟੜਵਾਦ ਤੇ ਆਪਣੇ ਧਰਮ ਨੂੰ ਦੇਖਣ ਤੋਂ ਸਿਵਾਏ ਉਹਨਾਂ ਨੂੰ ਦੂਸਰੇ ਹੋਰ ਧਰਮਾਂ ਦੇ ਲੋਕ ਚੰਗੇ ਹੀ ਨਹੀਂ ਲੱਗਦੇ। ਵੈਸੇ ਤਾਂ ਅਜਿਹੇ ਕੁਝ ਪ੍ਰਤੀਸ਼ਤ ਕੱਟੜਪੰਥੀ ਹਰ ਧਰਮ 'ਚ ਹੁੰਦੇ ਹਨ ਜੋ ਅਜਿਹੀ ਸੋਚ ਪਾਲਦੇ ਹਨ ਪਰ ਸਾਰਿਆਂ ਧਾਰਮਿਕ ਵਿਰਤੀ ਵਾਲੇ ਲੋਕਾਂ ਨੂੰ ਕੱਟੜਵਾਦੀ ਤੇ ਸੁਆਰਥੀ ਵਿਉਪਾਰਕ ਰੁਚੀਆਂ ਵਾਲੇ ਵੀ ਤਾਂ ਨਹੀਂ ਕਿਹਾ ਜਾ ਸਕਦਾ।

ਇਕ ਗੱਲ ਵਿਚਾਰਨ ਵਾਲੀ ਹੈ ਕਿ ਜੇਕਰ ਧਰਮ ਨੂੰ ਮਾਨਵ ਦੇ ਜੀਵਨ 'ਚੋਂ ਮਾਈਨਸ ਕਰ ਦਿੱਤਾ ਜਾਵੇ ਤਾਂ ਕੀ ਫਿਰ ਮਾਨਵਤਾ 'ਤੇ ਅੱਜ ਦੀ ਤਰ੍ਹਾਂ ਜ਼ੁਲਮ ਤੇ ਤਸ਼ੱਦਦ ਕਰੇਗਾ? ਕੀ ਧਰਮ ਤੋਂ ਬਿਨਾਂ ਜੀਵਨ, ਜੀਵਨ ਨਹੀਂ ਰਹੇਗਾ? ਸ਼ਾਇਦ ਇਸ ਦਾ ਉੱਤਰ ਹੋਵੇਗਾ ਨਹੀਂ, ਕਿਉਂਕਿ ਧਰਮ ਕਰਕੇ ਹੀ ਉਹ ਲੋਕ ਜਨੂੰਨੀ ਤੇ ਕੱਟੜਵਾਦੀ ਹਨ? ਇਸ ਲਈ ਮਜ਼ਹਬ ਦੇ ਪ੍ਰਭਾਵ ਕਰਕੇ ਹੀ ਉਹ ਲੋਕ ਕੱਟੜਵਾਦੀ ਤੇ ਸੁਆਰਥੀ ਹਨ।

ਇਸ ਕਰਕੇ ਹੀ ਸਾਡੇ ਸਮਾਜ 'ਚ ਜਾਤ-ਪਾਤ, ਸਮਾਜਿਕ ਨਾਬਰਾਬਰੀ ਤੇ ਉਚ-ਨੀਚ ਦਾ ਵਿਤਕਰਾ ਹੈ। ਵੈਸੇ ਵੀ ਸੰਸਾਰ ਦੇ ਕਿਸੇ ਵੀ ਧਰਮ ਦਾ ਅਜਿਹਾ ਸਿਧਾਂਤ ਨਹੀਂ ਹੈ ਜੋ ਆਪਸ 'ਚ ਵੈਰ-ਵਿਰੋਧ ਤੇ ਈਰਖਾ ਕਰਨ ਦੀ ਸਿੱਖਿਆ ਦਿੰਦਾ ਹੋਵੇ। ਇਸ ਲਈ ਸਾਰੇ ਸੰਸਾਰ ਦਾ ਧਰਮ ਹੀ 'ਮਾਨਵਵਾਦ' ਹੋਣਾ ਚਾਹੀਦਾ ਹੈ, ਜਿਸ ਦਾ ਨਾਅਰਾ ਇਹ ਹੋਵੇ ਕਿ "ਮਾਨਸ ਕੀ ਜਾਤ ਸਭੈ ਏਕੈ ਪਹਿਚਾਨਵੋ"। ਇਸ 'ਮਾਨਵਵਾਦੀ ਧਰਮ' ਨਾਲ ਹੀ ਸਾਰੇ ਸੰਸਾਰ ਦੀ ਮਾਨਵਤਾ 'ਚੋਂ ਵੈਰ ਵਿਰੋਧ ਦੀ ਭਾਵਨਾ ਖਤਮ ਹੋ ਸਕਦੀ ਹੈ।

ਅੱਜ ਦਾ ਵਿਗਿਆਨਕ ਯੁੱਗ 'ਸਮਾਜਵਾਦੀ ਯਥਾਰਥਵਾਦ' ਦਾ ਯੁੱਗ ਹੈ। 'ਯਥਾਰਥਵਾਦ' ਦੀ ਪਰਿਭਾਸ਼ਾ ਇਹ ਕਹਿੰਦੀ ਹੈ ਕਿ- ਸੰਸਾਰ 'ਚ ਤੁਹਾਨੂੰ ਜਿਹੜੀ ਚੀਜ਼, ਤੁਹਾਡੀ ਨੰਗੀ ਅੱਖ ਨਾਲ ਨਜ਼ਰ ਨਹੀਂ ਆਉਂਦੀ ਹੈ ਉਹੀ ਦੁਨਿਆਵੀ ਸੱਚ ਹੈ ਜੋ ਚੀਜ਼ ਤੁਹਾਨੂੰ ਨਜ਼ਰ ਨਹੀਂ ਆਉਂਦੀ, ਉਹ ਦੁਨਿਆਵੀ ਸੱਚ ਨਹੀਂ ਹੈ।' ਇਸ ਲਈ ਹੀ ਯਥਾਰਥਵਾਦੀ ਵਿ-ਗਿਆਨਕ ਸੋਚ ਵਾਲੀ ਮਾਨਵਤਾ 'ਰੱਬ ਦੀ ਹੋਂਦ' ਤੇ ਧਰਮ 'ਚ ਵਿਸ਼ਵਾਸ ਨਹੀਂ ਰੱਖਦੀ। ਉਹ 'ਰੱਬ ਵਰਗੀ ਗੁੰਝਲਦਾਰ ਬੁਝਾਰਤ' ਤੇ ਧਰਮ 'ਚ ਵਿਸ਼ਵਾਸ ਨਹੀਂ ਰੱਖਦਾ ਤੇ ਨਾਸਤਿਕ ਰਹਿ ਕੇ ਹੀ ਧਰਮ ਦੀ ਕੱਟੜਵਾਦੀ ਸੋਚ ਤੋਂ ਦੂਰ ਰਹਿੰਦਾ ਹੈ। ਪ੍ਰੋ. ਮੋਹਨ ਸਿੰਘ ਵੀ ਆਪਣੀ ਇਕ ਕਵਿਤਾ 'ਚ ਰੱਬ ਨੂੰ ਇਸ ਤਰ੍ਹਾਂ ਸੰਬੋਧਨ ਕਰਦਾ ਕਹਿੰਦਾ ਹੈ- 'ਰੱਬ ਇਕ ਗੁੰਝਲਦਾਰ ਬੁਝਾਰਤ, ਰੱਬ ਇਕ ਗੋਰਖ ਧੰਦਾ'। ਉਹ ਇਸ ਕਵਿਤਾ 'ਚ 'ਲਾਈ ਲੱਗ ਮੋਮਨ ਨਾਲੋਂ, ਖੋਜੀ ਕਾਫ਼ਰ ਚੰਗਾ' ਦਾ ਸੰਦੇਸ਼ ਦਿੰਦਾ ਹੈ।

ਸਹੀ ਮਾਅਨਿਆਂ 'ਚ ਸੰਸਾਰ ਦਾ ਕੋਈ ਵੀ ਧਰਮ ਮਾੜਾ ਨਹੀਂ ਹੈ ਜੋ ਵੈਰ-ਵਿਰੋਧ ਰੱਖਣ ਦੀ ਸਿੱਖਿਆ ਦਿੰਦਾ ਹੋਵੇ। ਧਰਮ ਦੀ ਉਲਾਰਵਾਦੀ ਸੋਚ ਹੀ ਮਨੁੱਖ ਨੂੰ ਪਾਖੰਡੀ, ਦੰਭੀ, ਅਡੰਬਰੀ, ਠੱਗ, ਆਪਸੀ ਵੈਰ-ਵਿਰੋਧ, ਭੇਦ-ਭਾਵ, ਜਾਤ-ਪਾਤ, ਸਮਾਜਿਕ ਨਾ-ਬਰਾਬਰੀ ਤੇ ਰਾਜਨੀਤੀ ਤੇ ਧਰਮ ਦਾ ਵਿਉਪਾਰੀਕਰਨ ਕਰਨ ਵਾਲੇ ਲੋਕ ਹੀ ਇਸ ਨੂੰ ਅਜਿਹਾ ਬਣਾਉਂਦੇ ਹਨ, ਜਿਹਨਾਂ ਨੂੰ ਜਿੰਨਾ ਵੀ ਮਾੜਾ ਕਿਹਾ ਜਾਵੇ, ਉਹ ਥੋੜ੍ਹਾ ਹੈ। ਅੱਜ ਅੰਤਰ ਰਾਸ਼ਟਰੀ ਪੱਧਰ 'ਤੇ ਕੱਟੜਵਾਦੀ ਧਾਰਮਿਕ ਸੰਗਠਨ, ਉਗਰਵਾਦੀ ਘਟਨਾਵਾਂ ਨੂੰ ਅੰਜਾਮ ਦੇ ਰਹੇ ਹਨ, ਜਿਸ ਨਾਲ ਹਜ਼ਾਰਾਂ ਲੋਕਾਂ ਦੀ ਜਾਨ ਜਾ ਚੁੱਕੀ ਹੈ। ਉਹਨਾਂ ਨੂੰ ਮਾਨਵਤਾ ਨਾਲ ਕੋਈ ਪਿਆਰ ਨਹੀਂ ਤੇ ਬੇਕਸੂਰ ਲੋਕ ਮਾਰੇ ਜਾ ਰਹੇ ਹਨ।

ਇਕ ਗੱਲ ਬੜੀ ਦਰੁੱਸਤ ਹੈ ਕਿ ਕਿਸੇ ਵੀ ਧਰਮ ਦੀ ਸਾਫ-ਸੁਥਰੀ ਤੇ ਪ੍ਰਮੁੱਖ ਭਾਵਨਾ ਤੇ ਉਸਦੇ ਮੂਲ ਸਿਧਾਂਤਾਂ 'ਚ ਨਿਰਦੋਸ਼ ਮਾਨਵਤਾ ਦਾ ਕਤਲ ਕਰਨਾ, ਅਡੰਬਰ, ਦੰਭ ਤੇ ਪਾਖੰਡ ਤੇ ਹੋਰ ਦੱਸੀਆਂ ਉਕਤ ਸੁਆਰਥੀ ਲੋਕਾਂ ਦੀਆਂ ਕੁਰੀਤੀਆਂ ਦੀ ਭਾਵਨਾ ਲਈ, ਕੋਈ ਸਥਾਨ ਨਹੀਂ ਹੈ ਜਦਕਿ ਇਸ ਦੀ ਥਾਂ ਆਪਣੇ ਹਿਤਾਂ ਤੇ ਸੁਆਰਥ ਦੀ ਖਾਤਰ ਦੰਭੀ ਤੇ ਪਾਖੰਡੀ, ਅਖੌਤੀ ਧਾਰਮਿਕ ਵਿਉਪਾਰਕ ਰੁਚੀਆਂ ਵਾਲੇ ਝੰਡੇ ਬਰਦਾਰਾਂ ਤੇ ਰਾਜਨੀਤਿਕ ਲੋਕਾਂ ਦੀ ਸੋਚ ਦਾ ਕੇਂਦਰੀ ਬਿੰਦੂ, ਲੋਕਾਂ ਨੂੰ ਲੁੱਟਣਾ, ਭਰਮ-ਭੁਲੇਖਿਆਂ 'ਚ ਫਸਾਉਣਾ, ਲੋਕਾਂ 'ਚ ਫਸਾਦ ਕਰਵਾਉਣਾ ਤੇ ਉਹਨਾਂ ਨੂੰ ਵੰਡ ਕੇ ਵੈਰ-ਵਿਰੋਧ ਫੈਲਾਉਣਾ ਤੇ ਪੈਸਾ ਇਕੱਠਾ ਕਰਨਾ ਹੀ ਮੰਤਵ ਹੁੰਦਾ ਹੈ। ਅੱਜ ਦੇ ਇੱਕੀਵੀਂ ਸਦੀ ਦੇ ਵਿਗਿਆਨਕ ਯੁੱਗ 'ਚ ਅਜਿਹੇ ਧਾਰਮਿਕ ਆਗੂਆਂ ਤੇ ਰਾਜਨੀਤਿਕ ਲੋਕਾਂ ਦੇ ਝਾਂਸੇ ਤੋਂ ਦੂਰ ਰਹਿਣ ਦੀ ਸਖ਼ਤ ਲੋੜ ਹੈ। ਭਾਵੇਂ ਸਾਡੇ ਸੰਵਿਧਾਨ 'ਚ ਇਹ ਦਰਜ ਹੈ ਕਿ ਧਰਮ ਜਾਤ-ਪਾਤ, ਵੰਸ਼, ਲਿੰਕ, ਬੋਲੀ ਜਾਂ ਜਨਮ ਅਸਥਾਨ ਦੇ ਆਧਾਰ 'ਤੇ ਕਿਸੇ ਵੀ ਭਾਰਤੀ ਨਾਗਰਿਕ ਨਾਲ ਵਿਤਕਰਾ ਜਾਂ ਭੇਦ-ਭਾਵ ਨਹੀਂ ਕੀਤਾ ਜਾ ਸਕਦਾ ਪਰ ਫਿਰ ਵੀ ਅਸੀਂ ਦੇਖਦੇ ਹਾਂ ਕਿ ਕੱਟੜਪੰਥੀ ਨਿਤ-ਦਿਨ ਆਪਣੇ ਸੁਆਰਥ ਲਈ 'ਮਜ਼ਹਬ ਨਹੀਂ ਸਿਖਾਤਾ ਆਪਸ ਮੇਂ ਵੈਰ ਰੱਖਨਾ' ਦੇ ਸਿਧਾਂਤ ਨੂੰ ਟਿੱਚ ਸਮਝਦੇ ਹਨ ਤੇ ਉਹਨਾਂ ਨੂੰ ਅਜਿਹੇ ਧਾਰਮਿਕ ਸਿਧਾਂਤਾਂ ਤੇ ਸੰਦੇਸ਼ਾਂ ਦਾ ਕੋਈ ਡਰ ਨਹੀਂ ਹੈ। ਹਾਂ! ਜੇ ਮਜ਼ਹਬ ਜਾਂ ਧਰਮ ਕਰਕੇ ਹੀ ਕੱਟੜਵਾਦ ਹੈ ਤਾਂ ਇਸ ਨੂੰ ਮਾਨਵੀ ਜੀਵਨ 'ਚੋਂ ਮਾਈਨਸ ਕਰ ਦੇਣਾ ਚਾਹੀਦਾ ਹੈ ਤਾਂ ਫਿਰ ਜੀਵਨ 'ਚ 'ਮਾਨਵਵਾਦੀ' ਸੋਚ ਤੋਂ ਉਪਰ ਹੋਰ ਕੋਈ ਸੋਚ ਨਹੀਂ ਹੈ?

*********

www.deshdoaba.com
www.ambedkartimes.com

# ਤੁਪਕਾ ਤੁਪਕਾ ਪਾਣੀ ਅਤੇ ਨੰਗੇ ਪੈਰ



ਅਵਤਾਰ ਸਿੰਘ ਮਿਸ਼ਨਰੀ
510-432-5827

ਤੁਪਕਾ-ਤੁਪਕਾ ਪਾਣੀ-ਸਿੱਖ ਨੇ ਹਰ ਉਹ ਕੰਮ ਕਰਨਾ ਹੈ ਜੋ ਸਾਰਥਕ ਹੋਵੇ ਨਾ ਕਿ ਨਰਾਰਥਕ ਜਿਸ ਨਾਲ ਆਪ ਨੂੰ ਅਤੇ ਸਭ ਨੂੰ ਲਾਭ ਹੋਵੇ। ਅੱਜ ਦੇ ਸਮੇਂ ਤੁਪਕਾ-ਤੁਪਕਾ ਪਾਣੀ ਛਿੜਕਣ ਦਾ ਕੋਈ ਲਾਭ ਨਹੀਂ ਸਗੋਂ ਦੇਖਾ-ਦੇਖੀ ਹੀ ਕੀਤਾ ਜਾ ਰਿਹਾ ਹੈ। ਅਜੋਕੇ ਬਹੁਤੇ ਸਿੱਖ ਜਦ ਸ਼ਬਦ ਗੁਰੂ "ਗੁਰੂ ਗਰੰਥ ਸਾਹਿਬ" ਨੂੰ ਇੱਕ ਥਾਂ ਤੋਂ ਦੂਜੀ ਥਾਂ ਤੇ ਲੈ ਜਾਂਦੇ ਸਮੇਂ ਅੱਗੇ-ਅੱਗੇ ਤੁਪਕਾ-ਤੁਪਕਾ ਪਾਣੀ ਛਿੜਕਦੇ ਹਨ। ਕਈ ਵਾਰ ਕੜਾਹ-ਪ੍ਰਸ਼ਾਦ ਦੀ ਦੇਗ ਦੇ ਅੱਗੇ ਅੱਗੇ ਵੀ ਅਜਿਹਾ ਕੀਤਾ ਜਾਂਦਾ ਹੈ ਜੋ ਕੇਵਲ ਕਰਮਕਾਂਡ ਤੇ ਭਰਮ ਹੈ। ਪਹਿਲੇ ਸਮੇਂ ਰਸਤੇ ਕੱਚੇ ਹੋਣ ਕਰਕੇ, ਧੂੜ੍ਹ ਮਿੱਟੀ ਉੱਡ ਕੇ ਉੱਪਰ ਪੈਂਣ ਦੇ ਬਚਾਵ ਲਈ ਪਾਣੀ ਦਾ ਭਰਵਾਂ ਛਿੜਕਾਅ ਕੀਤਾ ਜਾਂਦਾ ਸੀ। ਅੱਜ ਤਾਂ ਸੜਕਾਂ, ਰਸਤੇ ਪੱਕੇ ਨੇ ਫਿਰ ਵੀ ਤੁਪਕਾ-ਤੁਪਕਾ ਪਾਣੀ ਛਿੜਕਣਾ ਕੀ ਅਰਥ ਰੱਖਦਾ ਹੈ? ਭੇਡ-ਚਾਲ ਨਹੀਂ ਤਾਂ ਹੋਰ ਕੀ ਹੈ? ਹਾਂ ਜਿੱਥੇ ਪੈਦਲ ਤੁਰ ਕੇ, ਗੁਰੂ ਗ੍ਰੰਥ ਸਾਹਿਬ ਜੀ ਦੀ ਸਵਾਰੀ ਲੈ ਜਾਣੀ ਹੋਵੇ, ਸਾਰਾ ਰਸਤਾ ਧੋਤਾ, ਸਾਫ ਹੋਵੇ, ਨਾਲੀਆਂ ਦੇ ਆਸੀਂ ਪਾਸੀ ਕਲੀ ਪਾਈ ਜਾਵੇ, ਇਹ ਤਾਂ ਹੈ ਸ਼ਰਧਾ ਅਤੇ ਸਤਿਕਾਰ। ਤੁਪਕਾ-ਤੁਪਕਾ ਪਾਣੀ ਤਾਂ ਰਸਮ (ਫਾਰਮੈਲਿਟੀ) ਪੂਰੀ ਕਰਨ ਅਤੇ ਲਕੀਰ ਦੇ ਫਕੀਰ ਬਣਨ ਵਾਲੀ ਗੱਲ ਹੈ। ਵਿਦੇਸ਼ਾਂ ਵਿਖੇ ਤਾਂ ਇਹ ਰੀਤ ਚੱਲ ਹੀ ਨਹੀਂ ਸਕਦੀ ਕਿਉਂਕਿ ਇਥੇ ਜਦ ਗੁਰੂ ਜੀ ਦੀ ਸਵਾਰੀ ਕਿਸੇ ਸੇਵਕ ਸਿੱਖ ਦੇ ਘਰ ਲੈ ਕੇ ਜਾਈਦੀ ਏ, ਤਾਂ ਘਰ ਦੂਰ ਹੋਣ ਕਰਕੇ, ਕਾਰ ਦੀ ਵਰਤੋਂ ਕਰਨੀ ਪੈਂਦੀ ਹੈ। ਫਿਰ ਤੁਪਕਾ ਤੁਪਕਾ ਪਾਣੀ ਛਿੜਕਣ ਵਾਲੇ ਰਸਤੇ ਨੂੰ ਪਵਿੱਤਰ ਕਰਨ ਲਈ, ਕਾਰ ਦੇ ਅੱਗੇ-ਅੱਗੇ ਪਾਣੀ ਕਿਉਂ ਨਹੀਂ ਛਿੜਕਦੇ? ਸਿਰਫ ਗੁਰੂ ਸਾਹਿਬ ਦੇ ਸੁਖਆਸਣ ਤੋਂ ਕਾਰ ਤੱਕ, ਫਿਰ ਕਾਰ ਤੋਂ ਘਰ ਤੱਕ ਜਿੱਥੇ ਜਾ ਕੇ ਪ੍ਰਕਾਸ਼ ਕਰਨਾ, ਓਥੇ ਹੀ ਕਿਉਂ ਛਿੜਕਿਆ ਜਾਂਦਾ ਹੈ? ਕੀ ਓਨਾ ਰਸਤਾ ਹੀ ਅਪਵਿੱਤ੍ਰ ਜਾਂ ਗੰਦਾ ਹੁੰਦਾ ਹੈ ਅਤੇ ਬਾਕੀ ਨਹੀਂ? ਕੀ ਗੁਰੂ ਸਾਹਿਬ ਨੇ ਗੁਰਬਾਣੀ ਵਿਖੇ ਸਿੱਖ ਨੂੰ ਕੋਈ ਐਸਾ ਹੁਕਮ ਕੀਤਾ ਹੈ? ਜੇ ਨਹੀਂ ਤਾਂ ਇਹ ਰੀਤ ਕਿੱਥੋਂ ਆਈ ਅਤੇ ਕਿਵੇਂ ਪ੍ਰਚੱਲਤ ਹੋਈ? ਕੀ ਪਾਣੀ ਦੇ ਥਾਂ ਸਤਿਨਾਮ ਵਾਹਿਗੁਰੂ ਦਾ ਜਾਪ ਕਰਦੇ ਜਾਣਾ, ਗੁਰੂ ਦਾ ਸਤਿਕਾਰ ਨਹੀਂ? ਹੁਣ ਤਾਂ ਪਿੰਡਾਂ ਵਿੱਚ ਵੀ ਕੋਈ ਰਸਤਾ ਕੱਚਾ ਨਹੀਂ ਰਿਹਾ ਫਿਰ ਅਜਿਹਾ ਤੁਪਕਾ ਤੁਪਕਾ ਪਾਣੀ ਛਿੜਕਣ ਦਾ ਰਿਵਾਜ ਕਿਉਂ? ਸਿੱਖ ਨੇ ਤਾਂ ਗੁਰਬਾਣੀ ਦਾ ਗਿਆਨ ਰੂਪੀ ਜਲ, ਆਪਣੇ ਅਤੇ ਸਾਥੀਆਂ ਦੀ, ਹਿਰਦੇ ਰੂਪੀ ਧਰਤੀ ਤੇ ਛਿੜਕਣਾ ਏਂ, ਜਿੱਥੇ ਵਿਸ਼ੇ ਵਿਕਾਰਾਂ ਦੀ ਧੂੜ ਉੱਡ ਰਹੀ ਅਤੇ ਹਉਮੈ ਹੰਕਾਰ ਦੀ ਅੱਗ ਨਾਲ ਹਿਰਦਾ-ਧਰਤੀ ਤਪ ਰਹੀ ਹੈ। ਗੁਰ ਫੁਰਮਾਨ ਵੀ ਹੈ-

ਬਲਤੋ ਜਲਤੋ ਤੌਕਿਆ ਗੁਰਿ ਚੰਦਨ ਸੀਤਲਾਇਓ॥ (੨੪੧)

ਗੱਲ ਤਾਂ ਰਸਤਾ ਸਾਫ ਕਰਨ ਦੀ ਸੀ ਜੋ ਹੁਣ ਬਿਨਾ ਕਿਸੇ ਮਤਲਬ ਦੇ ਇੱਕ ਰੀਤ ਬਣਾ ਲਈ ਗਈ ਹੈ। ਕੀ ਤੁਪਕਾ ਤੁਪਕਾ ਪਾਣੀ ਤਰੌਂਕਣ ਨਾਲ ਰਸਤਾ ਸਾਫ ਹੋ ਸਕਦਾ ਹੈ? ਜੇ ਨਹੀਂ ਤਾਂ ਇਹ ਪਾਖੰਡ ਕਿਉਂ? ਓਦੋਂ ਤਾਂ ਘੱਟਾ ਮਿੱਟੀ ਉੱਡ ਕੇ ਪੈਣ ਤੋਂ ਬਚਾਅ ਲਈ, ਖੁੱਲ੍ਹਾ ਪਾਣੀ ਤਰੌਂਕਿਆ ਜਾਂਦਾ, ਫਿਰ ਅੱਜ ਕਿਸ ਵਾਸਤੇ? ਸਿੱਖ ਵਲੱਖਣ ਕੌਮ ਹੋਕੇ ਕੰਮ ਬ੍ਰਾਹਮਣ ਵਾਲੇ ਕਰ ਰਹੀ ਹੈ। ਇਸ ਵਿੱਚ ਕੀ ਰਾਜ ਹੈ?

ਨੰਗੇ ਪੈਰ-ਗੁਰਦੁਅਰੇ ਦੇ ਹਾਲ ਅੰਦਰ ਤਾਂ ਨੰਗੇ ਪੈਰੀਂ ਜਾ ਸਕਦੇ ਹਾਂ ਪਰ ਬਾਹਰ ਜਿੱਥੇ ਸਫਾਈ ਨਹੀਂ ਜਾਂ ਦੂਰ ਜਾਣਾ ਉੱਥੇ ਨੰਗੇ ਪੈਰੀਂ ਜਾਣਾ ਸਿਆਣਪ ਨਹੀਂ ਸਗੋਂ ਪੈਰ ਗੰਦੇ ਹੋ ਜਾਂਦੇ, ਰੋੜੀਆਂ ਚੁੱਭਦੀਆਂ ਅਤੇ ਕਿਲ-ਕੰਡੇ ਵੀ ਲੱਗ ਸਕਦੇ ਹਨ। ਕੀ ਗੁਰੂ ਸਾਹਿਬਾਂਨ ਜਦ ਸਰੀਰਕ ਰੂਪ ਵਿੱਚ ਵਿਚਰਦੇ ਸਨ ਓਦੋਂ ਆਪ ਅਤੇ ਸਿੱਖ ਸੰਗਤਾਂ ਨੰਗੇ ਪੈਰੀਂ ਤੁਰਿਆ ਫਿਰਿਆ ਕਰਦੇ ਸਨ? ਓਦੋਂ ਤਾਂ ਰਸਤੇ ਵੀ ਅੱਜ ਵਰਗੇ ਸਾਫ-ਸੁਥਰੇ ਨਹੀਂ ਸਨ। ਜਰਾ ਸੋਚੋ! ਨੰਗੇ ਪੈਰੀਂ ਚੱਲਣਾ ਹੀ ਜੇ ਭਗਤੀ ਹੈ ਤਾਂ ਫਿਰ ਪਸ਼ੂ-ਪੰਛੀ ਤਾਂ ਹਰ ਵੇਲੇ ਨੰਗੇ ਫਿਰਦੇ ਹਨ-ਨਗਨ ਫਿਰਤੁ ਜਉ ਪਾਈਐ ਜੋਗੁ॥ ਬਨ ਕਾ ਮਿਰਗ ਮੁਕਤਿ ਸਭ ਹੋਗੁ॥ ਕਿਆ ਨਾਂਗੇ ਕਿਆ ਬਾਂਧੇ ਚਾਮ॥ ਜਬ ਨਹੀਂ ਚੀਨਤ ਆਤਮ ਰਾਮੁ (੩੨੪) ਆਸਾ ਕੀ ਵਾਰ ਵਿੱਚ ਤਾਂ ਗੁਰੂ ਜੀ ਉੱਪਦੇਸ਼ ਕਰਦੇ ਨੇ ਕਿ-ਪਗ ਉਪੇਤਾਣਾ ਅਪਣਾ ਕੀਆ ਕਮਾਂਣਾ॥ ਸਹੁ ਵੇ ਜੀਆ ਆਪਣਾ ਕੀਆ॥ (੪੬੭)

ਨੰਗੇ ਪੈਰੀ ਫਿਰਨ ਨੂੰ ਆਪ ਕਸ਼ਟ ਸਹਿਣਾ ਦੱਸਿਆ ਹੈ। ਕਈ ਕਹਿੰਦੇ ਨੇ ਚੰਮ ਦੀਆਂ ਹੋਣ ਕਰਕੇ, ਜੁੱਤੀਆਂ ਅਤੇ ਬੈਲਟਾਂ ਲਾਹ ਦਿਉ। ਫਿਰ ਤਾਂ ਭਾਈ ਸਾਡਾ ਸਰੀਰ ਵੀ ਚੰਮ ਦਾ, ਸੋਨੇ ਚਾਂਦੀ ਦਾ ਨਹੀਂ, ਫਿਰ ਸਰੀਰ ਰੂਪੀ ਚੰਮ ਕਿਵੇਂ ਲਾਹਿਆ ਜਾ ਸਕਦਾ ਹੈ? ਜੋ ਚੌਰ ਗੁਰੂ ਸਾਹਿਬ ਉੱਪਰ ਕੀਤੀ ਜਾਂਦੀ ਏ, ਉਹ ਵੀ ਇੱਕ ਪਸ਼ੂ ਦੀ ਵਾਲਾਂ ਵਾਲੀ ਪੂਛ ਅਤੇ ਸਾਡੇ ਪਰਸ ਆਦਿ ਵੀ ਚੰਮੜੇ ਦੇ ਹੁੰਦੇ ਹਨ। ਘੜੀਆਂ ਦੇ ਪਟੇ ਵੀ ਕਈ ਵਾਰ ਲੈਦਰ ਦੇ ਹੁੰਦੇ ਹਨ। ਕਿਹੜੇ ਕਰਮਕਾਂਡਾਂ ਵਿੱਚ ਪੈ ਗਏ ਹਾਂ?

ਨੰਗੇ ਪੈਰੀਂ ਗੱਡੀ ਚਲਾਉਂਣਾ, ਨੰਗੇ ਪੈਰ ਮੋਟਰ ਗੱਡੀ ਜਾਂ ਬੱਸ ਉੱਤੇ ਸਫਰ ਕਰਨਾਂ ਕਾਨੂੰਨੀ ਮਨ੍ਹਾਂ ਹੈ। ਬੱਸ ਡ੍ਰਾਈਵਰ ਨੰਗੇ ਪੈਰੀਂ ਬੱਸ ਤੇ ਚੜ੍ਹਨ ਤੋਂ ਮਨ੍ਹਾਂ ਕਰਦਾ ਹੈ। ਕਿਹੜੇ-ਕਿਹੜੇ ਵਹਿਮ ਦੀ ਗੱਲ ਕਰੀਏ, ਵਹਿਮਾਂ ਦੇ ਤਾਂ ਪੈਰ-ਪੈਰ ਤੇ ਜਾਲ ਵਿਛੇ ਪਏ ਹਨ। ਜਿਵੇਂ ਕਈ ਵਾਰ ਮਿਲਣੀ ਦੀ ਅਰਦਾਸਿ ਵੇਲੇ ਜੋ ਆਮ ਤੌਰ ਤੇ ਗੁਰਦੁਆਰੇ ਦੇ ਹਾਲ ਤੋਂ ਬਾਹਰ ਕੀਤੀ ਜਾਂਦੀ ਹੈ। ਬਾਹਰ ਕਈ ਵਾਰ ਥਾਂ ਸਾਫ ਵੀ ਨਹੀਂ ਹੁੰਦੀ ਅਤੇ ਸਾਰੇ ਬਰਾਤੀ ਲੜਕੇ-ਲੜਕੀ ਵਾਲੇ ਧੇਤੇ-ਪੁਤੇਤੇ ਪ੍ਰਵਾਰਾਂ ਨੇ ਜੁੱਤੀਆਂ ਪਾਈਆਂ ਹੁੰਦੀਆਂ ਅਤੇ ਕਈ ਤਾਂ ਸਿਰੋਂ ਵੀ ਨੰਗੇ ਹੁੰਦੇ ਹਨ। ਉੱਥੇ ਕੇਵਲ ਭਾਈ ਜੀ ਨੂੰ ਹੀ ਜੁੱਤੀ ਉਤਾਰਨ ਵਾਸਤੇ ਕਿਹਾ ਜਾਂਦਾ ਹੈ, ਬਾਕੀ ਸਾਰੇ ਜੁੱਤੀਆਂ ਕਿਉਂ ਨਹੀਂ ਉਤਾਰਦੇ? ਕੀ ਉਹ ਉਸ ਵੇਲੇ ਅਰਦਾਸਿ ਵਿੱਚ ਸ਼ਾਮਲ ਨਹੀਂ? ਕੈਸੀਆਂ ਹਾਸੋ-ਹੀਣਆਂ ਗੱਲਾਂ ਨੇ ਜਿਨ੍ਹਾਂ ਦਾ ਗੁਰਮਤਿ ਨਾਲ ਜਾਂ ਸੱਚ-ਧਰਮ ਨਾਲ ਕੋਈ ਵੀ ਸਬੰਧ ਨਹੀਂ ਪਰ ਅਸੀਂ ਦੇਖਾ-ਦੇਖੀ ਕਰੀ ਜਾ ਰਹੇ ਹਾਂ। ਸਾਨੂੰ ਕਹਿਣਾ ਤਾਂ ਇਹ ਚਾਹੀਦਾ ਹੈ ਕਿ ਮਹਾਂਰਾਜ ਦੀ ਸਵਾਰੀ ਨਾਲ ਕੋਈ ਨਸ਼ਈ, ਸ਼ਰਾਬੀ ਅਤੇ ਤੰਬਾਕੂ ਆਦਿਕ ਕੋਈ ਨਸ਼ਾ ਨਾ ਕੀਤਾ ਹੋਵੇ, ਸਤਿਨਾਮ ਵਾਹਿਗੁਰੂ ਦਾ ਜਾਪ ਕਰਦੇ ਜਾਣਾ ਹੀ ਠੀਕ ਹੈ ਨਾਂ ਕਿ ਨੰਗੇ ਪੈਰੀਂ ਜਾਂਣਾ। ਧਿਆਂਨ ਦਿਓ! ਜਿਉਂ-ਜਿਉਂ ਸਾਂਇੰਸ ਤਰੱਕੀ ਕਰ ਰਹੀ, ਨਵੀਂ ਟੈਕਨਾਉਲਜੀ-ਤਕਨੀਕ ਆ ਰਹੀ ਅਤੇ ਨਵੀਆਂ-ਨਵੀਆਂ ਕਾਢਾਂ ਕੱਢੀਆਂ ਜਾ ਰਹੀਆਂ ਹਨ, ਓਨ੍ਹਾਂ ਤੋਂ ਲਾਹਾ ਲੈਣਾ ਚਹੀਦਾ ਹੈ।

ਜੇ ਅਸੀਂ ਕਹੀਏ ਕਿ ਅਸੀਂ ਤਾਂ ਪੁਰਾਤਨ ਹੀ ਸਭ ਕੁੱਝ ਕਰਨਾ ਏਂ ਫਿਰ ਤਾਂ ਸਾਨੂੰ ਕਾਰਾਂ ਛੱਡ ਕੇ ਪੈਦਲ, ਬੈਲ ਗੱਡੀ ਜਾਂ ਹਾਥੀ-ਘੋੜੇ ਦੀ ਸਵਾਰੀ ਹੀ ਕਰਨੀ ਚਾਹੀਦੀ ਹੈ। ਪੈਂਟਾਂ ਕਮੀਜਾਂ ਦੀ ਥਾਂ ਕੇਵਲ ਚੋਲਾ, ਕਛਹਿਰਾ, ਆਦਿਕ ਪੁਰਾਤਨ ਪਹਿਰਾਵਾ ਹੀ ਪਹਿਨਣਾਂ ਚਾਹੀਦਾ ਅਤੇ ਹਵਾਈ ਜ਼ਹਾਜ਼ਾਂ 'ਤੇ ਤਾਂ ਬਿਲਕੁਲ ਨਹੀਂ ਚੜ੍ਹਨਾ ਚਾਹੀਦਾ। ਪਹਿਲੇ ਤਾਂ ਘਰ ਵੀ ਕੱਚੇ ਜਾਂ ਛੰਨਾਂ ਛੱਪਰੀਆਂ ਹੀ ਹੁੰਦੀਆਂ ਸਨ, ਹੁਣ ਵੀ ਉਹੋ ਜਿਹੇ ਹੀ ਹੋਣੇ ਚਾਹੀਦੇ ਹਨ। ਰਸੋਈਆਂ ਵਿੱਚ ਗੈਸਾਂ ਦੀ ਥਾਂ ਬਾਲਣ ਵਾਲੇ ਚੁੱਲ੍ਹੇ ਜਾਂ ਲੋਹਾਂ-ਤਵੀਆਂ ਹੀ ਹੋਣੀਆਂ ਚਾਹੀਦੀਆਂ ਹਨ। ਲਕੜਾਂ ਬਾਲ ਕੇ ਹੀ ਰਸੋਈ ਤਿਆਰ ਕਰਨੀ ਅਤੇ ਚੁਲ੍ਹੇ ਵੀ ਜ਼ਮੀਨ ਵਿੱਚ ਹੀ ਪੁੱਟਣੇ ਚਾਹੀਦੇ ਹਨ। ਨਵੀਨ ਬੈੱਡਾਂ ਦੀ ਥਾਂ ਮੰਜਿਆਂ ਉੱਤੇ ਜਾਂ ਭੁੰਜੇ ਹੀ ਸੌਣਾ ਚਾਹੀਦਾ ਹੈ। ਰੇਡੀਓ, ਅਖਬਾਰ, ਟੈਲੀਵਿਯਨ ਅਤੇ ਕੰਪਿਊਟਰ ਆਦਿਕ ਨਹੀਂ ਵਰਤਣੇ ਚਾਹੀਦੇ ਕਿਉਂਕਿ ਇਹ ਵਿਗਿਆਨ ਦੀਆਂ ਕਾਢਾਂ ਹਨ। ਸਤਿਗੁਰਾਂ ਨੇ ਤਾਂ ਕਿਸੇ ਸੁਖ-ਸਹੂਲਤ ਜਾਂ ਵਿਗਿਆਨ ਦੀ ਵਿਰੋਧਤਾ ਨਹੀਂ ਕੀਤੀ ਸਗੋਂ ਹਰ ਉਸ ਚੀਜ ਦੀ ਵਿਰੋਧਤਾ ਕੀਤੀ ਹੈ ਜਿਸ ਕਰਕੇ, ਅਸੀਂ ਵਾਹਿਗੁਰੂ ਪ੍ਰਮਾਤਮਾਂ ਨੂੰ ਭੁੱਲ ਜਾਈਏ ਅਤੇ ਮੰਦੇ ਕਰਮ ਕਰੀਏ। ਹਾਂ ਕਿਸੇ ਵੀ ਚੀਜ਼ ਦੀ ਦੁਰਵਰਤੋਂ ਮਾੜੀ ਏ ਨਾਂ ਕਿ ਸੁਵਰਤੋਂ। ਜਿਉਂ-ਜਿਉਂ ਜ਼ਮਾਨਾ ਤਰੱਕੀ ਕਰਦਾ, ਸੁਖ-ਸਹੂਲਤਾਂ ਬਦਲਦੀਆਂ, ਸਿੱਖ ਨੇ ਉਨ੍ਹਾਂ ਤੋ ਲਾਭ ਲੈਣਾ ਏ ਨਾਂ ਕਿ ਵਿਰੋਧਤਾ ਕਰਨੀ ਹੈ। ਸੋ ਗੁਰੂ ਜੀ ਦੀ ਸਵਾਰੀ ਅੱਗੇ ਤੁਪਕਾ-ਤੁਪਕਾ ਪਾਣੀ ਛਿੜਕਣਾ ਅਤੇ ਨੰਗੇ ਪੈਰੀਂ ਜਾਣਾ, ਗੁਰਮਤਿ ਨਹੀਂ ਸਗੋਂ ਮਨਮਤਿ ਹੈ। ਫੁਰਮਾਨ ਹੈ-ਮਨ ਕੀ ਮਤਿ ਤਿਆਗੋ ਹਰਿ ਜਨ...॥ (੮੦੦) ਹੁਕਮਿ ਮੰਨਿਆ ਹੋਵਹਿ ਪਰਵਾਣ ਤਾ ਖਸਮੈ ਕਾ ਮਹਿਲ ਪਾਇਸੀ॥ (੪੭੧) ਸੋ ਦੂਰ ਜਾਣਾ ਹੋਵੇ ਜਾਂ ਰਸਤਾ ਠੀਕ ਨਾਂ ਹੋਵੇ ਤਾਂ ਜੁਰਾਬਾਂ ਜੋੜੇ ਪਾ ਕੇ ਜਾ ਸਕਦੇ ਹਾਂ। ਹਾਂ ਜਿੱਥੇ ਗੁਰੂ ਜੀ ਦਾ ਪ੍ਰਕਾਸ਼, ਸਾਫ ਚਾਦਰਾਂ ਅਤੇ ਗਲੀਚੇ ਵਿਛੇ ਹੋਏ ਨੇ ਓਥੇ ਜੋੜੇ ਉਤਾਰ ਕੇ ਜਾਣਾ ਚਾਹੀਦਾ ਹੈ। ਕਾਰ ਵਿੱਚ ਜਾਂ ਰਸਤੇ ਵਿੱਚ ਜਾਂਦਿਆਂ ਨੰਗੇ ਪੈਰੀਂ ਨਹੀਂ ਜਾਣਾ ਚਾਹੀਦਾ। ਅਜਿਹੇ ਵਹਿਮਾਂ ਭਰਮਾਂ ਨੂੰ, ਗੁਰਮਤਿ ਕੋਈ ਮਾਨਤਾ ਨਹੀਂ ਦਿੰਦੀ। ਬ੍ਰਾਹਮਣ ਚੌਕਾ ਲਿੱਪ ਕੇ ਸੁੱਚਾ ਹੁੰਦਾ ਸੀ। ਅਸੀਂ ਤੁਪਕਾ ਤੁਪਕਾ ਪਾਣੀ ਤਰੌਂਕਣਾ ਅਤੇ ਨੰਗੇ ਪੈਰੀਂ ਜਾਣਾ ਹੀ ਪਵਿੱਤਰਤਾ ਸਮਝੀ ਜਾ ਰਹੇ ਹਾਂ ਐਸਾ ਕਿਉਂ? ਕਿਉਂਕਿ ਗੁਰਬਾਣੀ ਨੂੰ ਕੇਵਲ ਪੜ੍ਹਦੇ ਗਾਉਂਦੇ ਜਾਂ ਪਾਠੀਆਂ ਤੋਂ ਪਾਠ ਕਰਵਾ ਛਡਦੇ ਹਾਂ, ਜੋ ਬਾਣੀ ਵਿੱਚ ਲਿਖਿਆ ਹੈ, ਉਸ ਨੂੰ ਮੰਨਣ ਨੂੰ ਤਿਆਰ ਨਹੀਂ ਪਰ ਸੰਪ੍ਰਦਾਈ ਸਾਧਾਂ ਦਾ ਕਿਹਾ ਝੱਟ ਮੰਨ ਜਾਂਦੇ ਹਾਂ। ਇਹ ਸਾਰੇ ਵਹਿਮ ਭਰਮ ਜੋ ਬ੍ਰਾਮਣ ਦੀ ਉਪਜ ਨੇ ਅਤੇ ਲੰਬੇ ਚੋਲਿਆਂ ਵਾਲੇ ਅਖੌਤੀ ਸੰਤਾਂ ਰਾਹੀਂ ਸਿੱਖ ਕੌਮ ਵਿੱਚ ਵੀ ਫੈਲਾਏ ਜਾ ਰਹੇ ਹਨ।

# ਮੈਂ ਦਲਿਤ ਬੋਲਦਾ ਹਾਂ

ਕੁਲਵੰਤ ਸਿੰਘ ਟਿੱਬਾ
91-92179-71379

ਮੈਂ ਦਲਿਤ ਬੋਲਦਾ ਹਾਂ, ਮੇਰਾ ਮਨ ਅੱਜ ਬੇਹੱਦ ਉਦਾਸ ਸੀ। ਦੁੱਖਾਂ, ਤਕਲੀਫ਼ਾਂ ਮੇਰੇ ਜੀਵਨ ਦਾ ਅਮੁੱਕ ਹਿੱਸਾ ਬਣ ਚੁੱਕੀਆਂ ਹਨ। ਸੋਚਿਆ ਆਪ ਸਭ ਨਾਲ ਕੁੱਝ ਗੱਲਾਂ ਕਰਕੇ ਆਪਣੇ ਮਨ ਦਾ ਕੁੱਝ ਬੋਝ ਹਲਕਾ ਕਰ ਲਵਾਂ। ਭਾਰਤ ਦਾ ਮੂਲ ਵਾਸੀ ਹਾਂ ਪਰ ਮਨੂੰਵਾਦੀ ਸਮਾਜਿਕ ਵਿਵਸਥਾ ਦਾ ਸਦੀਆਂ ਤੋਂ ਦੱਬਿਆ, ਲਿਤਾੜਿਆ ਅਤੇ ਤ੍ਰਿਸਕਾਰਿਆ ਹੋਇਆ ਹਾਂ। ਮੇਰਾ ਕਸੂਰ ਕੋਈ ਨਹੀਂ, ਪਰ ਫਿਰ ਵੀ ਮੈਂ ਸਦੀਆਂ ਤੋਂ ਜ਼ੁਲਮ ਨੂੰ ਆਪਣੇ ਪਿੰਡੇ 'ਤੇ ਹੰਢਾਉਂਦਾ ਆ ਰਿਹਾ ਹਾਂ। ਉੱਚ ਜਾਤਾਂ ਦੇ ਕਹਿਰ ਨੂੰ ਝੱਲਦਾ ਆ ਰਿਹਾ ਹਾਂ। ਮੇਰਾ ਕਸੂਰ ਸਿਰਫ਼ ਇੰਨਾ ਹੈ ਕਿ ਮੈਂ ਮਨੂੰ ਵੱਲੋਂ ਬਣਾਈ ਅਖੌਤੀ ਵਰਣ ਪ੍ਰਣਾਲੀ ਅਤੇ ਜਾਤ ਪਾਤ ਦੇ ਸਭ ਤੋਂ ਨੀਚ ਮੰਨੇ ਜਾਣ ਵਾਲ਼ੇ ਸ਼ੂਦਰ ਵਰਗ 'ਚ ਜਨਮਿਆ ਹਾਂ। ਜਦੋਂ ਮੈਂ ਜਨਮਿਆ ਮੈਨੂੰ ਨਹੀਂ ਪਤਾ ਸੀ ਕਿ ਮੇਰੀ ਜਾਤ ਕੀ ਹੈ? ਪਰ ਸਮਾਜ ਨੇ ਮੈਨੂੰ ਦੱਸਿਆ ਕਿ ਮੈਂ ਚੂਹੜਾ ਹਾਂ, ਮੈਂ ਚਮਾਰ ਹਾਂ, ਮੈਂ ਮਜ਼੍ਹਬੀ ਹਾਂ, ਮੈਂ ਬੌਰੀਆ ਹਾਂ ਭਾਵ ਕਿ ਮੈਂ ਦਲਿਤ ਹਾਂ। ਜਨਮ ਤੋਂ ਲੈ ਕੇ ਜਾਤ ਦਾ ਬੋਝ ਚੁੱਕੀ ਫਿਰ ਰਿਹਾ ਹਾਂ, ਬੜੀ ਕੋਸ਼ਿਸ਼ ਕੀਤੀ ਪਰ ਇਹ ਬੋਝ ਮੇਰੇ ਸਿਰ ਤੋਂ ਲੱਥ ਨਹੀਂ ਰਿਹਾ। ਮੈਂ ਜਿੱਥੇ ਵੀ ਜਾਂਦਾ ਹਾਂ, ਜਾਤ ਮੇਰੇ ਪਿੱਛੇ ਪਿੱਛੇ ਜਾਂਦੀ ਹੈ। ਮੇਰੇ ਪਰਛਾਵੇਂ ਦੀ ਤਰ੍ਹਾਂ। ਪਰਛਾਵਾਂ ਤਾਂ ਸਿਖਰ ਦੁਪਹਿਰ ਕੁੱਝ ਸਮੇਂ ਲਈ ਖਹਿੜਾ ਵੀ ਛੱਡ ਦਿੰਦਾ ਹੈ ਪਰ ਜਾਤ ਹਮੇਸ਼ਾ ਮੇਰੇ ਨਾਲ ਨਾਲ ਚਲਦੀ ਹੈ। ਨੀਚ ਜਾਤ ਦੀ ਲਾਹਨਤ ਸੁਣ ਸੁਣ ਕੇ ਮੈਂ ਹੁਣ ਬਹੁਤ ਹੀ ਥੱਕ ਚੁੱਕਾ ਹਾਂ, ਅੱਕ ਚੁੱਕਾ ਹਾਂ। ਮੈਂ ਮੁਕਤੀ ਚਾਹੁੰਦਾ ਹਾਂ ਜਾਤ ਪਾਤ ਵਾਲੀ ਇਸ ਸਮਾਜਿਕ ਵਿਵਸਥਾ ਤੋਂ। ਪਰ ਮੇਰੀ ਕੋਈ ਪੇਸ਼ ਨਹੀਂ ਜਾ ਰਹੀ। ਮੈਨੂੰ ਇਹ ਸਮਝ ਨਹੀਂ ਆਈ ਕਿ ਇਨਸਾਨ ਨੂੰ ਦੂਸਰਾ ਇਨਸਾਨ ਕਿਉਂ ਨਹੀਂ ਦਿਸਦਾ? ਜੇਕਰ ਕੁੱਝ ਦਿਸਦਾ ਹੈ ਤਾਂ ਇਨਸਾਨ ਵਿੱਚ ਉਸਦੀ ਜਾਤ ਦਿਸਦੀ ਹੈ। ਇਹ ਜੱਟ ਹੈ, ਇਹ ਝਿਊਰ ਹੈ, ਇਹ ਚਮਾਰ ਹੈ, ਇਹ ਮਜ਼੍ਹਬੀ ਹੈ। ਇਹ ਵਿਤਕਰਾ ਕਿਉਂ ਹੈ? ਕੀ ਅਸੀਂ ਸਭ ਮਨੁੱਖ ਨਹੀਂ ਹਾਂ ਜਾਂ ਅਸੀਂ ਕਿਸੇ ਹੋਰ ਗ੍ਰਹਿ ਤੋਂ ਆਏ ਏਲੀਅਨ ਹਾਂ। ਮਨੁੱਖ ਨੂੰ ਮਨੁੱਖ ਤੋਂ ਤੋੜਨ ਵਾਲੀ ਭੈੜੀ ਪ੍ਰਵਿਰਤੀ ਨੂੰ ਅਸੀਂ ਆਪਣੀ ਅਗਲੀਆਂ ਪੀੜ੍ਹੀਆਂ ਨੂੰ ਸੌਂਪਦੇ ਆ ਰਹੇ ਹਾਂ।

ਸਾਡੇ ਗੁਰੂਆਂ ਨੇ ਇਸ ਭੈੜੀ ਵਿਵਸਥਾ ਵਿਰੁੱਧ ਬਗ਼ਾਵਤ ਕੀਤੀ। ਉਨ੍ਹਾਂ ਨੇ ਨਵਾਂ ਸਮਾਜਿਕ ਪ੍ਰਬੰਧ ਸਿਰਜ ਕੇ ਬਰਾਬਰੀ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਦੇ ਇਸ ਨਵੇਂ ਤੇ ਵਧੀਆ ਪ੍ਰਬੰਧ ਨੂੰ ਦੇਖ ਕੇ ਮੈਨੂੰ ਵੀ ਅਹਿਸਾਸ ਹੋਇਆ ਕਿ ਮੈਂ ਇਸ ਰਾਹੀਂ ਆਪਣਾ ਜਨਮ ਸੁਧਾਰ ਸਕਦਾ ਹਾਂ। ਇਸ ਲਈ ਮੈਂ ਸਿੱਖ ਬਣਿਆ। ਪਰ ਇਹ ਪ੍ਰਬੰਧ ਅਜੇ ਉਸਾਰੀ ਅਧੀਨ ਸੀ। ਇਸ ਦੀ ਉਸਾਰੀ ਲਈ ਕੁਰਬਾਨੀਆਂ ਦੀ ਜ਼ਰੂਰਤ ਸੀ। ਆਪਣੇ ਇਨਸਾਨੀ ਅਧਿਕਾਰਾਂ ਲਈ ਮੈਂ ਕੁੱਝ ਵੀ ਕਰਨ ਨੂੰ ਤਿਆਰ ਸੀ। ਇਸ ਲਈ ਮੈਂ ਮੂਹਰੇ ਹੋ ਕੇ ਸਿੱਖੀ ਦੇ ਮਹਿਲ ਦੀ ਉਸਾਰੀ ਲਈ ਇਸ ਦੀਆਂ ਨੀਂਹਾਂ ਵਿੱਚ ਆਪਣਾ ਸਿਰ ਰੱਖ ਦਿੱਤਾ। ਮੇਰੀ ਵਫ਼ਾਦਾਰੀ ਸਦਕਾ ਗੁਰੂ ਸਾਹਿਬ ਨੇ ਮੈਨੂੰ ਗੁਰੂ ਕੇ ਬੇਟੇ ਦਾ ਖ਼ਿਤਾਬ ਦਿੱਤਾ। ਮੈਂ ਅੰਦਰ ਹੀ ਅੰਦਰ ਖ਼ੁਸ਼ ਸੀ ਕਿ ਹੁਣ ਮੇਰੀ ਬੰਦ ਖਲਾਸੀ ਹੋ ਜਾਵੇਗੀ। ਪਰ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਆਉਂਦੇ-ਆਉਂਦੇ ਸਭ ਕੁੱਝ ਬਦਲ ਗਿਆ। ਜਿੰਨ੍ਹਾਂ ਲੋਕਾਂ ਤੋਂ ਮੈਂ ਮੁਕਤੀ ਚਾਹੁੰਦਾ ਸੀ ਉਹੀ ਸਿੱਖ ਧਰਮ 'ਤੇ ਕਾਬਜ਼ ਹੋ ਗਏ। ਲੋਕ ਕਹਿਣ ਲੱਗ ਪਏ ਕਿ ਸਿੱਖ ਆਪਣੀ ਵਿਚਾਰਧਾਰਾ ਨੂੰ ਛੱਡ ਚੁੱਕੇ ਹਨ, ਬਾਹਰੀ ਤੌਰ 'ਤੇ ਵਿਖਾਵੇ ਦੇ ਸਿੱਖ ਬਣ ਗਏ ਹਨ, ਮਨਾਂ ਅੰਦਰ ਸਿੱਖੀ ਦੀ ਥਾਂ ਮਨੂੰਵਾਦ ਭਰ ਗਿਆ ਹੈ। ਪਰ ਅਸਲ ਵਿੱਚ ਤਾਂ ਗੱਲ ਇਹ ਸੀ ਕਿ ਸਿੱਖਾਂ ਨੂੰ ਤਾਂ ਸਿੱਖ ਧਰਮ ਤੋਂ ਦੂਰ ਕਰ ਦਿੱਤਾ ਗਿਆ ਸੀ। ਬਾਕੀ ਰਹਿੰਦੇ ਸਿੱਖ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕ੍ਰਾਂਤੀਕਾਰੀ ਵਿਚਾਰਧਾਰਾ ਨੂੰ ਮੰਨਣ ਦੀ ਬਜਾਏ ਮਨੂੰ ਵੱਲੋਂ ਤਿਆਰ ਕੀਤੀ ਵਰਣ ਵਿਵਸਥਾ ਨੂੰ ਆਪਣੇ ਆਪ 'ਤੇ ਲਾਗੂ ਕਰਨ ਨੂੰ ਤਰਜੀਹ ਦਿੰਦੇ ਹਨ। ਬਾਣੀ ਸੁਣ ਕੇ ਸਭ ਗੁਰੂਘਰ ਦੇ ਅੰਦਰ ਹੀ ਛੱਡ ਆਉਂਦੇ ਹਨ, ਪੱਲੇ ਨਹੀਂ ਬੰਨ੍ਹਦੇ, ਆਪਣੇ ਆਪ 'ਤੇ ਲਾਗੂ ਨਹੀਂ ਕਰਦੇ।

ਚਲੋ ਛੱਡੋ ਮੈਂ ਹੋਰ ਹੀ ਗੱਲ ਤੋਰ ਕੇ ਬਹਿ ਗਿਆ। ਮੈਂ ਤਾਂ ਤੁਹਾਨੂੰ ਆਪਣੇ ਦੁੱਖਾਂ ਦੀ ਦਾਸਤਾਨ ਦੱਸਣ ਲੱਗਿਆ ਸੀ। ਮੇਰੇ ਇੱਕ ਬਜ਼ੁਰਗ ਨੇ ਦੇਸ਼ ਦਾ ਸੰਵਿਧਾਨ ਤਿਆਰ ਕੀਤਾ। ਇਸ ਰਾਹੀਂ ਮੈਨੂੰ ਹਰ ਤਰ੍ਹਾਂ ਦੇ ਅਧਿਕਾਰ ਦਿਵਾਏ। ਪਰ ਮੈਂ ਤਾਂ ਅਜੇ ਤੱਕ ਇਸ ਨੂੰ ਪੜ੍ਹਨਾ ਤਾਂ ਕੀ ਸੀ, ਦੇਖ ਵੀ ਨਹੀਂ ਸਕਿਆ। ਪੰਜ ਹਜਾਰ ਸਾਲਾਂ ਤੋਂ ਉੱਚ ਜਾਤਾਂ ਦੀ ਗੁਲਾਮੀ ਕਰਦਿਆਂ ਮੇਰੀ ਮਾਨਸਿਕਤਾ ਵੀ ਗ਼ੁਲਾਮ ਹੋ ਗਈ ਹੈ। ਅੱਜ ਦੇਸ਼ ਨੂੰ ਆਜ਼ਾਦ ਹੋਇਆਂ 69 ਵਰ੍ਹੇ ਹੋ ਚੱਲੇ ਹਨ, ਪਰ ਜ਼ੁਲਮ ਅਜੇ ਵੀ ਬਦਸਤੂਰ ਜਾਰੀ ਹਨ। ਮੇਰੀ ਨਾਲਾਇਕੀ ਦੇਖੋ ਕਿ ਮੈਂ ਫਿਰ ਚੁੱਪ-ਚਾਪ ਸਹਿ ਰਿਹਾ ਹਾਂ। ਮੈਂ ਸੋਚਦਾ ਹਾਂ ਕਿ ਭਾਰਤ ਦੇ ਕਿਸੇ ਹੋਰ ਖ਼ਿੱਤੇ ਵਿੱਚ ਕਿਸੇ ਦਲਿਤ 'ਤੇ ਜ਼ੁਲਮ ਹੁੰਦਾ ਹੈ ਤਾਂ ਇਸ ਨਾਲ ਮੇਰਾ ਕੀ ਸਬੰਧ ਹੈ। ਪਰ ਇਹ ਨਹੀਂ ਸੋਚਦਾ ਕਿ ਅੱਜ ਕੋਈ ਹੋਰ ਦਲਿਤ 'ਤੇ ਜ਼ੁਲਮ ਹੋਇਆ ਤਾਂ ਕਦੇ ਮਨੂੰਵਾਦੀ ਸੋਚ ਦਾ ਸ਼ਿਕਾਰ ਮੈਂ ਵੀ ਹੋਵਾਂਗਾ।

ਉਂਜ ਭਾਵੇਂ ਮੈਂ ਪੜ੍ਹ-ਲਿਖ ਵੀ ਗਿਆ ਹਾਂ ਅਤੇ ਆਪਣੇ ਬਾਬੇ ਦੇ ਦਿੱਤੇ ਅਧਿਕਾਰਾਂ ਨੂੰ ਮਾਣਦਾ ਵੀ ਹਾਂ। ਪਰ ਸਮਝ ਮੈਨੂੰ ਫਿਰ ਵੀ ਨਹੀਂ ਆਈ ਕਿਉਂਕਿ ਮੈਂ ਆਪਣੇ ਮਹਾਂਪੁਰਸ਼ਾਂ ਦੀ ਵਿਚਾਰਧਾਰਾ 'ਤੇ ਪਹਿਰਾ ਨਹੀਂ ਦਿੱਤਾ। ਉਨ੍ਹਾਂ ਦੀ ਸੋਚ ਨਹੀਂ ਅਪਣਾ ਸਕਿਆ। ਉਨ੍ਹਾਂ ਕਿਹਾ ਸੀ ਕਿ ਪੜ੍ਹੋ, ਜੁੜੋ, ਸੰਘਰਸ਼ ਕਰੋ। ਮੈਂ ਪੜ੍ਹ ਤਾਂ ਗਿਆ ਪਰ ਮੈਂ ਆਪਣੇ ਭਾਈਚਾਰੇ ਨਾਲ ਜੁੜ ਨਹੀਂ ਸਕਿਆ। ਸੰਘਰਸ਼ ਕਰਨਾ ਤਾਂ ਬੜੀ ਦੂਰ ਦੀ ਗੱਲ ਹੈ। ਦੇਸ ਦੀ ਆਜ਼ਾਦੀ ਤੋਂ ਹੁਣ ਤੱਕ ਮੈਂ ਹਮੇਸ਼ਾ ਆਪਣੇ ਹੀ ਵਿਰੋਧੀਆਂ ਦੇ ਹੱਥਾਂ ਵਿੱਚ ਖੇਡਦਾ ਆ ਰਿਹਾ ਹਾਂ। ਮੈਂ ਆਪਣੇ ਆਪ ਨੂੰ ਪਛਾਣ ਹੀ ਨਹੀਂ ਸਕਿਆ ਕਿ ਮੇਰੀ ਤਾਕਤ ਕੀ ਹੈ, ਮੇਰਾ ਪਿਛੋਕੜ ਕੀ ਹੈ। ਮੈਂ ਮਨੂੰ ਦੇ ਜਾਤ ਪਾਤ ਦੇ ਗੰਦ ਨੂੰ ਆਪਣੇ ਸਿਰ 'ਤੇ ਚੁੱਕੀ ਫਿਰ ਰਿਹਾ ਹਾਂ। ਆਪਣੇ ਆਪ ਨਾਲੋਂ ਮੈਂ ਕਿਸਮਤ 'ਤੇ ਜ਼ਿਆਦਾ ਭਰੋਸਾ ਕਰਦਾ ਹਾਂ। ਸ਼ਾਇਦ ਤਾਂ ਹੀ ਮੇਰੇ ਦੁੱਖਾਂ ਦਾ ਅੰਤ ਨਹੀਂ ਹੋ ਰਿਹਾ ਹੈ। ਅੱਜ ਮੇਰੇ ਜੋ ਹਾਲਾਤ ਹਨ, ਉਨ੍ਹਾਂ ਲਈ ਕੁੱਝ ਹੱਦ ਤੱਕ ਮੈਂ ਆਪ ਵੀ ਜ਼ਿੰਮੇਵਾਰ ਹਾਂ। ਕੁੱਝ ਹੱਦ ਤੱਕ ਕਿਉਂ, ਸ਼ਾਇਦ ਕੁੱਝ ਜ਼ਿਆਦਾ ਹੀ ਜ਼ਿੰਮੇਵਾਰ ਹਾਂ। ਆਪਣੇ ਮਹਾਂਪੁਰਸ਼ਾਂ ਦੀ ਜੱਦੋਜਹਿਦ ਕਰਕੇ ਮੈਂ ਕੁੱਝ ਤਰੱਕੀ ਕੀ ਕਰ ਗਿਆ ਮੈਂ ਤਾਂ ਆਪਣੀ ਔਕਾਤ ਹੀ ਭੁੱਲ ਗਿਆ। ਹੁਣ ਮੈਨੂੰ ਆਪਣੇ ਭੈਣ ਭਰਾਵਾਂ ਅਤੇ ਭਾਈਚਾਰੇ 'ਚੋਂ ਬਦਬੋ ਮਾਰਦੀ ਹੈ, ਜਿਸਦਾ ਮੈਂ ਖ਼ੁਦ ਕਦੇ ਹਿੱਸਾ ਰਿਹਾ ਹਾਂ। ਮੈਂ ਪਿੰਡਾਂ ਵਿੱਚ ਵਸਦੇ ਆਪਣੇ ਭਾਈਚਾਰੇ ਨੂੰ ਛੱਡ ਕੇ ਆਲੀਸ਼ਾਨ ਸ਼ਹਿਰ ਵਿੱਚ ਰਹਿਣ ਲੱਗ ਪਿਆ ਹਾਂ। ਕਦੇ ਉਨ੍ਹਾਂ ਦੇ ਦੁੱਖ ਦਰਦ ਨੂੰ ਸਮਝਣ ਦੀ ਕੋਸ਼ਿਸ਼ ਹੀ ਨਹੀਂ ਕੀਤੀ। ਜਦੋਂ ਮੈਂ ਕਦੇ ਕਦਾਈਂ ਆਪਣੇ ਮਾਡਰਨ ਬੱਚਿਆਂ ਨੂੰ ਮਹਿੰਗੀ ਕਾਰ ਰਾਹੀਂ ਆਪਣੇ ਜੱਦੀ ਪਿੰਡ ਦਿਖਾਉਣ ਲੈ ਕੇ ਆਉਂਦਾ ਹਾਂ ਤਾਂ ਰਸਤੇ ਵਿੱਚ ਸੜਕ 'ਤੇ ਕੱਖ ਖੋਤਦੀਆਂ ਮੇਰੀਆਂ ਚਾਚੀਆਂ ਤਾਈਆਂ ਦੇ ਦਰਦ ਨੂੰ ਦੇਖ ਕੇ ਵੀ ਅਣਦੇਖਿਆ ਕਰ ਦਿੰਦਾ ਹਾਂ।

ਮੇਰੇ ਬਾਬੇ ਦੀ ਬਦੌਲਤ ਮੈਨੂੰ ਲੋਕਾਂ ਦਾ ਨੁਮਾਇੰਦਾ ਬਣ ਕੇ ਵਿਧਾਨ ਘਾੜਨੀ ਸਭਾਵਾਂ ਵਿੱਚ ਜਾਣ ਦਾ ਮੌਕਾ ਮਿਲ਼ ਗਿਆ। ਪਰ ਮੈਂ ਉੱਥੇ ਜਾ ਕੇ ਸੌਂ ਜਾਂਦਾ ਹਾਂ। ਆਪਣੇ ਲੋਕਾਂ ਦੇ ਦੁੱਖਾਂ ਦਰਦਾਂ ਬਾਰੇ ਮੈਂ ਕਦੇ ਵੀ ਨਹੀਂ ਬੋਲਦਾ। ਮੈਨੂੰ ਡਰ ਰਹਿੰਦਾ ਹੈ ਕਿ ਜੇਕਰ ਮੈਂ ਆਪਣੇ ਲੋਕਾਂ ਬਾਰੇ ਬੋਲਿਆ ਤਾਂ ਮੇਰੀ ਪਾਰਟੀ ਨੇ ਅਗਲੀ ਵਾਰ ਮੈਨੂੰ ਟਿਕਟ ਨਹੀਂ ਦੇਣਾ। ਜੇਕਰ ਟਿਕਟ ਨਾ ਮਿਲਿਆ ਤਾਂ ਲਾਲ ਬੱਤੀ ਵਾਲ਼ੀ ਗੱਡੀ ਕਿਵੇਂ ਮਿਲੇਗੀ? ਜਿਹੜੀਆਂ ਸਹੂਲਤਾਂ ਮੈਂ ਮਾਣ ਰਿਹਾ ਹਾਂ ਉਹ ਕਿਸ ਤਰ੍ਹਾਂ ਮਿਲਣਗੀਆਂ? ਇਸ ਲਈ ਮੈਂ ਮਨ ਮਾਰ ਕੇ ਚੁੱਪ ਕਰ ਬਹਿੰਦਾ ਹਾਂ। ਪਰ ਸਾਡੀਆਂ ਪਾਰਟੀਆਂ ਹਨ ਕਿ ਫਿਰ ਵੀ ਮੈਨੂੰ ਸ਼ਾਬਾਸ਼ ਨਹੀਂ ਦਿੰਦੀਆਂ।

ਇਹ ਮੈਂ ਕੀ ਮਨ ਦੀਆਂ ਭਾਵਨਾਵਾਂ ਲੈ ਕੇ ਬਹਿ ਗਿਆ ਹਾਂ। ਚਲੋ ਛੱਡੋ ਮੈਂ ਤਾਂ ਤੁਹਾਨੂੰ ਆਪਣੇ 'ਤੇ ਹੋ ਰਹੇ ਜ਼ੁਲਮ ਬਾਰੇ ਦੱਸਣਾ ਸੀ। ਅਸਲ ਵਿੱਚ ਮੇਰੀ ਮਾਨਸਿਕਤਾ ਵਿੱਚ ਅੰਤਾਂ ਦਾ ਨਿਘਾਰ ਆ ਗਿਆ ਹੈ। ਮੈਂ ਅਕ੍ਰਿਤਘਣ ਹੋ ਗਿਆ ਹਾਂ। ਮੈਂ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਨੂੰ ਆਪਣਾ ਰਹਿਬਰ ਮੰਨਣ ਤੋਂ ਹਮੇਸ਼ਾ ਇਨਕਾਰੀ ਰਿਹਾ ਅਤੇ ਕਾਲਪਨਿਕ ਰਹਿਬਰਾਂ ਦੀ ਪੂਜਾ ਪਾਠ ਤੱਕ ਹੀ ਸੀਮਤ ਰਿਹਾ, ਜਿੰਨ੍ਹਾਂ ਨਾਲ ਮੇਰਾ ਜਾਂ ਮੇਰੇ ਭਾਈਚਾਰੇ ਦਾ ਦੂਰ ਦਾ ਵਾਹ ਵਾਸਤਾ ਵੀ ਨਹੀਂ ਸੀ। ਮੈਂ ਛੋਟੇ-ਛੋਟੇ ਲਾਲਚਾਂ ਨੂੰ ਆਪਣੇ ਆਪ 'ਤੇ ਭਾਰੂ ਕਰ ਲਿਆ, ਵੋਟ ਦੀ ਅਸਲ ਕੀਮਤ ਸਮਝ ਨਹੀਂ ਸਕਿਆ। ਮੈਂ ਨਸ਼ਿਆਂ ਅਤੇ ਥੋੜ੍ਹੇ ਜਿਹੇ ਧਨ ਦੇ ਲਾਲਚ ਵਿੱਚ ਆ ਕੇ ਆਪਣੀ ਵੋਟ ਦਾ ਮੁੱਲ ਵੱਟਦਾ ਆ ਰਿਹਾ ਹਾਂ। ਮੈਂ ਕਦੇ ਇਹ ਨਹੀਂ ਸੋਚਿਆ ਕਿ ਮੈਂ ਵੋਟ ਦਾ ਨਹੀਂ ਸਗੋਂ ਆਪਣੇ ਬੱਚਿਆਂ ਅਤੇ ਆਉਣ ਵਾਲੀਆਂ ਪੀੜ੍ਹੀਆਂ ਦੇ ਭਵਿੱਖ ਦਾ ਸੌਦਾ ਕਰ ਰਿਹਾ ਹਾਂ। ਮੈਂ ਸਤਿਗੁਰੂ ਰਵਿਦਾਸ ਜੀ ਵੱਲੋਂ ਸਵੈ ਰਾਜ ਕਾਇਮ ਕਰਨ ਦੀ ਪ੍ਰੇਰਨਾ ਦਾ ਮਹੱਤਵ ਹੀ ਸਮਝ ਨਹੀਂ ਸਕਿਆ। ਕਿਸੇ ਨੂੰ ਕੀ ਦੋਸ ਦੇਵਾਂ, ਮੇਰੇ ਖ਼ੁਦ ਅੰਦਰ ਹੀ ਅੰਤਾਂ ਦੀਆਂ ਕਮਜ਼ੋਰੀਆਂ ਹਨ। ਜਿੰਨ੍ਹਾਂ ਕਰਕੇ ਮੈਂ ਤਰਸ ਦਾ ਪਾਤਰ ਬਣ ਰਿਹਾ ਹਾਂ। ਮੇਰੀਆਂ ਇਨ੍ਹਾਂ ਕਮਜ਼ੋਰੀਆਂ ਦਾ ਮੇਰੇ ਵਿਰੋਧੀਆਂ ਨੇ ਹਮੇਸ਼ਾ ਹੀ ਫ਼ਾਇਦਾ ਲਿਆ ਹੈ, ਪਰ ਮੈਂ ਫਿਰ ਵੀ ਸਮਝਣ ਨੂੰ ਤਿਆਰ ਨਹੀਂ।

ਬੇਸ਼ੱਕ ਤੁਸੀ ਮੈਨੂੰ ਚੰਗੀ ਤਾਂ ਜਾਣਦੇ ਹੋਂ ਪਰ ਫਿਰ ਹੁਣ ਤੁਸੀ ਸੋਚੋਗੇ ਕਿ ਦਲਿਤ ਦਾ ਕੋਈ ਨਾਂ, ਪਤਾ ਟਿਕਾਣਾ ਤਾਂ ਹੋਵੇਗਾ, ਮੈਂ ਉਹ ਤਾਂ ਦੱਸਿਆ ਨਹੀਂ। ਚਲੋ ਉਹ ਵੀ ਦੱਸ ਦਿੰਦਾ ਹਾਂ, ਮੈਂ ਨਿੱਤ ਦਿਨ ਵੱਖ ਵੱਖ ਨਾਵਾਂ ਅਤੇ ਥਾਵਾਂ ਨਾਲ ਅਖ਼ਬਾਰਾਂ ਦੀਆਂ ਸੁਰਖ਼ੀਆਂ ਦੇ ਰੂਪ ਵਿੱਚ ਸਾਹਮਣੇ ਆਉਂਦਾ ਹਾਂ। ਕਦੇ ਤੁਸੀ ਮੈਨੂੰ ਹੈਦਰਾਬਾਦ ਦੀ ਯੂਨੀਵਰਸਿਟੀ ਦੇ ਵਿਦਿਆਰਥੀ ਰੋਹਿਤ ਵੇਮੂਲਾ ਦੇ ਨਾਂ ਨਾਲ ਜਾਣਿਆਂ ਜਾਂਦਾ ਹਾਂ, ਕਦੇ ਮੈਂ ਅਬੋਹਰ ਦਾ ਭੀਮ ਟਾਂਕ ਬਣਕੇ ਉਭਰਦਾ ਹਾਂ। ਕਦੇ ਮੈਂ ਲੁਧਿਆਣੇ ਦੇ ਡੀ.ਐਮ.ਸੀ. ਵਿੱਚ ਡਾ: ਸੁਪਰੀਆ ਬਣ ਕੇ ਸਾਹਮਣੇ ਆਉਂਦਾ ਹਾਂ। ਮੇਰੀਆਂ ਦੁੱਖਾਂ ਤਕਲੀਫ਼ਾਂ ਦਾ ਜ਼ਿਕਰ ਪੂਰੀ ਤਰ੍ਹਾਂ ਨਹੀਂ ਕੀਤਾ ਜਾ ਸਕਦਾ। ਇਸ ਆਜ਼ਾਦ ਮੁਲਕ ਵਿੱਚ ਵੀ ਮੇਰੀ ਗ਼ੁਲਾਮਾਂ ਵਾਲੀ ਹਾਲਤ ਹੋ ਗਈ ਹੈ। ਮੇਰੇ ਭਲੇ ਲਈ ਜ਼ਿਆਦਾਤਰ ਸਰਕਾਰੀ ਸਕੀਮਾਂ ਸੰਵਿਧਾਨ ਦੇ ਅੱਖੀਂ ਘੱਟਾ ਪਾਉਣ ਦੇ ਮੰਤਵ ਨਾਲ ਸਿਰਫ਼ ਸਰਕਾਰੀ ਫਾਈਲਾਂ ਤੱਕ ਸਿਮਟ ਕੇ ਰਹਿ ਜਾਂਦੀਆਂ ਹਨ। ਮੈਂ ਸੋਚਦਾ ਹਾਂ ਕਿ ਦੇਸ ਵਿੱਚ ਕਾਨੂੰਨ ਨਾਂ ਦੀ ਕੋਈ ਚੀਜ਼ ਹੀ ਨਹੀਂ। ਪਰ ਮੈਨੂੰ ਕੌਣ ਸਮਝਾਵੇ ਕਿ ਕਮਲਿਆ ਕਾਨੂੰਨ ਤਾਂ ਹੈ ਪਰ ਸਰਕਾਰਾਂ ਦੀ ਨੀਅਤ ਸਾਫ਼ ਨਹੀਂ। ਰਾਜ-ਸੱਤਾ 'ਤੇ ਬਿਰਾਜਮਾਨ ਲੋਕ ਨਹੀਂ ਚਾਹੁੰਦੇ ਕਿ ਮੈਂ ਚੰਗੀ ਵਿੱਦਿਆ ਹਾਸਲ ਕਰਕੇ, ਆਪਣਾ ਜੀਵਨ ਪੱਧਰ ਉਪਰ ਚੁੱਕ ਸਕਾਂ। ਇਸ ਕਰਕੇ ਤਾਂ ਉਹ ਲੋਕ ਮੇਰੇ ਬੱਚਿਆਂ ਨੂੰ ਅੱਠਵੀਂ ਤੱਕ ਫ਼ੇਲ੍ਹ ਨਾ ਕਰਨ ਦਾ ਹੁਕਮ ਜਾਰੀ ਕਰਦੇ ਹਨ। ਮੈਂ ਬੜਾ ਖੁਸ ਹੁੰਦਾ ਹਾਂ ਕਿ ਚਲੋ ਹੁਣ ਮੇਰੇ ਬੱਚਿਆਂ ਨੂੰ ਪਾਸ ਕਰਾਉਣ ਲਈ ਕਿਸੇ ਮਾਸਟਰ ਕੋਲ ਸਿਫ਼ਾਰਸ਼ ਲਗਵਾਉਣ ਦੀ ਲੋੜ ਨਹੀਂ ਪੈਣੀ। ਹਾਂ ਸੱਚ ਮ੍ਹਾਤੜ ਅਤੇ ਗਰੀਬ ਬੰਦੇ ਦੀ ਕਿਹੜਾ ਕੋਈ ਸਿਫ਼ਾਰਸ਼ ਹੁੰਦੀ ਏ। ਫਿਰ ਮੇਰੇ ਬੱਚੇ ਅੱਠਵੀਂ ਤੋਂ ਬਾਅਦ ਨੌਵੀਂ ਕਲਾਸ ਵਿੱਚ ਹੁੰਦੇ ਹਨ ਅਤੇ ਫ਼ੇਲ੍ਹ ਹੋ ਜਾਂਦੇ ਹਨ। ਫਿਰ ਮੈਂ ਕੀ ਕਰਦਾ ਹਾਂ, ਆਪਣੇ ਬੱਚਿਆਂ ਨੂੰ ਆਪਣੇ ਨਾਲ ਦਿਹਾੜੀ ਜੋਤਾ ਕਰਨ, ਭੱਠੇ 'ਤੇ ਪਥੇਰ ਦਾ ਕੰਮ ਕਰਨ ਦੀ ਸਲਾਹ ਦਿੰਦਾ ਹਾਂ। ਮੈਂ ਆਪਣੇ ਇਸ ਕਾਰਜ ਨੂੰ ਬੜਾ ਸਮਝਦਾਰੀ ਵਾਲਾ ਕਾਰਜ ਸਮਝਦਾ ਹਾਂ।

ਹੁਣ ਕੁੱਝ ਸਮੇਂ ਤੋਂ ਜਦੋਂ ਤੋਂ ਮੇਰੇ ਉੱਪਰ ਹੋਣ ਵਾਲ਼ੇ ਜ਼ੁਲਮਾਂ ਦੀ ਹੱਦ ਹੋ ਗਈ ਹੈ। ਗੁਜਰਾਤ ਦੇ ਊਨਾ ਵਿੱਚ ਮੇਰੇ ਨਾਲ਼ ਜੋ ਕੁੱਝ ਵਾਪਰਿਆ ਤਾਂ ਮੈਨੂੰ ਬਾਬਾ ਸਾਹਿਬ ਡਾ: ਭੀਮ ਰਾਓ ਅੰਬੇਡਕਰ ਜੀ ਦੁਆਰਾ ਬਹੁਤ ਸਮਾਂ ਪਹਿਲਾਂ ਮਲੀਨ ਧੰਦੇ ਬੰਦ ਕਰਨ ਦੀਆਂ ਦਿੱਤੀਆਂ ਨਸੀਹਤਾਂ ਯਾਦ ਆ ਗਈਆਂ। ਇਸ ਤਰ੍ਹਾਂ ਮੇਰੇ ਲਈ ਜ਼ੁਲਮ ਸਹਿਣਾ ਮੁਸ਼ਕਲ ਹੋ ਗਿਆ। ਮੈਂ ਬਾਬਾ ਸਾਹਿਬ ਦੀ ਇਸ ਨਸੀਹਤ ਤੇ ਪਹਿਰਾ ਦਿੱਤਾ ਅਤੇ ਮੈਂ ਮਲੀਨ ਕਿੱਤੇ ਬੰਦ ਕਰਨ ਦਾ ਐਲਾਨ ਕਰ ਦਿੱਤਾ। ਇਸ ਨਾਲ਼ ਭਾਵੇਂ ਸਵਰਨ ਜਾਤੀਆਂ ਨੂੰ ਬਹੁਤ ਤਕਲੀਫ਼ ਹੋਈ ਪਰ ਮੇਰੇ ਭਰਾਵਾਂ ਵਿੱਚ ਜਾਗ੍ਰਿਤੀ ਦੀ ਲਹਿਰ ਫੈਲ ਗਈ। ਹੁਣ ਦੇ ਹਾਲਾਤਾਂ ਮੁਤਾਬਿਕ ਲੱਗਦਾ ਹੈ ਕਿ ਮੈਂ ਹੁਣ ਬਹੁਤਾ ਚਿਰ ਗ਼ੁਲਾਮ ਨਹੀਂ ਰਹਾਂਗਾ। ਮੇਰੀਆਂ ਨਾੜਾਂ ਵਿੱਚ ਜੰਮ ਚੁੱਕਿਆ ਖ਼ੂਨ ਕੁੱਝ ਹਰਕਤ ਕਰਨ ਲੱਗਿਆ ਹੈ, ਹੁਣ ਮੇਰੇ ਮਨ ਨੂੰ ਕੁੱਝ ਧਰਵਾਸ ਹੋ ਗਿਆ ਹੈ ਕਿ ਨੀਲੀ ਕ੍ਰਾਂਤੀ ਆ ਕੇ ਰਹੇਗੀ ਅਤੇ ਫਿਰ ਮੇਰੀ ਵੀ ਬੰਦ ਖਲਾਸੀ ਹੋ ਜਾਵੇਗੀ।



ਐੱਸ ਬਲਵੰਤ
s.balwantuk@yahoo.co.uk

# ਮੇਰਾ ਬਾਪੂ ਦੋਸਤ ਗੁਰਦਿਆਲ ਸਿੰਘ

ਪੰਜਾਬੀ ਦੇ ਸਿਰਮੌਰ ਗਲਪ ਲੇਖਕ ਗੁਰਦਿਆਲ ਸਿੰਘ ਨਹੀਂ ਰਹੇ। ਇਹ ਉਦਾਸੀ ਆਪਣੇ ਸਾਰਿਆਂ ਲਈ ਹੈ। ਮੇਰੇ ਲਈ ਹੋਰ ਵੀ ਖਾਸ ਕਿ ਮੈਨੂੰ ਉਨ੍ਹਾਂ ਦੀ ਬਜ਼ੁਰਗੀ ਦੋਸਤੀ ਵੀ ਹਾਸਿਲ ਸੀ ਤੇ ਮੁਲਾਕਾਤਾਂ ਦੇ ਦੌਰ ਵੀ ਜਾਰੀ ਰਹਿੰਦੇ ਸਨ। ਉਨ੍ਹਾਂ ਦੀਆਂ ਕਹਾਣੀਆਂ ਅੰਗਰੇਜ਼ੀ ਵਿਚ ਰਾਣਾ ਨੱਈਅਰ ਨੇ ਅਨੁਵਾਦ ਕੀਤੀਆਂ ਸਨ ਤੇ ਮੈਂ ਡਾਇਮੰਡ ਪਾਕਿਟ ਬੁਕਸ ਤੋਂ ਪੇਪਰਬੈਕ ਅਤੇ ਆਪਣੀ ਕੰਪਨੀ ਅਜੰਤਾ ਪਬਲੀਕੇਸ਼ਨਜ਼ ਤੋਂ ਹਾਰਡਬੈਕ ਪ੍ਰਕਾਸ਼ਿਤ ਵੀ ਕਰਵਾਈਆਂ ਸਨ। ਜਦੋਂ ਵੀ ਉਹ ਦਿੱਲੀ ਆਉਂਦੇ, ਉਨ੍ਹਾਂ ਨਾਲ ਉਨ੍ਹਾਂ ਦੇ ਬਹੁਤ ਸਾਰੇ ਸੁਪਨਿਆਂ ਬਾਰੇ ਗੱਲਾਂ ਹੁੰਦੀਆਂ। ਦੁਨੀਆਂ ਭਰ ਦੇ ਰਾਜਨੀਤਕ ਪ੍ਰਬੰਧਾਂ ਬਾਰੇ ਅਸੀਂ ਸਾਂਝਾਂ ਪਾਉਂਦੇ।

ਇਨਸਾਨੀ ਬਰਾਬਰਤਾ, ਧਰਮ-ਰਹਿਤ ਸਮਾਜ, ਮਨੁੱਖ ਦੇ ਦਿਮਾਗੀ ਪੁਲਾਂਘਾਂ ਪੁੱਟਣ ਦੀ ਆਜ਼ਾਦੀ...ਯਾਣੀ ਇਕ ਐਸਾ ਸਮਾਜ ਰਚੇ ਜਾਣ ਦਾ ਸੁਪਨਾ ਲੈਂਦੇ ਜਿਸ ਵਿਚ ਮਨੁੱਖ ਨੂੰ ਉਤਾਂਹ ਉੱਠਣ ਵਾਲੀ ਹਰ ਰੁਕਾਵਟ ਦਾ ਖਾਤਮਾ ਹੋਵੇ। ਪਰ ਅਸੀਂ ਸੁਪਨੇ ਬਹੁਤ ਲੈਂਦੇ ਹਾਂ। ਸਾਨੂੰ ਪਤਾ ਹੀ ਨਹੀਂ ਹੁੰਦਾ ਕਦੋਂ ਸਾਡੇ ਸਰੀਰ ਨੂੰ ਹਰੀ ਝੰਡੀ ਮਿਲ ਜਾਣੀ ਹੈ ਤੇ ਸਾਡੇ ਸਰੀਰ ਵਿਚਲੀ ਆਤਮਾ ਪ੍ਰਮਾਤਮਾ ਵਿਚ ਲੀਨ ਹੋ ਜਾਣੀ ਹੈ।

ਉਨ੍ਹਾਂ ਨਾਲ ਮੇਰੀ ਮੁਲਾਕਾਤ ਸੱਤਰਵਿਆਂ ਵਿਚ ਹੋਈ ਸੀ। ਮਾੜਕੂ ਜਿਹਾ ਪਤਲਾ ਸਰੀਰ, ਲੰਬੂਤਰਾ ਕੱਦ, ਪਰ ਚਿਹਰੇ 'ਤੇ ਇਕ ਗੰਭੀਰ ਜਲੌਅ ਲਈ ਤੁਰ ਰਹੇ ਸਨ ਉਦੋਂ ਉਹ। ਉਨ੍ਹਾਂ ਦਿਨਾਂ ਵਿਚ, ਗੁਰਬਖਸ਼ ਸਿੰਘ, ਨਾਨਕ ਸਿੰਘ, ਗੁਰਦਿਆਲ ਸਿੰਘ, ਦਲੀਪ ਕੌਰ ਟਿਵਾਣਾ, ਜਾਂ ਦਿੱਲੀ ਤੋਂ ਕਰਤਾਰ ਸਿੰਘ ਦੁੱਗਲ, ਅੰਮ੍ਰਿਤਾ ਪ੍ਰੀਤਮ, ਅਜੀਤ ਕੌਰ, ਗੁਲਜ਼ਾਰ ਸਿੰਘ ਸੰਧੂ ਤੇ ਹੋਰ ਵੀ ਬਹੁਤ ਸਾਰੇ ਗਲਪ ਲੇਖਕਾ ਦਾ ਦੌਰ ਸੀ।

ਪੰਜਾਬੀ ਲੇਖਣੀ ਦੇ ਸ਼ਾਹ-ਅਸਵਾਰ ਸਨ ਉਹ। ਉਨ੍ਹਾਂ ਦੀਆਂ ਲਿਖੀਆਂ ਪੁਸਤਕਾਂ "ਅਣਹੋਏ", "ਪਰਸਾ", "ਅੱਧ ਚਾਨਣੀ ਰਾਤ", ਤੇ ਕਈ ਹੋਰ ਲਿਖਤਾਂ ਦਾ ਮੈਂ ਅਕਸਰ ਸੰਸਾਰਕ-ਪਲੇਟਫਾਰਮਾਂ 'ਤੇ ਜ਼ਿਕਰ ਵੀ ਕਰਦਾ ਰਿਹਾਂ। ਜਦੋਂ ਵੀ ਕਿਤੇ ਪੰਜਾਬੀ ਜਾਂ ਭਾਰਤੀ ਸਾਹਿਤ ਦੀ ਸੰਸਾਰ-ਪੱਧਰ ਦੇ ਪਲੇਟਫਾਰਮ 'ਤੇ ਗੱਲ ਉੱਠਦੀ ਤਾਂ ਮੈਂ ਪੰਜਾਬੀ ਦੇ ਇਹੋ ਜਿਹੇ ਸਿਰਮੌਰ ਲੇਖਕਾਂ ਦਾ ਝੰਡਾ ਚੁੱਕ ਲੈਂਦਾ।

ਅਸੀਂ 1980 'ਚ ਇੰਗਲੈਂਡ ਵਿਖੇ ਹੋਈ ਵਿਸ਼ਵ-ਪੰਜਾਬੀ ਕਾਨਫਰੰਸ ਵਿਚ ਵੀ ਇਕੱਠੇ ਸਫਰ ਕੀਤਾ। ਉਸ ਕਾਨਫਰੰਸ ਵਿਚ ਬੇਸ਼ਕ ਮੇਰਾ ਵਧੇਰੇ ਸਮਾਂ ਮੇਰੀ ਟੋਲੀ ਦੇ ਦੋਸਤਾਂ ਪ੍ਰੋਫੈਸਰ ਸੁਤਿੰਦਰ ਸਿੰਘ ਨੂਰ, ਹਰਨਾਮ ਤੇ ਅਮਿਤੋਜ ਨਾਲ ਬੀਤਦਾ, ਪਰ ਫਿਰ ਵੀ ਜਦ ਵਿਹਲ ਮਿਲਦੀ ਤਾਂ ਮੈਂ ਆਪਣਾ ਸਮਾਂ ਗੁਰਦਿਆਲ ਸਿੰਘ ਨਾਲ ਗੱਲਾਂ ਕਰਦਿਆਂ ਬਿਤ-ਾਉਂਦਾ। ਉਨ੍ਹਾਂ ਦੇ ਨਾਵਲ "ਅੰਨ੍ਹੇ ਘੋੜੇ ਦਾ ਦਾਨ" ਦੀ ਕਹਾਣੀ 'ਤੇ ਪੰਜਾਬੀ ਫਿਲਮ ਵੀ ਬਣੀ ਵਿੱਚ ਉਹਨਾ ਨੇ ਪੰਜਾਬ ਦੇ ਪੇਂਡੂ ਦਲਿਤ ਜੀਵਨ ਦਾ ਬਹੁਤ ਹੀ ਕਰੁਣਾਮਈ ਤਰੀਕੇ ਨਾ਼ਲ ਚਿਤਰਨ ਕੀਤਾ ਸੀ ! "ਪਰਸਾ" ਵਿੱਚਲਾ ਅੜਬ ਜੱਟ, "ਅਣਹੋਏ" ਵਿੱਚ ਕਦੇ ਵੀ ਹਾਰ ਨਾਂ ਮੰਨਣ ਵਾ਼ਲਾ ਤਰਖਾਣ ਕਾਰੀਗਰ, ਕਿਸਾਨੀ ਜੀਵਨ ਦੀਆਂ ਥੁੜਾਂ-ਟੁੱਟਾਂ ਤੇ ਸੰਘਰਸ਼ ਨੂੰ ਬਿਆਨਦਾ ਨਾਵਲ, ਯਾਣੀ ਗੁਰਦਿਆਲ ਸਿੰਘ ਦੀ ਜਿਹੜੀ ਮਰਜ਼ੀ ਲਿਖਤ ਚੁੱਕ ਲਵੋ, ਅੱਖਰ-ਸ਼ਬਦ- ਵਾਕ ਬਹੁਤ ਹੀ ਗੱਡਵੀਂ ਤੇ ਭਾਵਪੂਰਤ ਤਰਤੀਬ ਨਾ਼ਲ ਗੁੰਦਵੇਂ ਚਿਣੇ ਪਏ ਹਨ। ਉਹਨਾਂ ਦੁਆਰਾ ਲਿਖੇ ਕਿਸੇ ਵੀ ਵਾਕ ਨੂੰ ਪੜਨ ਉਪਰੰਤ ਐਂਵੇ ਹੀ ਅੱਗੇ ਤੁਰਿਆ ਨਹੀਂ ਜਾ ਸਕਦਾ। ਹਰ ਵਾਕ ਪੜਨ ਉਪਰੰਤ ਅੱਖਾਂ ਮੀਚ ਕੇ ਉਸ ਦਾ ਨਜਾਰਾ ਲੈਣਾਂ ਪੈਂਦਾ ਤੇ ਬੰਦਾ ਸੋਚਦਾ ਕਿ ਯਾਰ ਲੇਖਕ ਕਿੱਡੀ ਵੱਡੀ ਗੱਲ ਕਿੰਨੇ ਸਹਿਜ ਨਾ਼ਲ ਕਹਿ ਗਿਆ...!



ਗੁਰਦਿਆਲ ਸਿੰਘ ਬਾਰੇ ਜ਼ਾਤੀ ਤੇ ਸਾਹਿਤਿਕ ਯੋਗਦਾਨ ਸੰਬੰਧੀ ਸੰਖੇਪ ਜਾਣਕਾਰੀ ਇਹ ਹੈ ਕਿ ਉਨ੍ਹਾ ਦਾ ਪਰਿਵਾਰਿਕ ਨਾਂਅ ਗੁਰਦਿਆਲ ਸਿੰਘ ਰਾਹੀ, ਜਨਮ 10 ਜਨਵਰੀ 1933, ਨੂੰ ਉਨ੍ਹਾਂ ਦੇ ਨਾਨਕਾ ਪਿੰਡ ਭੈਣੀ ਫੱਤਾ (ਹੁਣ ਬਰਨਾਲਾ ਜ਼ਿਲਾ) ਵਿਖੇ ਪਿਤਾ ਜਗਤ ਸਿੰਘ ਅਤੇ ਮਾਤਾ ਨਿਹਾਲ ਕੌਰ ਦੇ ਪਰਵਾਰ ਵਿੱਚ ਹੋਇਆ।

ਉਨ੍ਹਾਂ ਦਾ ਦਾਦਕਾ ਪਿੰਡ ਜੈਤੋ ਹੈ ਅਤੇ ਬਚਪਨ ਤੋਂ ਹੁਣ ਤੱਕ ਓਥੇ ਹੀ ਰਹਿੰਦੇ ਰਹੇ ਹਨ। ਉਨ੍ਹਾਂ ਦੇ ਤਿੰਨ ਭਰਾ ਤੇ ਇੱਕ ਭੈਣ ਹਨ।

ਘਰੇਲੂ ਕਾਰਨਾਂ ਕਰਕੇ ਬਚਪਨ ਵਿੱਚ ਸਕੂਲ ਛੱਡ ਕੇ ਅੱਠ ਸਾਲ ਤਰਖਾਣਾ ਕੰਮ ਕੀਤਾ। ਦਸਵੀਂ ਪਾਸ ਕਰਕੇ ਪ੍ਰਾਈਵੇਟ ਸਕੂਲ ਵਿੱਚ ਮਾਸਟਰੀ ਕੀਤੀ ਫਿਰ ਘਾਲਣਾ ਘਾਲ ਕੇ ਉਚੇਰੀ ਵਿੱਦਿਆ ਲੈ ਕੇ ਸਰਕਾਰੀ ਨੌਕਰੀ (ਲੈਕਚਰਰਸ਼ਿਪ) ਹਾਸਲ ਕੀਤੀ ਅਤੇ ਪੰਦਰਾਂ ਵਰ੍ਹਿਆਂ ਬਾਅਦ ਪਟਿਆਲੇ ਯੂਨੀਵਰਸਿਟੀ ਵਿੱਚ ਰੀਡਰ ਬਣੇ ਅਤੇ 1995 ਵਿੱਚ ਪ੍ਰੋਫੈਸਰੀ ਤੋਂ ਸੇਵਾ ਮੁਕਤ ਹੋਏ।

ਬਲਵੰਤ ਕੌਰ ਨਾ਼ਲ ਓਹਨਾਂ ਦਾ ਵਿਆਹ ਹੋਇਆ ਅਤੇ ਉਨ੍ਹਾਂ ਦੇ ਘਰ ਇੱਕ ਲੜਕਾ ਅਤੇ ਦੋ ਲੜਕੀਆਂ ਦਾ ਜਨਮ ਹੋਇਆ। ਉਹ ਬਹੁ-ਪੱਖੀ ਸ਼ਖਸੀਅਤ ਦੇ ਮਾਲਕ ਤੇ ਨਾਵਲਕਾਰ, ਕਹਾਣੀਕਾਰ, ਤੇ ਹੋਰ ਬਹੁਤ ਸਾਰੀਆਂ ਵਿਦਾਵਾਂ ਦੇ ਲੇਖਕ, ਅਨੁਵਾਦਕ ਵਜੋਂ ਜਾਣੇ ਜਾਂਦੇ ਸਨ ।

ਉਹਨਾਂ ਨੇ ਆਪਣੀ ਪਹਿਲੀ ਕਹਾਣੀ ਭਾਗਾਂ ਵਾ਼ਲੇ ਤੋਂ ਇੱਕ ਕਹਾਣੀਕਾਰ ਦੇ ਤੌਰ 'ਤੇ ਸ਼ੁਰੂਆਤ ਕੀਤੀ ਜੋ 1957 ਵਿੱਚ ਪ੍ਰੋ. ਮੋਹਨ ਸਿੰਘ ਦੇ ਰਸਾਲੇ "ਪੰਜ ਦਰਿਆ" ਵਿੱਚ ਛਪੀ। ਉਹਨਾਂ ਦੀ ਲੇਖਕ ਦੇ ਤੌਰ 'ਤੇ ਸਾਹਿਤਿਕ ਪਿੜ ਵਿਚ ਆਮਦ ਨਾ਼ਲ ਪੰਜਾਬੀ ਨਾਵਲ ਦਾ ਮੁਹਾਂਦਰਾ ਤਬਦੀਲ ਹੋਣਾ ਸ਼ੁਰੂ ਹੋਇਆ। 1964 ਵਿੱਚ ਛਪੇ ਉਨ੍ਹਾਂ ਦੇ ਪਹਿਲੇ ਨਾਵਲ "ਮੜ੍ਹੀ ਦਾ ਦੀਵਾ" ਨਾ਼ਲ ਪੰਜਾਬੀ ਵਿੱਚ ਆਲੋਚਨਾਤਮਕ ਯਥਾਰਥਵਾਦੀ ਰਚਨਾ ਵਿਧੀ ਪ੍ਰਗਟ ਹੋਈ। "ਅੱਧ ਚਾਨਣੀ ਰਾਤ" ਅਤੇ "ਮੜ੍ਹੀ ਦਾ ਦੀਵਾ" ਦਾ ਬਹੁਤ ਸਾਰੀਆਂ ਭਾਰਤੀ ਭਾਸ਼ਾਵਾਂ ਵਿੱਚ ਤਰਜਮਾ ਹੋਇਆ। ਓਹਨਾਂ ਦੇ ਦੋ ਨਾਵਲਾਂ "ਮੜ੍ਹੀ ਦਾ ਦੀਵਾ" ਅਤੇ "ਅੰਨ੍ਹੇ ਘੋੜੇ ਦਾ ਦਾਨ" ਦੀਆਂ ਕਹਾਣੀਆਂ 'ਤੇ ਫ਼ਿਲਮਾਂ ਵੀ ਬਣ ਚੁੱਕੀਆਂ ਹਨ। "ਮੜ੍ਹੀ ਦਾ ਦੀਵਾ" 'ਤੇ ਬਣੀ ਫ਼ਿਲਮ ਨੇ "ਬੈਸਟ ਰੀਜ਼ਨਲ ਫਿਲਮ ਅਵਾਰਡ" 1989 ਹਾਸਲ ਕੀਤਾ।

ਉਹਨਾਂ ਦੇ ਮਸ਼ਹੂਰ ਨਾਵਲਾਂ ਵਿਚ "ਮੜ੍ਹੀ ਦਾ ਦੀਵਾ" (1964), "ਅਣਹੋਏ", "ਰੇਤੇ ਦੀ ਇੱਕ ਮੁੱਠੀ", "ਕੁਵੇਲਾ", "ਅੱਧ ਚਾਨਣੀ ਰਾਤ", "ਆਥਣ ਉੱਗਣ", "ਅੰਨ੍ਹੇ ਘੋੜੇ ਦਾ ਦਾਨ", "ਪਹੁ ਫੁਟਾਲੇ ਤੋਂ ਪਹਿਲਾਂ", "ਪਰਸਾ" (1992), "ਆਹਣ" (2009) ਤੇ ਕਹਾਣੀਆਂ ਵਿਚੋਂ ਕੁਝ ਚੋਣਵੀਆਂ ਲਿਖਤਾਂ ਹਨ, "ਸੱਗੀ ਫੁੱਲ", "ਚੰਨ ਦਾ ਬੂਟਾ", "ਓਪਰਾ ਘਰ", ਕੁੱਤਾ 'ਤੇ ਆਦਮੀ", "ਮਸਤੀ", "ਬੋਤਾ", "ਰੁੱਖੇ ਮਿੱਸੇ ਬੰਦੇ", "ਬੇਗਾਨਾ ਪਿੰਡ", "ਚੋਣਵੀਆਂ ਕਹਾਣੀਆਂ", "ਪੱਕਾ ਟਿਕਾਣਾ", "ਕਰੀਰ ਦੀ ਢਿੰਗਰੀ", "ਮੇਰੀ ਪ੍ਰਤਿਨਿਧ ਰਚਨਾ" (ਪੰਜਾਬੀ ਯੂਨੀਵਰਸਿਟੀ) ਅਤੇ ਨਾਟਕਾਂ ਵਿਚੋਂ "ਫ਼ਰੀਦਾ ਰਾਤੀਂ ਵੱਡੀਆਂ", "ਵਿਦਾਇਗੀ ਤੋਂ ਪਿੱਛੋਂ", "ਨਿੱਕੀ ਮੋਟੀ ਗੱਲ" ਸ਼ਾਮਲ ਹਨ।

ਗਦ ਵਿਚ "ਪੰਜਾਬ ਦੇ ਮੇਲੇ 'ਤੇ ਤਿਉਹਾਰ", "ਦੁਖੀਆ ਦਾਸ ਕਬੀਰ ਹੈ", "ਨਿਆਣ ਮੱਤੀਆਂ" (ਆਤਮ ਕਥਾ-1), "ਦੂਜੀ ਦੇਹੀ" (ਆਤਮ ਕਥਾ-2), "ਸਤਜੁਗ ਦੇ ਆਉਣ ਤੱਕ", "ਡਗਮਗ ਛਾਡ ਰੇ ਮਨ ਬਉਰਾ", "ਲੇਖਕ ਦਾ ਅਨੁਭਵ ਤੇ ਸਿਰਜਣ ਪ੍ਰਕਿਰਿਆ", "ਬੰਬਈ ਸ਼ਹਿਰ", "ਕਹਿਰ ਸਵਾ ਪਹਿਰ"। ਬੱਚਿਆਂ ਲਈ ਪੁਸਤਕਾਂ ਦੀ ਸੂਚੀ ਕੁਝ ਇਸ ਤਰਾਂ ਹੈ "ਬਕਲਮ ਖੁਦ", "ਟੁੱਕ ਖੋਹ ਲਏ ਕਾਵਾਂ", "ਲਿਖਤਮ ਬਾਬਾ ਖੇਮਾ", "ਗੱਪੀਆਂ ਦਾ ਪਿਉ", "ਮਹਾਂਭਾਰਤ", "ਧਰਤ ਸੁਹਾਵੀ", "ਤਿੰਨ ਕਦਮ ਧਰਤੀ", "ਖੱਟੇ ਮਿੱਠੇ ਲੋਕ", "ਜੀਵਨ ਦਾਸੀ", "ਗੰਗਾਕਾਲੂ", " ਕੌਤਕੀ", "ਢਾਈ ਕਦਮ ਧਰਤੀ", "ਜੀਵਨ ਦਾਤੀ", "ਗੰਗਾ" (ਦੋ ਭਾਗ) ਜ਼ਿਕਰ ਯੋਗ ਹਨ।

ਸੰਪਾਦਨਾ ਵਿਚ "ਪੰਜਾਬੀ ਕਥਾ ਕਿਤਾਬ", ਤੇ ਅਨੁਵਾਦ ਵਿਚ "ਮੇਰਾ ਬਚਪਨ" (ਗੋਰਕੀ), "ਭੁੱਲੇ ਵਿੱਸਰੇ" (ਭਗਵਤੀ ਚਰਨ ਵਰਮਾ), "ਮ੍ਰਿਗਨੇਨੀ (ਵਿਰਿੰਦਾਵਨ ਲਾਲ ਵਰਮਾ), ਜ਼ਿੰਦਗੀਨਾਮਾ (ਕ੍ਰਿਸ਼ਨਾ ਸੋਬਤੀ), "ਬਿਰਾਜ ਬਹੂ (ਸ਼ਰਤ ਚੰਦਰ) ਕਰਨਾ ਜ਼ਰੂਰੀ ਹੈ।


ਸਨਮਾਨ ਵਿਚ ਉਨ੍ਹਾਂ 1998 ਵਿੱਚ ਭਾਰਤੀ ਰਾਸ਼ਟਰਪਤੀ ਵੱਲੋਂ "ਪਦਮ ਸ੍ਰੀ", 1999 ਵਿੱਚ "ਗਿਆਨਪੀਠ ਅਵਾਰਡ", 1975 ਵਿਚ "ਭਾਰਤੀ ਸਾਹਿਤ ਅਕਾਦਮੀ ਅਵਾਰਡ", (ਅੱਧ ਚਾਨਣੀ ਰਾਤ), 1975 ਵਿਚ "ਨਾਨਕ ਸਿੰਘ ਨਾਵਲਿਸਟ ਅਵਾਰਡ", 1986 ਵਿਚ "ਸੋਵੀਅਤ ਨਹਿਰੂ ਅਵਾਰਡ", ਪੰਜਾਬੀ ਸਾਹਿਤ ਅਕਾਡਮੀ, ਅਤੇ ਭਾਸ਼ਾ ਵਿਭਾਗ ਦੇ ਕਈ ਅਤੇ ਹੋਰ ਅਨੇਕ ਮਾਣ ਸਨਮਾਨ ਹਾਸਲ ਕੀਤੇ।

ਇਸ ਤੋਂ ਬਿਨਾਂ ਗੁਰਦਿਆਲ ਸਿੰਘ ਦਾ ਨਾਂਅ ਇਕ ਨਾਵਲਿਸਟ ਦੇ ਤੌਰ 'ਤੇ 2015 ਵਿਚ "ਲਿਮਕਾ ਬੁੱਕ ਆਫ ਰਿਕਾਰਡ", 'ਚ ਵੀ ਦਰਜ ਕੀਤਾ ਗਿਆ। ਉਨ੍ਹਾਂ ਦੇ ਨਾਵਲ &ਤੁਟ;ਅੰਨੇ ਘੋੜੇ ਦਾ ਦਾਨ&ਤੁਟ; ਨਾਵਲ ਤੇ ਫਿਲਮ ਬਣੀ "ਆਸਕਰ" ਲਈ ਚੁਣੀ ਜਾਣ ਵਾਲੀ ਪੰਜਾਬੀ ਫਿਲਮ ਸੀ।

ਯਾਦਾਂ ਦੇ ਖਜ਼ਾਨੇ 'ਚ ਹੋਰ ਬਹੁਤ ਕੁਝ ਪਿਆ, ਕਦੇ ਸਾਹ ਮਿਲਿਆ ਤਾਂ ਕਲਮ-ਬੰਦ ਜ਼ਰੂਰ ਕਰਾਂਗਾ।
ਅਲਵਿਦਾ "ਬਾਪੂ ਦੋਸਤ ਗੁਰਦਿਆਲ ਸਿੰਘ" !!

# ਮਦਰ ਟਰੇਸਾ ਬਣੀ, ਸੰਤ ਮਦਰ ਟਰੇਸਾ

## 'ਸੱਚੇ ਮਾਰਗ ਚੱਲਦਿਆਂ ਉਸਤੱਤ ਕਰੇ ਜਹਾਨ'



ਸ਼ਹਿਰ ਦੀਆਂ ਗੰਦਗੀਆਂ ਤੇ ਗਰੀਬ ਬਸਤੀਆਂ 'ਚ ਜਾਣਾ ਜਿੱਥੇ ਬੇਸਹਾਰਾ ਬੱਚਿਆਂ, ਬਿਰਧਾਂ, ਬਿਮਾਰਾਂ ਤੇ ਸਮਾਜ ਵੱਲੋਂ ਦੁਰਕਾਰੇ ਜਾਂਦੇ ਲੋਕਾਂ ਨੂੰ ਆਪਣੇ ਆਸ਼ਰਮ 'ਚ ਆਸਰਾ ਦੇਣਾ, ਭਿਆਨਕ ਬਿਮਾਰੀਆਂ ਨਾਲ ਪੀੜਤ ਬੱਚਿਆਂ ਤੇ ਬਿਮਾਰਾਂ ਦੇ ਜ਼ਖਮ ਉਹ ਖੁਦ ਸਾਫ ਕਰਦੀ ਸੀ। ਉਸ ਪਵਿੱਤਰ ਰੂਹ ਦਾ ਨਾਂ ਦੁਨੀਆਂ 'ਮਦਰ ਟਰੇਸਾ' ਵਜੋਂ ਜਾਣਦੀ ਹੈ। ਉਸਦੀ ਸੋਚ ਕਰਮ ਦੀ ਪਵਿੱਤਰਤਾ, ਧਾਰਮਿਕ ਤੇ ਸਮਾਜਿਕ ਤੌਰ 'ਤੇ ਕੀਤੇ ਭਲਾਈ ਦੇ ਕੰਮਾਂ ਕਰਕੇ ਆਖਿਰ ਉਹਨਾਂ ਨੂੰ 4 ਸਤੰਬਰ 2016 ਨੂੰ ਇਸਾਈ ਧਰਮ ਦੇ ਸਭ ਤੋਂ ਵੱਡੇ ਪਵਿੱਤਰ ਅਸਥਾਨ ਵੈਟੀਕਨ ਸਿਟੀ (ਰੋਮ) ਇਟਲੀ ਵਿਖੇ ਉਹਨਾਂ ਦੇ ਦੇਹਾਂਤ ਤੋਂ 19 ਸਾਲ ਬਾਅਦ ਮਿਸ਼ਨਰੀ ਸੰਸਥਾ ਦੇ ਕਾਇਦੇ ਕਾਨੂੰਨ, ਰਵਾਇਤ, ਖੋਜਾਂ ਤੇ ਕੀਤੇ ਚਮਤਕਾਰਾਂ ਕਾਰਨ 'ਪੋਪ ਵਰਾਸਿਮ' ਨੇ ਕਲਕੱਤਾ ਦੀ ਪਵਿੱਤਰ ਟਰੇਸਾ ਨੂੰ ਸੰਤ ਐਲਾਨ ਦਿੱਤਾ। ਇਹ ਉਪਾਧੀ ਸੰਤ ਟਰੇਸਾ ਦੀ ਉਤਰਾਧਿਕਾਰੀ ਬਿਸਪ ਡਿਸੂਜਾ ਨੇ ਪ੍ਰਾਪਤ ਕੀਤੀ। ਐਨਾ ਵੱਡਾ ਸਨਮਾਨ ਸੱਚਮੁਚ ਉਹ ਇਸਦੇ ਯੋਗ ਸੀ ਕਿਉਂਕਿ ਉਸਦੀ ਆਤਮਾ ਪਵਿੱਤਰ ਸੀ। ਪ੍ਰਮਾਤਮਾ ਵੀ ਉਸ ਦੁਆਰਾ ਕੀਤੇ ਗਏ ਲੋਕ ਭਲਾਈ ਦੇ ਕਾਰਜਾਂ ਕਾਰਨ ਉਸ ਦੇ ਨਾਲ ਲੱਗਦੇ ਸਨ।

ਸੰਤੋਖ ਜੱਸੀ (ਸਰਪੰਚ) 91-98766-58364

ਇਕ ਲੜਕੀ ਜਿਸਨੇ ਚੜ੍ਹਦੀ ਜਵਾਨੀ (19 ਸਾਲ) 'ਚ ਆਪਣਾ ਦੇਸ਼ ਅਲਬਾਨੀਆ ਛੱਡ ਕੇ 1928 ਵਿਚ ਭਾਰਤ ਵਿਚ ਆਈ ਤੇ ਇੱਥੇ ਹੀ ਲੋਕ ਭਲਾਈ ਦੇ ਹੱਥੀ ਕਾਰਜਾਂ ਰਾਹੀਂ ਉਸਨੇ ਪ੍ਰਭੂ ਯਿਸ਼ੂ ਮਸੀਹ ਨੂੰ ਪਾਇਆ। ਦੀਨ-ਦੁਖੀਆਂ, ਨਿਆਸਰਿਆਂ, ਬੇਸਹਾਰਾ, ਬਿਮਾਰਾਂ, ਅਪਾਹਜਾਂ ਦਾ ਸਹਾਰਾ ਬਣੀ ਮਦਰ ਟਰੇਸੀ ਨੂੰ ਪੋਪ ਜਾਨ ਪਾਲ ਦੂਜੇ ਨੇ ਕਿਹਾ ਸੀ ਕਿ 'ਟਰੇਸਾ ਦੇ ਜ਼ਖਮ ਭਰਨ ਵਾਲੇ ਹੱਥ, ਪ੍ਰਾਰਥਨਾ ਕਰਨ ਵਾਲੇ ਬੁੱਲ੍ਹ ਹਨ'।

ਸੰਤ ਟਰੇਸਾ ਦੇ ਸਬੰਧ ਵਿਚ ਕੀਤੇ ਸਨਮਾਨ ਸਮਾਰੋਹ ਵਿਚ ਜਿੱਥੇ ਦੁਨੀਆਂ ਭਰ ਦੇ ਇੱਕ ਲੱਖ ਲੋਕ (ਥਾਂ ਹੀ ਇੰਨੀ ਸੀ ਕਿ ਇਸ ਲਈ ਹੋਰ ਟਿਕਟਾਂ ਦੇਣੀਆਂ ਬੰਦ ਕਰ ਦਿੱਤੀਆਂ ਸਨ) ਕਰੀਬ 150 ਦੇਸ਼ਾਂ ਦੇ ਉਚ ਆਗੂ ਤੇ ਹਜ਼ਾਰਾਂ ਸਿਸਟਰਾਂ ਦੀ ਹਾਜ਼ਰੀ 'ਚ ਇਹ ਉਪਾਧੀ ਦੇਣ ਸਮੇਂ ਕਿਸੇ ਦੇ ਚਿਹਰੇ 'ਤੇ ਸ਼ਾਂਤੀ, ਕੋਈ ਡੂੰਘੀ ਚਿੰਤਾ, ਜਗਿਆਸਾ 'ਚ ਡੁੱਬਿਆ ਦੇਖਿਆ, ਕੋਈ ਰੋ ਰਿਹਾ ਸੀ, ਤੇ ਕਈ ਖੁਸ਼ ਸਨ। ਪਰ ਸਾਰੇ ਪਾਸੇ ਬਾਂਤ ਮਨ, ਸ਼ਾਂਤ ਬਿਰਤੀ ਸੀ। ਜਿਵੇਂ ਉਹਨਾਂ ਨੂੰ ਅਸਮਾਨ ਦੇਖ ਰਿਹਾ ਹੋਵੇ, ਅਸੀਸਾਂ ਦੇ ਰਿਹਾ ਹੋਵੇ।

ਮਦਰ ਟਰੇਸਾ ਨੂੰ ਮਾਨਵਤਾ ਦੀ ਸੇਵਾ ਕਰਨ ਕਰਕੇ ਭਾਰਤ ਰਤਨ (ਸਭ ਤੋਂ ਵੱਡਾ ਭਾਰਤੀ ਸਨਮਾਨ), ਮਦਮਰਕੀ ਮੈਗਸਾਸੇ, ਨੋਬਲ ਪੁਰਸਕਾਰ (ਦੁਨੀਆਂ ਦਾ ਸਭ ਤੋਂ ਵੱਡਾ ਇਨਾਮ), ਇੰਡੋ ਸੋਵੀਅਤ, ਰਾਜੀਵ ਗਾਂਧੀ ਸਦਭਾਵਨਾ ਪੁਰਸਕਾਰ ਨਾਲ ਨਿਵਾਜਿਆ ਗਿਆ। ਇੱਥੇ ਹੀ ਬੱਸ ਨਹੀਂ 1993 ਵਿਚ ਯੂਨੈਸਕੋ ਸ਼ਾਂਤੀ ਪੁਰਸਕਾਰ, 1994 ਵਿਚ ਅੰਤਰ ਰਾਸ਼ਟਰੀ ਸੰਸਕ੍ਰਿਤੀ ਤੇ ਵਿਕਾਸ ਪੁਰਸ਼ ਵਜੋਂ ਸਨਮਾਨਿਤ ਕੀਤਾ ਗਿਆ। ਜਦੋਂ ਉਹਨਾਂ ਨੂੰ ਇਸ ਪਵਿੱਤਰ ਸੇਵਾ ਬਾਰੇ ਪੁੱਛਿਆ ਤਾਂ ਉਹਨਾਂ ਦੱਸਿਆ ਕਿ ਜਦੋਂ ਉਹ ਦਾਰਜੀਲਿੰਗ ਨੂੰ ਜਾ ਰਹੇ ਸਨ ਤਾਂ ਪ੍ਰਭੂ ਯਿਸ਼ੂ ਮਸੀਹ ਦੀ ਇਕ ਆਵਾਜ਼ ਆਈ, ਜੋ ਮੈਨੂੰ ਗਰੀਬ ਅਤੇ ਬੇਸਹਾਰਾ ਲੋਕਾਂ ਦੀ ਸੇਵਾ ਕਰਨ ਲਈ ਕਹਿ ਰਹੀ ਸੀ। ਇਸ ਤੋਂ ਬਾਅਦ ਸੱਚਮੁਚ ਮਦਰ ਟਰੇਸਾ ਨੇ ਆਪਣੀ ਜ਼ਿੰਦਗੀ ਨਿਰਸਵਾਰਥ ਹੋ ਕੇ ਦੀਨ ਦੁਖੀਆਂ ਲਈ ਅਰਪਿਤ ਕਰ ਦਿੱਤੀ। ਅੱਜ 4500 ਤੋਂ ਵੱਧ ਸਿਸਟਰਜ਼ ਉਹਨਾਂ ਦਾ ਮਿਸ਼ਨ 123 ਦੇਸ਼ਾਂ ਵਿਚ ਚਲਾ ਰਹੀਆਂ ਹਨ। ਚਿੱਟੀ ਸਾੜੀ ਤੇ ਨੀਲੇ ਬਾਰਡਰ ਵਾਲੀ ਸਾੜੀ ਪਹਿਨਣ ਵਾਲੀ ਮਦਰ ਟਰੇਸਾ ਨੂੰ 5 ਦੇਸ਼ਾਂ ਦੀ ਨਾਗਰਿਕਤਾ ਹਾਸਲ ਸੀ। ਮਦਰ ਨੇ ਸਾਰੀ ਜ਼ਿੰਦਗੀ 3 ਸਾੜੀਆਂ ਵਿਚ ਹੀ ਲੰਘਾ ਦਿੱਤੀ।

ਉਹਨਾਂ ਦੁਆਰਾ ਕੀਤੇ ਜਾਂਦੇ ਲੋਕ ਭਲਾਈ ਦੇ ਕਾਰਜਾਂ ਬਾਰੇ ਖੁਦ ਮਦਰ ਟਰੇਸਾ ਕਹਿੰਦੇ ਸਨ ਕਿ ਇਹਨਾਂ ਜ਼ਖਮਾਂ ਵਿਚੋਂ ਮੈਨੂੰ ਪ੍ਰਭੂ ਯਿਸ਼ੂ ਦੇ ਜ਼ਖਮ ਦਿਖਾਈ ਦਿੰਦੇ ਹਨ, ਜਿਸਨੇ ਮਨੁੱਖਤਾ ਲਈ ਸੂਲੀ ਤੇ ਚੜ੍ਹਨਾ ਕਬੂਲ ਕੀਤਾ। ਚਮਤਕਾਰਾਂ 'ਚ ਪੱਛਮੀ ਬੰਗਾਲ ਦੀ ਇਕ ਔਰਤ ਦੇ ਪੇਟ ਦਾ ਟਿਊਮਰ ਤੇ ਬ੍ਰਜ਼ੀਲ ਦੇ ਇਕ ਵਿਅਕਤੀ ਦੇ ਸਿਰ ਵਿਚ ਵੱਡਾ ਫੋੜਾ ਹੋਣਾ, ਨੂੰ ਪ੍ਰਾਰਥਨਾ ਰਾਹੀਂ ਠੀਕ ਕਰਨਾ ਕੈਥੋਲਿਕ ਇਤਿਹਾਸ ਵਿਚ ਸ਼ਾਨਦਾਰ ਢੰਗ ਨਾਲ ਦਰਜ ਕੀਤੇ ਗਏ ਹਨ (ਜੋ ਸੰਤ ਦੀ ਉਪਾਧੀ ਹਾਸਲ ਕਰਨ ਲਈ ਜ਼ਰੂਰੀ ਸੀ)। ਜਿਉਂਦੇ ਜੀਅ ਪੱਛਮੀ ਬੰਗਾਲ ਦੇ ਸਕੂਲਾਂ ਦੀਆਂ ਕਿਤਾਬਾਂ 'ਚ ਉਹਨਾਂ ਦੇ ਮਨੁੱਖਤਾਵਾਦੀ ਮੁਜੱਸਮੇ ਬਾਰੇ ਜਾਣਕਾਰੀ ਵਿਦਿਆਰਥੀਆਂ ਨੂੰ ਦੇਣੀ ਆਰੰਭ ਕਰ ਦਿੱਤੀ ਸੀ।

ਸਿਆਣੇ ਕਹਿੰਦੇ ਹਨ ਸੰਤ ਦਾ ਅਰਥ ਸੱਚ ਨਾਲ ਹੁੰਦਾ ਹੈ। ਜੋ ਮਨੁੱਖਸੱਚ ਦੀ ਗੱਲ ਕਰੇ, ਸੱਚ 'ਤੇ ਪਹਿਰਾ ਦੇਵੇ ਤੇ ਉਸਨੂੰ ਉਜਾਗਰ ਕਰੇ ਤੇ ਸੱਚ ਦਾ ਸੰਦੇਸ਼ ਦੇਵੇ, ਅਜਿਹੇ ਲੋਕ ਹੀ ਸੰਤ ਕਹਾਉਣ ਦੇ ਹੱਕਦਾਰ ਹੁੰਦੇ ਹਨ। ਜਿਹਨਾਂ ਨੂੰ ਅੱਜ ਅਸੀਂ ਗੁਰੂ ਆਖਦੇ ਹਾਂ, ਹਿੰਦੀ ਭਾਸ਼ਾ ਵਾਲੇ ਉਹਨਾਂ ਨੂੰ ਸੰਤ ਵਜੋਂ ਵੀ ਸਤਿਕਾਰਦੇ ਹਨ।

ਪਰ ਅੱਜ ਇਹ ਮੰਨਿਆ ਜਾਂਦਾ ਹੈ ਕਿ ਕਲਾਕਾਰ, ਨੇਤਾ ਤੇ ਅੱਜ ਦੇ ਅਖੌਤੀ ਸੰਤ ਸਾਧ ਇੱਟ ਪੁੱਟਦੇ ਹੀ ਨਿਕਲ ਪੈਂਦੇ ਹਨ। ਜੋ ਸੰਤ ਅਖਵਾਉਂਦੇ ਹਨ, ਉਹ ਸੱਚ ਦੇ ਲਾਗੇ ਵੀ ਨਹੀਂ ਹੁੰਦੇ। ਅੱਜ ਦੇ ਬਹੁਤੇ ਅਖੌਤੀ ਸੰਤ (ਅਸਲ ਸੰਤ ਅੱਜ ਮਿਲ ਜਾਂਦੇ ਹਨ ਪਰ ਬਹੁਤ ਘੱਟ, ਉਹ ਭੇਖਧਾਰੀ ਨਹੀਂ ਸਗੋਂ ਹੱਕ ਸੱਚ ਦੇ ਪਹਿਰੇਦਾਰ ਹਨ)। ਲੋਕਾਂ ਦਾ ਸ਼ੋਸ਼ਣ ਕਰਦੇ ਹਨ। ਦੇਸ਼ ਦੇ ਗਰੀਬ ਤੇ ਅਨਪੜ੍ਹ ਲੋਕ ਆਪਣੀਆਂ ਸਮੱਸਿਆਵਾਂ, ਦੁੱਖਾਂ ਦੀ ਮਾਰੀ ਜ਼ਿੰਦਗੀ ਦੇ ਚੱਕਰਵਿਊ ਵਿਚ ਫਸੇ ਹੋਏ ਉਹ ਕੋਈ ਰਾਹ ਲੱਭਦੇ-ਲੱਭਦੇ ਆਖਿਰ ਚੇਲੇ-ਚਾਟਕਿਆਂ ਕੋਲ ਪੁੱਜ ਜਾਂਦੇ ਹਨ, ਜਿੱਥੇ ਉਹਨਾਂ ਦਾ ਸ਼ੋਸ਼ਣ ਸ਼ੁਰੂ ਹੋ ਜਾਂਦਾ ਹੈ। ਫਿਰ ਅੱਗੇ ਸਿਲਸਿਲਾ ਚਲਦਾ ਰਹਿੰਦਾ ਹੈ ਅਤੇ ਕਸ਼ਟਾਂ ਤੋਂ ਮੁਕਤੀ ਲਈ ਸਾਧਾਂ ਦਾ ਡੇਰਾ ਵਧਦਾ-ਫੁੱਲਦਾ ਰਹਿੰਦਾ ਹੈ। ਅੱਜ ਦੇ ਸਾਧ ਆਪਣੇ ਗਾਹਕਾਂ ਨੂੰ ਜਪੀ-ਤਪੀ-ਤਪੱਸਵੀ ਅਤੇ ਸਭ ਦਾ ਰਾਹ ਦਸੇਰਾ ਦੱਸਦੇ ਹਨ। (ਇਕ ਪ੍ਰਸਿੱਧ ਲੇਖਕ ਲਿਖਦਾ ਹੈ, ਜਿੰਨਾ ਪੂਜਾ ਪਾਠ ਅਸੀਂ ਕਰਦੇ ਹਾਂ, ਲੱਗਦਾ ਹੈ ਉਸ ਦਾ ਫਲ ਅਮਰੀਕਾ ਵਰਗੇ ਦੇਸ਼ ਲਈ ਜਾਂਦੇ ਹਨ)।

ਸਾਡਾ ਸਭਿਆਚਾਰ ਇਕ ਪ੍ਰਕਾਰ ਨਾਲ ਅਖੌਤੀ ਸਾਧੂ ਸੰਤਾਂ ਨੇ ਵਿਹਲੜਾਂ ਦਾ ਸਭਿਆਚਾਰ ਬਣਾ ਕੇ ਰੱਖ ਦਿੱਤਾ ਹੈ। ਅਜੇ ਵਿਗਿਆਨ ਆਮ ਲੋਕਾਂ ਤੱਕ ਨਹੀਂ ਪੁੱਜਾ ਲੱਗਦਾ ਕਿਉਂਕਿ ਅਖੌਤੀ ਸਾਧਾਂ ਦੇ ਚੇਲੇ ਮੌਜਾਂ ਮਾਣਦੇ ਹਨ ਤੇ ਲੋਕ ਰੋਜ਼ਾਨਾ ਦੀ ਜ਼ਿੰਦਗੀ ਮਰ-ਮਰ ਕੇ ਕੱਟਦੇ ਹਨ। ਅੱਜ ਰੱਬ ਦਾ ਪ੍ਰਗਟ ਹੋਣਾ ਅਸੰਭਵ ਹੀ ਨਹੀਂ ਸਗੋਂ ਨਾਮੁਮਕਿਨ ਹੈ (ਪਰ ਕਿਹਾ ਜਾਂਦਾ ਹੈ ਕਿ ਰੱਬ ਤਾਂ ਹਰ ਮਨੁੱਖ ਵਿਚ ਵੱਸਦਾ ਹੈ।) ਮਦਰ ਟਰੇਸਾ ਦੀ ਸੇਵਾ ਦਾ ਵਿਖਿਆਨ ਕਰਦਿਆਂ ਭਗਤ ਪੂਰਨ ਸਿੰਘ, ਭਾਈ ਘਨੱਈਆ ਜੀ ਦੀ ਸੇਵਾ ਭਾਵਨਾ ਦੀ ਤਸਵੀਰ ਸਾਹਮਣੇ ਆਉਂਦੀ ਹੈ, ਜਿਹਨਾਂ ਮਦਰ ਟਰੇਸਾ ਵਾਂਗ ਜ਼ਿੰਦਗੀ 'ਚ ਸੇਵਾ ਭਾਵਨਾ ਨੂੰ ਸਰਵੋਤਮ ਮੰਨਿਆ ਤੇ ਹੱਥੀਂ ਸੇਵਾ ਕਰਕੇ ਕੁੱਲ ਆਲਮ ਲਈ ਪ੍ਰੇਰਨਾ ਸਰੋਤ ਬਣੇ। ਅੱਜ ਪਿੰਗਲਵਾੜੇ 'ਚ ਹਜ਼ਾਰਾਂ ਦੀ ਗਿਣਤੀ ਵਿਚ ਲੋਕ ਲੂਲੇ-ਲੰਗੜੇ, ਪਾਗਲ, ਮੰਦਬੁੱਧੀ, ਅਨਾਥਾਂ ਦੀ ਸੇਵਾ ਹੋ ਰਹ ਹੈ, ਜਿੱਥੇ ਭਗਤ ਜੀ ਦੇ ਉਤਰਾਧਿਕਾਰੀ ਡਾ. ਇੰਦਰਜੀਤ ਕੌਰ ਬਾਖੂਬੀ ਉਹਨਾਂ ਦੇ ਮਿਸ਼ਨ ਨੂੰ ਅੱਗੇ ਵਧਾ ਰਹੇ ਹਨ। ਗੁਰੂ ਗੋਬਿੰਦ ਸਿੰਘ ਜੀ ਦੇ ਸਿੱਖ ਭਾਈ ਘਨ੍ਹਈਆ ਜੀ, ਜਿਹਨਾਂ ਨੇ ਜੰਗ ਦੇ ਮੈਦਾਨ ਵਿਚ ਦੁਸ਼ਮਣ ਨੂੰ ਵੀ ਪਾਣੀ ਪਿਆਇਆ ਅਤੇ ਸਹਾਇਤਾ ਕਰਕੇ ਦੁਨੀਆਂ ਵਿਚ ਰੈਡ ਕਰਾਸ ਦੇ ਜਨਮਦਾਤੇ ਵਜੋਂ ਆਪਣਾ ਨਾਂ ਇਤਿਹਾਸ ਦੇ ਸੁਨਹਿਰੀ ਅੱਖਰਾਂ ਵਿਚ ਅੰਕਿਤ ਕੀਤਾ।

ਅੱਜ ਦੇ ਸੰਦਰਭ ਵਿਚ ਸਾਨੂੰ ਬਾਬੇ ਨਾਨਕ ਨੇ ਖੁਦ ਹੱਥੀਂ ਕੰਮ ਕਰਕੇ ਰੱਬਦਾ ਨਾਮ ਲੈਣ ਦਾ ਉਪਦੇਸ਼ ਦਿੱਤਾ। ਹੱਕ ਸੱਚ ਦੀ ਕਮਾਈ ਵਿਚੋਂ ਦਸਵੰਧ ਗਰੀਬਾਂ ਵਿਚ ਵੰਡਣ ਦਾ ਸੰਦੇਸ਼ ਦਿੱਤਾ। ਕਾਸ਼ ਅਸੀਂ ਮਨੁੱਖਤਾਵਾਦੀ, ਇਨਸਾਨੀਅਤ ਵਾਲੀ ਸੋਚ ਨੂੰ ਪ੍ਰਫੁੱਲਿਤ ਕਰੀਏ ਹੀਨੀਂ ਸਗੋਂ ਹੱਕ, ਸੱਚ ਲਈ ਸਿਰਤੋੜ ਯਤਨ ਕਰੀਏ ਤੇ ਸਮੁੰਦਰ ਵਿਚ ਡੁੱਬ ਰਹੇ ਇਨਸਾਨ ਨੂੰ ਬਚਾਈਏ। ਜ਼ਿੰਦਗੀ 'ਚ ਪੱਛੜ ਗਏ ਲੋਕਾਂ ਦੀ ਮਦਦ ਕਰੀਏ ਅਤੇ ਉਹਨਾਂ ਦੇ ਦੁੱਖਾਂ ਨੂੰ ਦੂਰ ਕਰਨ ਲਈ ਯਤਨ ਕਰੀਏ। ਸਾਨੂੰ ਸਾਡੇ ਇਤਿਹਾਸ, ਗੁਰੂਆਂ ਤੋਂ ਮਿਲੇ ਮਹਾਨ ਫਸਲਫੇ ਨੂੰ ਯਾਦ ਕਰਕੇ ਉਸਨੂੰ ਉਚਾ ਰੱਖਣਾ ਹਰ ਮਾਨਵਵਾਦੀ ਇਨਸਾਨ ਦਾ ਨੈਤਿਕ ਫਰਜ਼ ਹੈ।

ਸਾਨੂੰ ਲੋਕ ਸੇਵਾ ਦੇ ਇਸ ਕਾਫਲੇ ਵਿਚ ਆਪਣੇ ਕਦਮ ਵਧਾਉਣੇ ਚਾਹੀਦੇ ਹਨ। ਇਸ ਲਈ ਸਾਨੂੰ ਆਪਣੇ ਪੁਰਖਿਆਂ ਤੋਂ ਸੇਵਾ ਭਾਵਨਾ ਵਾਲੇ ਸੱਚ ਦੇ ਮਿਸ਼ਨ ਨੂੰ ਨਿਰੰਤਰ ਜਾਰੀ ਰੱਖੀਏ। ਕਿਉਂਕਿ-
ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ।
ਸੱਚੇ ਮਾਰਗ ਚੱਲਦਿਆਂ, ਉਸਤੱਤ ਕਰੇ ਜਹਾਨ।

# ਭਾਈ ਲਹਿਣਾ ਤੋਂ ਗੁਰੂ ਅੰਗਦ ਦੇਵ ਤੱਕ





ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487

ਗੁਰੂ ਅੰਗਦ ਦੇਵ ਇਕ ਦੇਵੀ-ਭਗਤ ਸਨ। ਜਦ ਇਕ ਦਿਨ ਅੰਮ੍ਰਿਤ ਵੇਲੇ ਭਾਈ ਜੋਧ ਸਿੰਘ ਪਾਸੋਂ ਗੁਰੂ ਨਾਨਕ ਜੀ ਦੀ ਅੰਮ੍ਰਿਤ ਬਾਣੀ ਕੰਨੀ ਪਈ ਤਾਂ ਸਤਿਗੁਰੂ ਜੀ ਦੇ ਦਰਸ਼ਨਾਂ ਲਈ ਡਾਢੀ ਖਿੱਚ ਪਈ ਤਾਂ ਕਰਤਾਰਪੁਰ ਅੱਪੜ ਕੇ ਗੁਰੂ ਨਾਨਕ ਦੇਵ ਜੀ ਨੇ ਥਹੁ ਪਤਾ ਪੁੱਛਿਆ ਤਾਂ ਕਿਹਾ ਵਾਹ ਵਾਹ ਪੁਰਖਾ ਤੇਰਾ ਨਾਉਂ ਲਹਿਣਾ ਹੈ ਤਾਂ ਅਸਾਂ ਤੇਰਾ ਦੇਣਾ ਹੈ। ਚੰਗਾ ਹੋਇਆ ਕਿ ਆਪਣਾ ਲਹਿਣਾ ਲੈਣ ਲਈ ਤੂੰ ਆ ਪਹੁੰਚਿਆ ਹੈ। ਸਤਿਗੁਰਾਂ ਦੇ ਬਚਨ ਸੁਣੇ ਕੇ ਲਹਿਣਾ ਜੀ ਦਾ ਮਨ ਅਜਿਹਾ ਸ਼ਾਂਤ ਹੋਇਆ ਕਿ ਕਰਤਾਰਪੁਰ ਹੀ ਟਿਕ ਗਏ। ਹੁਣ ਉਹ ਨਾਮ ਜਪਣ ਅਤੇ ਸੇਵਾ ਤੋਂ ਮੇਵਾ ਪ੍ਰਾਪਤ ਦੇ ਰਾਹ ਪੈ ਗਏ ਸਨ।

ਗੁਰੂ ਅੰਗਦ ਦੇਵ ਜੀ ਦਾ ਜਨਮ 31 ਮਾਰਚ, 1504 ਨੂੰ ਮਤੀ ਦੀ ਸਰਾਂ ਜ਼ਿਲ੍ਹਾ ਫਿਰੋਜ਼ਪੁਰ ਵਿਖੇ ਪਿਤਾ ਫੇਰੂ ਮੱਲ ਅਤੇ ਮਾਤਾ ਦਇਆ ਕੌਰ ਦੇ ਘਰ ਹੋਇਆ। ਉਹਨਾਂ ਦਾ ਵਿਆਹ ਮਾਤਾ ਖੀਵੀ ਨਾਲ ਜਨਵਰੀ 1520 ਵਿਚ ਹੋਇਆ। ਉਹਨਾਂ ਦਾ ਪਰਿਵਾਰ ਖਡੂਰ ਸਾਹਿਬ ਰਹਿਣ ਲੱਗਾ। 1532 ਵਿਚ ਜਦੋਂ ਗੁਰੂ ਨਾਨਕ ਦੇਵ ਜੀ ਨੂੰ ਮਿਲੇ ਤਾਂ ਇੰਨੇ ਪ੍ਰਭਾਵਿਤ ਹੋਏ ਕਿ ਗੁਰੂ ਨਾਨਕ ਦੀ ਸੇਵਾ ਵਿਚ ਜੁਟ ਗਏ। ਭਾਈ ਲਹਿਣਾ ਜੀ ਨੇ ਗੁਰੂ ਨੂੰ ਆਪਾ ਸਮਰਪਣ ਕੀਤਾ ਅਤੇ ਕਰੜੀ ਘਾਲ ਘਾਲੀ। ਉਹ ਆਪਣੀ ਮਿਸਾਲ ਆਪ ਸਨ। ਭਾਵੇਂ ਗੁਰੂ ਨਾਨਕ ਦੇਵ ਨੇ ਪਹਿਲੀ ਮਿਲਣੀ ਵਿਚ ਹੀ ਇਹ ਸੰਕੇਤ ਦਿੱਤਾ ਸੀ ਕਿ ਉਹਨਾਂ ਤੋਂ ਬਾਅਦ ਗੁਰਗੱਦੀ ਦੀ ਜ਼ਿੰਮੇਵਾਰੀ ਭਾਈ ਲਹਿਣਾ ਜੀ ਨੇ ਹੀ ਨਿਭਾਉਣੀ ਹੈ। ਸੰਗਤਾਂ ਉਤੇ ਲਹਿਣਾ ਜੀ ਦੀ ਯੋਗਤਾ ਤੇ ਹੱਕ ਦਾ ਪ੍ਰਭਾਵ ਪਾਉਣ ਲਈ ਸਤਿਗੁਰਾਂ ਨੇ ਪਰਖਣ ਦਾ ਸਮਾਂ ਦਿੱਤਾ। ਲੱਗਭੱਗ 7 ਸਾਲ ਗੁਰੂ ਜੀ ਦੀ ਸੇਵਾ ਵਿਚ ਰਹਿਣ ਉਪਰੰਤ ਉਹਨਾਂ ਨੇ 1539 ਵਿਚ ਗੁਰਗੱਦੀ ਦੀ ਬਖਸ਼ਿਸ਼ ਹੋਈ ਤੇ ਗੁਰੂ ਜੀ ਨੇ ਉਹਨਾਂ ਨੂੰ ਗੁਰੂ ਅੰਗਦ ਦੇਵ ਜੀ ਦਾ ਨਾਂ ਦਿੱਤਾ। ਗੁਰੂ ਨਾਨਕ ਦੇਵ ਜੀ ਦੀ ਆਗਿਆ ਅਨੁਸਾਰ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਖਡੂਰ ਸਾਹਿਬ ਨੂੰ ਆਪਣਾ ਪ੍ਰਚਾਰ ਕੇਂਦਰ ਬਣਾਇਆ। ਇੱਥੇ ਹੀ ਸ਼ੇਰ ਸ਼ਾਹ ਸੂਰੀ ਦਾ ਭਜਾਇਆ ਹਮਾਯੂੰ ਗੁਰੂ ਜੀ ਦੀ ਸ਼ਰਨ ਵਿਚ ਆਇਆ। ਜਦ ਉਹ ਘੋੜੇ ਸਮੇਤ ਗੁਰੂ ਜੀ ਪਾਸ ਪੁੱਜਾ ਤਾਂ ਗੁਰੂ ਜੀ ਨੇ ਉਸ ਵੱਲ ਕੋਈ ਵਿਸ਼ੇਸ਼ ਧਿਆਨ ਨਾ ਦਿੱਤਾ। ਇਸ ’ਤੇ ਕ੍ਰੋਧ ਵਿਚ ਆ ਕੇ ਉਸਨੇ ਗੁਰੂ ਜੀ ਵੱਲ ਤਲਵਾਰ ਸੂਤ ਲਈ। ਗੁਰੂ ਜੀ ਨੇ ਅੱਗੋਂ ਸ਼ਾਂਤ ਚਿੱਤ ਮੁਸਕਰਾ ਕੇ ਕਿਹਾ, ਜਿਹੜੀ ਤਲਵਾਰ ਫਕੀਰ ’ਤੇ ਸੂਤੀ ਹੈ, ਇਹ ਸ਼ੇਰ ਸ਼ਾਹ ਸੂਰ ਦੇ ਹਮਲੇ ਵੇਲੇ ਕਿੱਥੇ ਸੀ। ਹਮਾਯੂੰ ਨੇ ਆਪਣੀ ਭੁੱਲ ਮੰਨ ਕੇ ਖਿਮਾ ਮੰਨੀ। ਗੁਰੂ ਜੀ ਨੇ ਆਸ਼ੀਰਵਾਦ ਦਿੱਤਾ ਤੇ ਧਰਮ ਅਤੇ ਨਿਆਂ ਦੇ ਰਾਹ ਤੇ ਚੱਲਣ ਦਾ ਉਪਦੇਸ਼ ਦਿੱਤਾ।

**ਗੁਰੂ ਕਾਲ (1539-1552)**

ਗੁਰੂ ਜੀ ਦੇ ਕਾਰਜਾਂ ਵਿਚ ਗੁਰਮੁਖੀ ਲਿਪੀ (ਗੁਰੂ ਦੇ ਮੁਖ ਤੋਂ ਨਿਕਲੀ ਭਾਸ਼ਾ) ਦਾ ਵਿਸਥਾਰ ਕੀਤਾ। ਪੰਜਾਬੀ ਲਿੱਪੀ ਨੂੰ ਹੋਰ ਬਣਾ ਸੰਵਾਰ ਕੇ ਆਮ ਲੋਕਾਂ ਦੇ ਸਮਝਣ ਯੋਗ ਬਣਾਇਆ ਤਾਂ ਜੋ ਉਹ ਆਪਣੇ ਧਰਮ ਗ੍ਰੰਥ ਬਿਨਾਂ ਕਿਸੇ ਸ਼ੰਕੇ ਦੇ ਸਮਝ ਸਕਣ ਅਤੇ ਪ੍ਰਚਾਰ ਕਰ ਸਕਣ। ਇਸ ਤੋਂ ਪਹਿਲਾਂ ਪੰਜਾਬੀ ਲੰਡੇ ਜਾਂ ਮਹਾਜਨੀ ਵਿਚ ਲਿਖੀ ਜਾਂਦੀ ਸੀ। ਇਸ ਤੋਂ ਇਲਾਵਾ ਧਰਮ ਗ੍ਰੰਥ ਸੰਸਕ੍ਰਿਤ ਵਿਚ ਸਨ ਤੇ ਬ੍ਰਾਹਮਣਾਂ ਅਤੇ ਅਮੀਰਾਂ ਦੀ ਭਾਸ਼ਾ ਸਮਝੀ ਜਾਂਦੀ ਸੀ। ਸਧਾਰਨ ਮਨੁੱਖ ਸੰਸਕ੍ਰਿਤ ਨਹੀਂ ਪੜ੍ਹ ਸਕਦੇ ਸਨ। ਗੁਰੂ ਜੀ ਨੇ ਪੰਜਾਬੀ ਗੁਰਮੁਖੀ ਲਿਪੀ ਦੇ ਵਿਸਥਾਰ ਲਈ ਸਕੂਲ ਖੋਲ੍ਹੇ ਤਾਂ ਜੋ ਸਧਾਰਨ ਮਨੁੱਖ ਵ ਵਿੱਦਿਆ ਪ੍ਰਾਪਤ ਕਰਕੇ ਧਾਰਮਿਕ, ਰਾਜਨੀਤਕ, ਸਮਾਜਿਕ ਅਤੇ ਅਧਿਆਤਮਕ ਚੇਤਨਾ ਨਾਲ ਆਪਦਾ ਜੀਵਨ ਪੱਧਰ ਉੱਚਾ ਚੁੱਕ ਸਕੇ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਸਮੇਂ ਆਪ ਜੀ ਦੇ 63 ਸਲੋਕ ਅੰਕਿਤ ਹਨ।

ਉਹਨਾਂ ਨੇ ਗੁਰੂ ਕਾ ਲੰਗਰ ਦੀ ਪ੍ਰਥਾ ਨੂੰ ਆਪਣੀ ਨਿਗਰਾਨੀ ਹੇਠ ਚਲਾਇਆ। ਆਪ ਜੀ ਦੇ ਲੰਗਰ ਵਿਚ ਘਿਆਲੀ (ਦੇਸੀ ਘਿਓ ਵਾਲੀ) ਖੀਰ ਵਰਤਦੀ ਸੀ। ਮਾਤਾ ਖੀਵੀ ਜੀ ਆਪ ਹੱਥੀਂ ਲੰਗਰ ਵਰਤਾਇਆ ਕਰਦੇ ਸਨ।

ਗੁਰੂ ਜੀ ਨੇ ਕਸਰਤ ਲਈ ਮੱਲ-ਅਖਾੜਾ ਬਣਾਇਆ, ਜਿੱਥੇ ਸੰਗਤਾਂ ਸਰੀਰਕ ਅਤੇ ਅਧਿਆਤਮਕ ਅਭਿਆਸ ਕਰਦੀਆਂ। ਉਹਨਾਂ ਅਨੁਸਾਰ ਸਿਹਤਮੰਦ ਸਰੀਰ ਵਿਚ ਹੀ ਸਿਹਤਮੰਦ ਮਨ ਵਾਸ ਕਰ ਸਕਦਾ ਹੈ। ਉਹਨਾਂ ਨੇ ਖੇਡਾਂ ਅਤੇ ਕੁਸ਼ਤੀਆਂ ਅਤੇ ਸਰੀਰਕ ਕਸਰਤਾਂ ਦਾ ਪ੍ਰਬੰਧ ਕਰਕੇ ਸੰਗਤਾਂ ਨੂੰ ਸਿਹਤਮੰਦ ਜੀਵਨ ਦਾ ਉਪਦੇਸ਼ ਦਿੱਤਾ।

ਇਸ ਤੋਂ ਇਲਾਵਾ ਜੀਵਨ ਵਿਚ ਨਿਸ਼ਕਾਮ ਸੇਵਾ ਰੱਬ ਦੀ ਰਜ਼ਾ ਵਿਚ ਰਹਿਣਾ, ਦਿਖਾਵੇ ਤੋਂ ਦੂਰ ਰਹਿਣਾ ਤੇ ਨਿੱਤਨੇਮ ਵਾਂਗ ਹਮੇਸ਼ਾ ਲੋੜਵੰਦਾਂ ਬਿਮਾਰਾਂ ਦੀ ਸੇਵਾ ਕਰਦੇ ਰਹਿਣ ਦਾ ਉਪਦੇਸ਼ ਦਿੱਤਾ। ਸਭ ਤੋਂ ਉਪਰ ਇਸਤਰੀਆਂ ਨੂੰ ਧਰਮ ਵਿਚ ਮਾਣ ਦਿੱਤਾ।

ਗੁਰੂ ਜੀ ਨੇ ਉਹਨਾਂ ਸਾਰੇ ਸਥਾਨਾਂ ’ਤੇ ਪ੍ਰਚਾਰ ਕੀਤਾ, ਜਿਥੇ ਜਿੱਥੇ ਗੁਰੂ ਨਾਨਕ ਦੇਵ ਜੀ ਵਿੱਚਰੇ ਸਨ। ਉਹਨਾਂ ਨੇ ਹੋਰ ਸੈਂਕੜੇ ਸਿੱਖ ਮਤ ਦੇ ਪ੍ਰਚਾਰ ਕੇਂਦਰ ਸਥਾਪਤ ਕੀਤੇ। ਗੁਰੂ ਅੰਗਦ ਦੇਵ ਜੀ ਦੇ ਜੀਵਨ ਦਾ ਸਭ ਤੋਂ ਮਹੱਤਵਪੂਰਨ ਪੱਖ ਇਹ ਹੈ ਕਿ ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਗੁਰੂ ਨਾਨਕ ਦੇ ਨਿਪੁਨ ਨੂੰ ਅੱਗੇ ਤੋਰਿਆ। ਇਕ ਨਵਜੰਮੇ ਧਰਮ ਨੂੰ ਜੀਵਨ ਰਾਹ ਤੇ ਪਾਇਆ, ਜਿਸਨੇ ਅੱਜ ਸੰਸਾਰ ਵਿਚ ਆਪਣੀ ਪ੍ਰਭਾਵਸ਼ਾਲੀ ਪਛਾਣ ਬਣਾਈ ਹੈ।

ਉਹਨਾਂ ਨੇ ਜੋਗੀਆਂ ਸੰਨਿਆਸੀਆਂ ਨਾਲ ਵਿਚਾਰ ਗੋਸ਼ਟੀਆਂ ਕਰਕੇ ਸਿੱਖ ਮੱਤ ਦੇ ਨਿਖਾਰ ਨੂੰ ਪੇਸ਼ ਕੀਤਾ। ਅੰਤ ਵਿਚ ਜੋ ਵੀ ਧਾਰਮਿਕ ਅਤੇ ਅਧਿਆਤਮਕ ਗਿਆਨ ਉਹਨਾਂ ਨੇ ਗੁਰੂ ਨਾਨਕ ਦੇਵ ਜੀ ਤੋਂ ਪ੍ਰਾਪਤ ਕੀਤਾ, ਉਹੀ ਤੀਜੇ ਗੁਰੂ ਅਮਰਦਾਸ ਜੀ ਨੂੰ ਸੌਂਪ ਦਿੱਤਾ। ਮਾਰਚ 1552 ਵਿਚ ਜੋਤੀ ਜੋਤਿ ਸਮਾ ਗਏ ਅਤੇ ਗੁਰਗੱਦੀ ਤੇ ਤੀਜੇ ਗੁਰੂ ਅਮਰਦਾਸ ਜੀ ਨੂੰ ਬਿਰਾਜਮਾਨ ਕਰ ਗਏ। ਗੁਰੂ ਅੰਗਦ ਦੇਵ ਜੀ ਵੱਲੋਂ ਆਰੰਭੇ ਗੋਇੰਦਵਾਲ ਨੂੰ ਗੁਰੂ ਅਮਰਦਾਸ ਜੀ ਨੇ ਵਸਾਇਆ।

# ਕਾਲੀ ਸੂਚੀ ਵਿਚੋਂ ਕੁਝ ਸਿੱਖਾਂ ਦੇ ਨਾਂ ਹਟਾਏ ਜਾਣਾ?

**ਜਦਕਿ ਸੱਚਾਈ ਇਹ ਸੀ ਕਿ ਨਾ ਤਾਂ ਭਾਰਤ ਸਰਕਾਰ ਪ੍ਰਵਾਸੀ ਸਿੱਖਾਂ ਦੀ ਕਾਲੀ ਸੂਚੀ ਖਤਮ ਕਰਨ ਜਾਂ ਉਸ ਵਿਚੋਂ ਕੁਝ ਨਾਂ ਹਟਾਏ ਜਾਣ ਪ੍ਰਤੀ ਗੰਭੀਰ/ਈਮਾਨਦਾਰ ਸੀ ਅਤੇ ਨਾ ਹੀ ਪੰਜਾਬ ਸਰਕਾਰ। ਜਦੋਂ ਕਦੀ ਵੀ ਕਾਲੀ ਸੂਚੀ ਨੂੰ ਖੱਤਮ ਕਰਨ ਦੀ ਮੰਗ ਕੀਤੀ ਜਾਂਦੀ, ਕੇਂਦਰੀ ਸਰਕਾਰ ਇਹ ਆਖ, ਗੇਂਦ ਪੰਜਾਬ ਸਰਕਾਰ ਦੇ ਪਾਲੇ ਵਿੱਚ ਖਿਸਕਾ ਦਿੰਦੀ, ਕਿ ਜਿਸ ਰਾਜ ਸਰਕਾਰ ਦੀ ਰਿਪੋਰਟ ’ਤੇ, ਇਹ ਸੂਚੀ ਬਣਾਈ ਗਈ ਹੈ, ਉਸੇ ਵਲੋਂ ਕਲੀਅਰੈਂਸ ਮਿਲਣ ’ਤੇ ਹੀ, ਉਹ ਇਸ ਸੰਬੰਧ ਵਿੱਚ ਕੋਈ ਕਦਮ ਅੱਗੇ ਵਧਾ ਸਕਦੀ ਹੈ।**



ਜਸਵੰਤ ਸਿੰਘ ‘ਅਜੀਤ’
91 9 827-19890

ਪਿਛੋਕੜ: ਇਤਿਹਾਸ ਗੁਆਹ ਹੈ ਕਿ ਜਦੋਂ ਪੰਜਾਬ ਅਤੇ ਪੰਜਾਬੀ ਸਮੁਚੇ ਰੂਪ ਵਿੱਚ ਸੰਤਾਪ ਦੀਆਂ ਅਨ੍ਹੇਰੀਆਂ ਗਲੀਆਂ ਵਿੱਚ ਭਟਕ ਰਹੇ ਸਨ, ਪੰਜਾਬ ਪੁਲਿਸ ਅਤੇ ਕੇਂਦਰੀ ਸੁਰਖਿਆ ਬਲਾਂ ਵਲੋਂ ਸਿੱਖਾਂ, ਵਿਸ਼ੇਸ਼ ਕਰਕੇ ਸਿੱਖ ਨੌਜਵਾਨਾਂ ਨੂੰ ਟੋਲ-ਟੋਲ ਕੇ ਫਰਜ਼ੀ ਮੁਕਾਬਲਿਆਂ ਵਿੱਚ ਮਾਰ ਮੁਕਾਣ ਦੀ ਮੁਹਿੰਮ ਛੇੜੀ ਗਈ ਹੋਈ ਸੀ। ਦਸਿਆ ਜਾਂਦਾ ਹੈ ਕਿ ਇਸ ਮੁਹਿੰਮ ਦੇ ਚਲਦਿਆਂ ਪੰਜਾਬ ਦੇ ਕਈ ਪਿੰਡ ਨੌਜਵਾਨਾਂ ਤੋਂ ਖਾਲੀ ਹੋ ਗਏ, ਜਿਸ ਕਾਰਣ ਇਹ ਮੰਨਿਆ ਜਾਣ ਲਗਾ ਸੀ ਕਿ ਕਈ ਦਹਾਕਿਆਂ ਤਕ ਇਨ੍ਹਾਂ ਪਿੰਡਾਂ ਵਿਚੋਂ ਜੰਝ ਨਹੀਂ ਚੜ੍ਹ ਸਕੇਗੀ। ਉਨ੍ਹਾਂ ਦਿਨਾਂ ਵਿੱਚ ਹੀ ਕਈ ਸਿੱਖ ਜਾਨਾਂ ਬਚਾਣ ਲਈ, ਪੰਜਾਬ (ਦੇਸ) ਤੋਂ ਪਲਾਇਨ ਕਰ, ਵਿਦੇਸ਼ੀਂ ਜਾ ਵਸੇ ਸਨ। ਉਨ੍ਹਾਂ ਵਿਚੋਂ ਕਈਆਂ ਨੇ ਉਨ੍ਹਾਂ ਦੇਸ਼ਾਂ ਵਿੱਚ ਰਾਜਸੀ ਸ਼ਰਨ ਲੈ ਲਈ। ਇਧਰ ਭਾਰਤ ਸਰਕਾਰ ਨੇ ਇੱਕ ਕਾਲੀ ਸੂਚੀ ਬਣਾ, ਕੇਂਦਰੀ ਖੁਫੀਆ ਵਿਭਾਗ ਤੇ ਪੰਜਾਬ ਦੀ ਸਰਕਾਰ ਦੀ ਸਿਫਾਰਿਸ਼ ’ਤੇ ਉਸ (ਕਾਲੀ ਸੂਚੀ) ਵਿੱਚ ਉਨ੍ਹਾਂ ਸਿੱਖਾਂ, ਜੋ ਜਾਨਾਂ ਬਚਾਣ ਲਈ ਪਲਾਇਨ ਕਰ ਵਿਦੇਸ਼ੀਂ ਜਾ ਵਸੇ ਸਨ, ਦੇ ਨਾਂ ਸ਼ਾਮਲ ਕਰ ਉਨ੍ਹਾਂ ਦੀ ਦੇਸ਼ ਵਾਪਸੀ ਪੁਰ ਰੋਕ ਲਾ ਦਿੱਤੀ।

ਖਬਰਾਂ ਅਨੁਸਾਰ ਬੀਤੇ ਦਿਨੀਂ ਕੇਂਦਰੀ ਗ੍ਰਹਿ ਵਿਭਾਗ ਵਲੋਂ ਜਦੋਂ ਪ੍ਰਵਾਸੀ ਸਿੱਖਾਂ ਦੀ ਉਸ ਕਾਲੀ ਸੂਚੀ ਵਿਚੋਂ 225 ਨਾਂ ਹਟਾ ਦਿੱਤੇ ਜਾਣ ਅਤੇ ਉਸ ਸੂਚੀ ਵਿੱਚ 73 ਸਿੱਖਾਂ ਦੇ ਨਾਂ ਬਾਕੀ ਰਹਿ ਜਾਣ ਦੀ ਜਾਣਕਾਰੀ ਦਿੱਤੀ ਗਈ, ਤਾਂ ਉਸਦਾ ਸੁਆਗਤ ਕਰਦਿਆਂ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਮਨਜੀਤ ਸਿੰਘ ਜੀ ਕੇ ਨੇ ਕਾਲੀ ਸੂਚੀ ਵਿਚੋਂ ਹਟਾਏ ਸਾਰੇ (225) ਨਾਵਾਂ ਨੂੰ ਸਾਰਵਜਨਿਕ ਕੀਤੇ ਜਾਣ ਦੀ ਮੰਗ ਕਰਨ ਦੇ ਨਾਲ ਹੀ ਇਹ ਸੁਆਲ ਵੀ ਉਠਾਇਆ ਕਿ ਫਰਵਰੀ, ਸੰਨ-2011 ਵਿੱਚ ਅਦਾਲਤ ਦੇ ਇੱਕ ਆਦੇਸ਼ ਦੇ ਜਵਾਬ ਵਿੱਚ ਕੇਂਦਰੀ ਗ੍ਰਹਿ ਵਿਭਾਗ ਵਲੋਂ ਅਦਾਲਤ ਨੂੰ ਪ੍ਰਵਾਸੀ ਸਿੱਖਾਂ ਦੀ ਕਾਲੀ ਸੂਚੀ ਵਿੱਚ 169 ਨਾਂ ਹੋਣ ਅਤੇ ਉਨ੍ਹਾਂ ਵਿਚੋਂ 25 ਨਾਂ ਪਹਿਲਾਂ ਅਤੇ 117 ਨਾਂ ਬਾਅਦ ਵਿੱਚ ਹਟਾ ਦਿੱਤੇ ਜਾਣ ਦੀ ਜਾਣਕਾਰੀ ਦਿੰਦਿਆਂ ਦਸਿਆ ਗਿਆ ਸੀ ਕਿ ਹੁਣ ਇਸ ਸੂਚੀ ਵਿੱਚ ਕੇਵਲ 27 ਨਾਂ ਹੀ ਬਾਕੀ ਰਹਿ ਗਏ ਹਨ। ਉਨ੍ਹਾਂ ਪੁਛਿਆ ਕਿ ਉਸਤੋਂ ਬਾਅਦ ਹੋਰ ‘69’ ਨਾਂ ਇਸ ਸੂਚੀ ਵਿੱਚ ਕਿਵੇਂ ਅਤੇ ਕਦੋਂ ਦਰਜ ਹੋ ਗਏ? ਇਸ ਗਲ ਦਾ ਖੁਲਾਸਾ ਸਰਕਾਰੀ ਤੰਤਰ ਨੂੰ ਤੁਰੰਤ ਕਰਨਾ ਚਾਹੀਦਾ ਹੈ!

ਅਤੀਤ ਦੀ ਗਲ: ਫਰਵਰੀ-2011 ਵਿੱਚ ਕੇਂਦਰੀ ਗ੍ਰਹਿ ਵਿਭਾਗ ਵਲੋਂ ਪ੍ਰਵਾਸੀ ਸਿੱਖਾਂ ਦੀ ਕਾਲੀ ਸੂਚੀ ਵਿਚੋਂ 117 ਨਾਂ ਹਟਾ ਦਿੱਤੇ ਜਾਣ ਦੀ ਜਾਣਕਾਰੀ ਦਿੰਦਿਆਂ, ਉਨ੍ਹਾਂ ਦੇ ਨਾਂ ਸਾਰਵਜਨਿਕ ਕਰ ਦਿੱਤੇ ਗਏ ਸਨ। ਇਸਦੇ ਨਾਲ ਹੀ ਉਹ 25 ਨਾਂ ਵੀ ਸਾਰਵਜਨਕ ਕੀਤੇ ਗਏ, ਜਿਨ੍ਹਾਂ ਬਾਰੇ ਦੱਸਿਆ ਗਿਆ ਕਿ ਇਹ ਨਾਂ ਕੁਝ ਸਮਾਂ ਪਹਿਲਾਂ ਕਾਲੀ ਸੂਚੀ ਵਿਚੋਂ ਹਟਾ ਦਿੱਤੇ ਗਏ ਸਨ। ਕੇਂਦਰੀ ਗ੍ਰਹਿ ਵਿਭਗ ਵਲੌਂ ਦਿੱਤੀ ਗਈ ਇਸ ਜਾਣਕਾਰੀ ਵਿੱਚ ਇਹ ਵੀ ਦਸਿਆ ਗਿਆ ਸੀ ਕਿ ਪ੍ਰਵਾਸੀ ਸਿੱਖਾਂ ਦੀ ਕਾਲੀ ਸੂਚੀ ਵਿੱਚ ਕੁਲ 169 ਸਿੱਖਾਂ ਦੇ ਨਾਂ ਦਰਜ ਸਨ, ਜਿਨ੍ਹਾਂ ਵਿਚੋਂ 142 ਨਾਂ ਹਟਾ ਦਿੱਤੇ ਜਾਣ ਤੋਂ ਬਾਅਦ ਹੁਣ ਕੇਵਲ 27 ਨਾਂ ਹੀ ਬਾਕੀ ਰਹਿ ਗਏ ਹਨ।

ਕੇਂਦਰੀ ਗ੍ਰਹਿ ਵਿਭਾਗ ਵਲੋਂ ਇਹ ਜਾਣਕਾਰੀ ਦਿੱਤੇ ਜਾਣ ਦੇ ਨਾਲ ਹੀ ਵੱਖ-ਵੱਖ ਧਿਰਾਂ ਵਲੋਂ ਇਸ ‘ਸਫਲਤਾ’ ਦਾ ਸੇਹਰਾ ਆਪੋ-ਆਪਣੇ ਸਿਰ ਬੰਨ੍ਹਣ ਦੀ ਹੋੜ ਲਗ ਗਈ। ਇੱਕ ਪਾਸੇ ਪੰਜਾਬ ਸਰਕਾਰ ਅਤੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਮੁੱਖੀ ਇਹ ਦਾਅਵਾ ਕਰਨ ਲਗੇ ਕਿ ਸ. ਪ੍ਰਕਾਸ਼ ਸਿੰਘ ਬਾਦਲ ਅਤੇ ਉਨ੍ਹਾਂ ਦੀ ਸਰਕਾਰ ਵਲੋਂ ਕੀਤੀ ਗਈ ਪਹੁੰਚ ਦੇ ਅਧਾਰ ’ਤੇ ਹੀ ਕੇਂਦਰੀ ਸਰਕਾਰ ਨੇ ਪ੍ਰਵਾਸੀ ਸਿੱਖਾਂ ਦੀ ਕਾਲੀ ਸੂਚੀ ਵਿਚੋਂ ਇਹ ਨਾਂ ਹਟਾਏ ਹਨ। ਦੂਜੇ ਪਾਸੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ, ਦਿੱਲੀ ਦੇ ਪ੍ਰਧਾਨ ਸ. ਪਰਮਜੀਤ ਸਿੰਘ ਸਰਨਾ ਅਤੇ ਉਨ੍ਹਾਂ ਦੇ ਸਾਥੀਆਂ ਨੇ ਦਾਅਵਾ ਕੀਤਾ ਦਿੱਲੀ ਗੁਰਦੁਆਰਾ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਦਿੱਲੀ ਦੇ ਮੁੱਖੀਆਂ ਵਲੋਂ ਬੀਤੇ ਦਸ ਵਰ੍ਹਿਆਂ ਤੋਂ ਕੀਤੇ ਜਾ ਰਹੇ ਜਤਨਾਂ ਦਾ ਨਤੀਜਾ ਹੀ ਹੁਣ ਜਾ ਕੇ ਸਾਹਮਣੇ ਆਇਆ ਹੈ।

ਸੱਚਾਈ: ਜਦਕਿ ਸੱਚਾਈ ਇਹ ਸੀ ਕਿ ਨਾ ਤਾਂ ਭਾਰਤ ਸਰਕਾਰ ਪ੍ਰਵਾਸੀ ਸਿੱਖਾਂ ਦੀ ਕਾਲੀ ਸੂਚੀ ਖਤਮ ਕਰਨ ਜਾਂ ਉਸ ਵਿਚੋਂ ਕੁਝ ਨਾਂ ਹਟਾਏ ਜਾਣ ਪ੍ਰਤੀ ਗੰਭੀਰ/ਈਮਾਨਦਾਰ ਸੀ ਅਤੇ ਨਾ ਹੀ ਪੰਜਾਬ ਸਰਕਾਰ। ਜਦੋਂ ਕਦੀ ਵੀ ਕਾਲੀ ਸੂਚੀ ਨੂੰ ਖੱਤਮ ਕਰਨ ਦੀ ਮੰਗ ਕੀਤੀ ਜਾਂਦੀ, ਕੇਂਦਰੀ ਸਰਕਾਰ ਇਹ ਆਖ, ਗੇਂਦ ਪੰਜਾਬ ਸਰਕਾਰ ਦੇ ਪਾਲੇ ਵਿੱਚ ਖਿਸਕਾ ਦਿੰਦੀ, ਕਿ ਜਿਸ ਰਾਜ ਸਰਕਾਰ ਦੀ ਰਿਪੋਰਟ ’ਤੇ, ਇਹ ਸੂਚੀ ਬਣਾਈ ਗਈ ਹੈ, ਉਸੇ ਵਲੋਂ ਕਲੀਅਰੈਂਸ ਮਿਲਣ ’ਤੇ ਹੀ, ਉਹ ਇਸ ਸੰਬੰਧ ਵਿੱਚ ਕੋਈ ਕਦਮ ਅਗੇ ਵਧਾ ਸਕਦੀ ਹੈ। ਉਧਰ ਪੰਜਾਬ ਸਰਕਾਰ, ਦੋ-ਚਾਰ ਨਾਂਵਾਂ ਨੂੰ ਕਲੀਅਰ ਕਰ, ਬਾਕੀਆਂ ਦੇ ਪਤੇ ਨਾ ਲਭੇ ਜਾ ਸਕਣ ਦੀ ਗਲ ਕਹਿ ਗੇਂਦ ਵਾਪਸ ਕੇਂਦਰੀ ਸਰਕਾਰ ਦੇ ਪਾਲੇ ਵਿੱਚ ਖਿਸਕਾ, ਆਪਣਾ ਪੱਲਾ ਝਾੜ ਲੈਂਦੀ। ਇਸੇ ਦੌਰਾਨ ਜਦੋਂ ਇਸ ਮੁੱਦੇ ਨੂੰ ਲੈ, ਸ. ਪਰਮਜੀਤ ਸਿੰਘ ਸਰਨਾ ਦੇ ਪ੍ਰਧਾਨਗੀ-ਕਾਲ ਦੌਰਾਨ ਦਿੱਲੀ ਗੁਰਦੁਆਰਾ ਕਮੇਟੀ ਨੇ ਦਿੱਲੀ ਹਾਈਕੋਰਟ ਦਾ ਦਰਵਾਜ਼ਾ ਖਟਖਟਾਇਆ, ਤਾਂ ਉਸਨੂੰ ਦਸਿਆ ਗਿਆ ਕਿ ਅਦਾਲਤ ਵਲੋਂ ਇਸ ਮਾਮਲੇ ਪੁਰ ਤਾਂ ਹੀ ਵਿਚਾਰ ਕੀਤਾ ਜਾ ਸਕਦਾ ਹੈ, ਜੇ ਇਸ ਸੂਚੀ ਕਾਰਣ ਪ੍ਰਭਾਵਤ ਹੋਣ ਵਾਲੇ ਵਿਅਕਤੀਆਂ ਵਲੋਂ ਇਸਨੂੰ ਚੁਨੌਤੀ ਦਿੱਤੀ ਜਾਏ। ਅਦਾਲਤ ਦੇ ਇਸ ਆਦੇਸ਼ ਦੇ ਅਧਾਰ ’ਤੇ ਕਾਲੀ ਸੂਚੀ ਤੋਂ ਪ੍ਰਭਾਵਤ ਕੁਝ ਸਿੱਖਾਂ ਦੇ ਨਾਂ ’ਤੇ ਕੇਸ ਤਿਆਰ ਕਰ, ਅਦਾਲਤ ਵਿੱਚ ਪੇਸ਼ ਕੀਤਾ ਗਿਆ। ਐਡਵੋਕੇਟ ਕੇ ਟੀ ਐਸ ਤੁਲਸੀ ਨੇ ਇਸ ਕੇਸ ਦੀ ਪੈਰਵੀ ਕਰਦਿਆਂ ਅਦਾਲਤ ਨੂੰ ਦਸਿਆ ਕਿ ਇੱਕ ਤਾਂ ਭਾਰਤੀ ਕਾਨੂੰਨ ਅਨੁਸਾਰ ਤਿੰਨ, ਪੰਜ ਅਤੇ ਪੰਦ੍ਰਾਂਹ ਵਰ੍ਹਿਆਂ ਲਈ ਹੀ, ਕਿਸੇ ਵਿਅਕਤੀ ਦਾ ਨਾਂ ਕਾਲੀ ਸੂਚੀ ਵਿੱਚ ਦਰਜ ਕਰ, ਉਸਦੀ ਦੇਸ਼ ਵਾਪਸੀ ’ਤੇ ਰੋਕ ਲਾਈ ਜਾ ਸਕਦੀ ਹੈ, ਜਦਕਿ ਕਾਲੀ ਸੂਚੀ ਵਿੱਚ ਜਿਨ੍ਹਾਂ ਪ੍ਰਵਾਸੀ ਸਿੱਖਾਂ ਦੇ ਨਾਂ ਦਰਜ ਕੀਤੇ ਗਏ ਹੋਏ ਹਨ ਉਨ੍ਹਾਂ ਨੂੰ (ਉਸ ਸਮੇਂ - ਸੰਨ੍ਹ-2011 - ਜਦੋਂ ਕੇਸ ਦੀ ਸੁਣਵਾਈ ਹੋ ਰਹੀ ਸੀ, ਤਕ) 18 ਤੋਂ 26 ਵਰ੍ਹੇ ਤਕ ਬੀਤ ਚੁਕੇ ਹਨ। ਇਤਨਾ ਸਮਾਂ ਬੀਤ ਜਾਣ ’ਤੇ ਵੀ ਉਨ੍ਹਾਂ ਦੇ ਨਾਂ ਕਾਲੀ ਸੂਚੀ ਵਿਚੋਂ ਨਾ ਹਟਾਏ ਜਾਣਾ, ਸੰਬੰਧਤ ਕਾਨੂੰਨ ਦੀ ਉਲੰਘਣਾ ਹੈ। ਉਨ੍ਹਾਂ ਅਦਾਲਤ ਨੂੰ ਇਹ ਵੀ ਦਸਿਆ ਕਿ ‘ਯੂਨੀਵਰਸਲ ਡਿਕਲੇਰੇਸ਼ਨ ਆਫ ਹੋਮ ਅਫੇਅਰਸ-1948’ ਅਨੁਸਾਰ, ਭਾਵੇਂ ਇਸ ਸਮੇਂ ਵਿੱਚ, ਕਈ ਸਿੱਖਾਂ ਨੇ ਵਿਦੇਸ਼ੀ ਨਾਗਰਿਕਤਾ ਲੈ ਲਈ ਹੋਈ ਹੈ, ਫਿਰ ਵੀ ਉਹ ਮੂਲ ਰੂਪ ਵਿੱਚ ਭਾਰਤੀ ਹੀ ਹਨ, ਇਸ ਕਾਰਣ ਉਨ੍ਹਾਂ ਨੂੰ ਆਪਣੇ ਮੂਲ ਦੇਸ਼ ਵਿੱਚ ਆਉਣ ਅਤੇ ਇਥੇ ਖੁਲ੍ਹੇ-ਆਮ ਫਿਰਨ ਦੇ ਅਧਿਕਾਰ ਤੋਂ ਵਾਂਝਿਆਂ ਨਹੀਂ ਕੀਤਾ ਜਾ ਸਕਦਾ। ਅਦਾਲਤ ਨੇ ਉਨ੍ਹਾਂ ਦੀਆਂ ਦਲੀਲਾਂ ਤੋਂ ਸੰਤੁਸ਼ਟ ਹੋ, ਕੇਂਦਰੀ ਸਰਕਾਰ ਦੇ ਗ੍ਰਹਿ ਸਕੱਤਰ ਨੂੰ ਆਦੇਸ਼ ਦਿੱਤਾ ਕਿ ਉਹ ਕਾਲੀ ਸੂਚੀ ਨਾਲ ਸੰਬੰਧਤ, ਲੰਮੇਂ ਸਮੇਂ ਤੋਂ ਲਟਕਦੇ ਚਲੇ ਆ ਰਹੇ ਮਾਮਲਿਆਂ ਨੂੰ ਸਕਾਰਾਤਮਕ ਰੂਪ ਵਿੱਚ ਨਿਪਟਾਏ। ਵਿਦਵਾਨ ਜੱਜਾਂ ਨੇ ਆਪਣੇ ਇਸ ਆਦੇਸ਼ ਦੇ ਨਾਲ ਹੀ ਇਹ ਵੀ ਕਿਹਾ ਕਿ ਜੇ ਇਸ ਆਦੇਸ਼ ’ਤੇ ਨਿਸ਼ਚਤ ਸਮੇਂ ਵਿੱਚ ਕੋਈ ਕਾਰਵਾਈ ਨਹੀਂ ਹੁੰਦੀ, ਤਾਂ ਅਪੀਲ-ਕਰਤਾ ਫਿਰ ਉਨ੍ਹਾਂ ਪਾਸ ਆ ਸਕਦੇ ਹਨ। ਅਦਾਲਤ ਦੇ ਇਸ ਆਦੇਸ਼ ਦੇ ਬਾਅਦ ਹੀ ਬੇ-ਮਨੇ ਮਨ ਨਾਲ ਕੇਂਦਰੀ ਗ੍ਰਹਿ ਵਿਭਾਗ ਹਰਕਤ ਵਿੱਚ ਆਇਆ ’ਤੇ ਉਸਨੇ ਕਾਲੀ ਸੂਚੀ ਵਿੱਚ ਦਰਜ ਨਾਵਾਂ ਦੇ ਸੰਬੰਧ ਵਿੱਚ ਕੇਂਦਰੀ ਖੁਫੀਆ ਵਿਭਾਗ ਤੋਂ ਰਿਪੋਰਟ ਲੈ ਤੇ ਪੰਜਾਬ ਸਰਕਾਰ ਨੂੰ ਸਹਿਮਤ ਕਰ, ਕਾਲੀ ਸੂਚੀ ਵਿਚੋਂ 117 ਨਾਂ ਹਟਾਉਣ ਦੀ ਜਾਣਕਾਰੀ ਅਦਾਲਤ ਨੂੰ ਦੇ ਦਿੱਤੀ। ਜਦਕਿ 25 ਨਾਂ ਪਹਿਲਾਂ ਹਟਾਏ ਜਾ ਚੁਕੇ ਸਨ।

ਇਥੇ ਇਹ ਗਲ ਵਰਨਣਯੋਗ ਹੈ ਕਿ ਸਰਕਾਰ ਵਲੋਂ ਪ੍ਰਵਾਸੀ ਸਿੱਖਾਂ ਦੀ ਕਾਲੀ ਸੂਚੀ ਵਿਚੋਂ 142 ਨਾਂ ਹਟਾ ਦਿਤੇ ਜਾਣ ਦੀ ਗਲ ਸਾਰਵਜਨਿਕ ਕਰ ਦਿੱਤੇ ਜਾਣ ਦੇ ਬਾਅਦ ਵੀ ਸਮੇਂ-ਸਮੇਂ ਅਜਿਹੀਆਂ ਕਈ ਸ਼ਿਕਾਇਤਾਂ ਮਿਲਦੀਆਂ ਰਹੀਆਂ ਕਿ ਜਿਨ੍ਹਾਂ ਸਿੱਖਾਂ ਦੇ ਨਾਂ ਕਾਲੀ ਸੂਚੀ ਵਿਚੋਂ ਹਟਾ ਦਿਤੇ ਜਾਣ ਨੂੰ ਸਾਰਵਜਨਿਕ ਕੀਤਾ ਗਿਆ, ਉਨ੍ਹਾਂ ਵਿਚੋਂ ਵੀ ਕਈਆਂ ਨੂੰ ਭਾਰਤੀ ਦੂਤਾਵਾਸ ਇਹ ਕਹਿ ਕੇ ਵੀਜ਼ਾ ਦੇਣ ਤੋਂ ਇਨਕਾਰ ਕਰ ਰਹੇ ਹਨ, ਕਿ ਭਾਰਤ ਸਰਕਾਰ ਨੇ ਅਜੇ ਤਕ ਉਨ੍ਹਾਂ ਦੀ ਭਾਰਤ ਵਾਪਸੀ ਤੇ ਲਗੀ ਰੋਕ ਹਟਾਈ ਨਹੀਂ। ਇਸੇ ਅਧਾਰ ’ਤੇ ਸਵਾਲ ਉਠਾਇਆ ਜਾ ਰਿਹਾ ਹੈ ਕਿ ਕੇਂਦਰੀ ਸਰਕਾਰ ਵਲੋਂ ਹੁਣ ਜੋ ਨਾਂ ਕਾਲੀ ਸੂਚੀ ਵਿਚੋਂ ਹਟਾ ਦਿੱਤੇ ਜਾਣ ਦਾ ਐਲਾਨ ਕੀਤਾ ਗਿਆ ਹੈ, ਇੱਕ ਕਾਲੀ ਸੂਚੀ ਵਿਚੋਂ ਹਟਾਏ ਗਏ ਨਾਂ, ਇਹ ਕਾਲਮ ਲਿਖੇ ਜਾਣ ਤਖ ਸਾਰਵਜਨਿਕ ਨਾ ਕੀਤੇ ਜਾਣ ਕਾਰਣ ਇਹ ਕਿਵੇਂ ਪਤਾ ਲਗੇਗਾ ਕਿ ਕਿਹੜੇ ਨਾਂ ਸੂਚੀ ਵਿਚੋਂ ਹਟਾਏ ਗਏ ਹਨ ਅਤੇ ਦੂਸਰਾ ਕਿਧਰੇ ਉਨ੍ਹਾਂ ਨਾਲ ਵੀ ਤਾਂ ਪਹਿਲਾਂ ਵਰਗਾ ਹੀ ਵਿਹਾਰ ਨਹੀਂ ਹੋਵੇਗਾ?

ਅਤੇ ਅੰਤ ਵਿੱਚ : ਇਕ ਦਿਨ ਅਚਾਨਕ ਗ਼ੈਰ-ਰਾਜਨੀਤਕ ਸਿੱਖਾਂ ਦੀ ਇਕ ਅਜਿਹੀ ਬੈਠਕ ਵਿਚ ਸ਼ਾਮਲ ਹੋਣ ਦਾ ਮੌਕਾ ਮਿਲਿਆ, ਜਿਸ ਵਿਚ 'ਸਿੱਖੀ ਵਿਚ ਆ ਰਹੇ ਨਿਘਾਰ ਅਤੇ ਸਿੱਖਾਂ ਵਿਚ ਆ ਰਹੀ ਢਹਿੰਦੀ ਕਲਾ’ ਵਿਸ਼ੇ ਪੁਰ ਖੁਲ੍ਹ ਕੇ ਵਿਚਾਰ-ਚਰਚਾ ਕੀਤੀ ਜਾ ਰਹੀ ਸੀ। ਬੈਠਕ ਵਿਚ ਜੋ ਵਿਚਾਰ ਪ੍ਰਗਟ ਕੀਤੇ ਜਾ ਰਹੇ ਸਨ, ਉਹ ਸੁਣ, ਹੈਰਾਨੀ ਹੋ ਰਹੀ ਸੀ ਕਿ ਇਤਨੇ ਡੂੰਘੇ ਅਤੇ ਪ੍ਰਭਾਵਸ਼ਾਲੀ ਵਿਚਾਰ, ਉਨ੍ਹਾਂ ਸਜਣਾਂ ਵਲੋਂ ਪ੍ਰਗਟ ਕੀਤੇ ਜਾ ਰਹੇ ਸਨ, ਜਿਨ੍ਹਾਂ ਦਾ ਨਾਂ ਨਾ ਤਾਂ ਕਦੀ ਕਿਸੇ ਚਰਚਾ ਵਿਚ ਸੁਣਿਆ ਗਿਆ ਸੀ ਅਤੇ ਨਾ ਹੀ ਮੀਡੀਆ ਵਿਚ ਵੇਖਣ ਜਾਂ ਪੜ੍ਹਨ ਨੂੰ ਮਿਲਿਆ ਸੀ।

ਇਕ ਸੱਜਣ ਕਹਿ ਰਹੇ ਸਨ ਕਿ ਅੱਜ ਸਿੱਖੀ ਵਿਚ ਜਿਸ ਨਿਘਾਰ ਤੇ ਸਿੱਖਾਂ ਵਿੱਚ ਢਹਿੰਦੀ ਕਲਾ ਦੀ ਜੋ ਦਸ਼ਾ ਵੇਖਣ ਨੂੰ ਮਿਲ ਰਹੀ ਹੈ, ਉਹ ਕੁਝ ਦਿਨਾਂ, ਹਫ਼ਤਿਆਂ, ਮਹੀਨਿਆਂ ਜਾਂ ਵਰ੍ਹਿਆਂ ਵਿਚ ਨਹੀਂ ਆਈ, ਸਗੋਂ ਇਹ ਬਹੁਤ ਹੀ ਲੰਮਾਂ ਪੈਂਡਾ ਤਹਿ ਕਰ, ਆਈ ਹੈ। ਉਨ੍ਹਾਂ ਕਿਹਾ ਕਿ ਜਦੋਂ ਤਕ ਸ਼ਕਤੀ ਨੂੰ ਭਗਤੀ, ਅਰਥਾਤ ਧਰਮ, ਦੇ ਅਧੀਨ ਰਖ ਕੇ ਵਰਤਿਆ ਜਾਂਦਾ ਰਿਹਾ, ਓਦੋਂ ਤਕ ਸਭ ਕੁਝ ਠੀਕ-ਠਾਕ ਚਲਦਾ ਰਿਹਾ। ਪ੍ਰੰਤੂ ਜਦੋਂ ਭਗਤੀ (ਧਰਮ) ਨੂੰ ਸ਼ਕਤੀ, ਜਿਸ ਨੂੰ ਅਜਕਲ ਰਾਜਨੀਤੀ ਕਿਹਾ ਜਾਣ ਲਗਾ ਹੈ, ਦੇ ਅਧੀਨ ਕਰਕੇ, ਉਸਦੀ ਵਰਤੋਂ ਸੱਤਾ ਹਾਸਲ ਕਰਨ ਲਈ ਕੀਤੀ ਜਾਣ ਲਗੀ, ਓਦੋਂ ਤੋਂ ਹੀ ਸਥਿਤੀ ਬਦ ਤੋਂ ਬਦਤਰ ਹੋਣੀ ਸ਼ੁਰੂ ਹੋ ਗਈ।

ਉਨ੍ਹਾਂ ਦੱਸਿਆ ਕਿ ਪ੍ਰਿੰਸੀਪਲ ਸਤਿਬੀਰ ਸਿੰਘ ਨੇ ਸ੍ਰੀ ਅਕਾਲ ਤਖ਼ਤ ਦੀ ਸਥਾਪਨਾ ਅਤੇ ਸ੍ਰੀ ਹਰਿਮੰਦਿਰ ਸਾਹਿਬ ਨਾਲ ਉਸਦੇ ਸਬੰਧਾਂ ਦਾ ਜ਼ਿਕਰ ਕਰਦਿਆਂ ਲਿਖਿਆ ਹੈ ਕਿ ਸ੍ਰੀ ਹਰਿਮੰਦਿਰ ਸਾਹਿਬ ਦੇ ਸਾਹਮਣੇ ਸ੍ਰੀ ਅਕਾਲ ਤਖ਼ਤ ਇਸ ਕਰਕੇ ਬਣਾਇਆ ਗਿਆ ਕਿ ਸ੍ਰੀ ਹਰਿਮੰਦਿਰ ਸਾਹਿਬ ਵਿੱਚ ਬੈਠਾ ਸਿੱਖ ਆਪਣੇ ਇਨਸਾਨੀ ਫ਼ਰਜ਼ਾਂ ਨੂੰ ਭੁਲਾ ਨਾ ਦੇਵੇ। ਸ਼ਕਤੀ (ਰਾਜਨੀਤੀ), ਭਗਤੀ (ਧਰਮ) ਦੀ ਨਿਗ਼ਾਹਬਾਨ ਹੈ ਅਤੇ ਦੂਜੇ ਪਾਸੇ ਤਖ਼ਤ (ਸ੍ਰੀ ਅਕਾਲ ਤਖ਼ਤ) ਉਤੇ ਬੈਠਾ ਸਿੱਖ, ਸ਼ਕਤੀ (ਸੱਤਾ) ਹਾਸਲ ਕਰਕੇ ਉਸਦੇ ਨਸ਼ੇ ਵਿੱਚ ਭਗਤੀ (ਧਰਮ) ਨੂੰ ਨਾ ਭੁਲ ਜਾਏ। ਸ੍ਰੀ ਅਕਾਲ ਤਖ਼ਤ ਨੂੰ ਸ੍ਰੀ ਹਰਿਮੰਦਿਰ ਸਾਹਿਬ ਤੋਂ ਹਟਵਾਂ ਇਸ ਕਰਕੇ ਬਣਾਇਆ ਗਿਆ ਕਿ ਭਗਤੀ (ਧਰਮ) ਦਾ ਸਤਿਕਾਰ ਪਹਿਲਾਂ ਹੈ।

ਇਤਨਾ ਕੁਝ ਦਸ, ਉਨ੍ਹਾਂ ਪੁਛਿਆ ਕਿ ਅੱਜ ਹੋ ਕੀ ਰਿਹਾ ਹੈ? ਉਨ੍ਹਾਂ ਆਪ ਹੀ ਆਪਣੇ ਸੁਆਲ ਦਾ ਜਵਾਬ ਦਿੰਦਿਆਂ ਕਿਹਾ ਕਿ ਭਗਤੀ (ਧਰਮ) ਨੂੰ ਰਾਜਸੀ ਸੱਤਾ ਪ੍ਰਾਪਤ ਕਰਨ ਲਈ ਪੌੜੀ ਵਜੋਂ ਵਰਤਿਆ ਜਾਣ ਲਗਾ ਹੈ। ਭਗਤੀ (ਧਰਮ) ਦੀ ਗਲ ਕੇਵਲ ਸੱਤਾ ਹਾਸਲ ਕਰਨ ਲਈ ਹੀ ਕੀਤੀ ਜਾਂਦੀ ਹੈ। ਜਦੋਂ ਸੱਤਾ ਜਾਂ ਸ਼ਕਤੀ ਪ੍ਰਾਪਤ ਹੋ ਜਾਂਦੀ ਹੈ ਤਾਂ ਭਗਤੀ (ਧਰਮ) ਨੂੰ ਭੁਲਾ ਦਿਤਾ ਜਾਂਦਾ ਹੈ। ਅਖੀਰ ਵਿੱਚ ਉਨ੍ਹਾਂ ਕਿਹਾ ਕਿ ਸਿੱਖੀ ਵਿੱਚ ਆ ਰਹੇ ਨਿਘਾਰ ਅਤੇ ਸਿੱਖਾਂ ਵਿੱਚ ਆ ਰਹੀ ਢਹਿੰਦੀਕਲਾ ਦਾ ਮੁੱਖ ਕਾਰਣ ਇਹੀ ਹੈ ਕਿ ਅਸਾਂ ਰਾਜਨੈਤਿਕ ਸਵਾਰਥ ਦਾ ਸ਼ਿਕਾਰ ਹੋ, ਸਿੱਖੀ ਦੀਆਂ ਧਰਮ ਅਤੇ ਸ਼ਕਤੀ ਦੀਆਂ ਮੂਲ ਪ੍ਰੀਭਾਸ਼ਾਵਾਂ ਨੂੰ ਬਦਲ ਕੇ ਆਪਣੇ ਸੁਆਰਥੀ ਹਿਤਾਂ ਅਨੁਸਾਰ ਢਾਲ ਲਿਆ ਹੈ।

E-mail : jaswantsinghajit@gmail.com
Address : Jaswant Singh ‘Ajit’, Flat No. 51, Sheetal Apartment, Plot No. 12, Sector – 14, Rohini, DELHI-110085

# ਕਹਾਣੀ

# ਇੱਕ ਸਵਾਲ

ਜਤਿੰਦਰ ਰੰਧਾਵਾ
(647 982 2390)



ਨਾਈਟ ਸ਼ਿਫ਼ਟ ਮੁਕਾ ਕੇ ਬਾਰਾਂ ਕੁ ਵਜੇ ਘਰ ਪਹੁੰਚੀ ਸਾਂ। ਪਤੀ ਤੇ ਬੱਚੇ ਖਾਅ ਪੀਅ ਕੇ ਸੌਂ ਚੁਕੇ ਸਨ। ਹਫ਼ਤੇ ਦੇ ਦਿਨ੍ਹਾਂ ਵਿੱਚ ਅਕਸਰ ਇੰਝ ਹੀ ਹੁੰਦਾ ਹੈ। ਬੱਚੇ ਤੇ ਰਵੀ ਹੁਣੀ ਸੁੱਤੇ ਹੀ ਮਿਲਦੇ ਹਨ। ਅਸਲੋਂ ਬੱਚਿਆਂ ਨੇ ਸਵੇਰੇ ਸਕੂਲੇ ਤੇ ਰਵੀ ਨੇ ਕੰਮ ਤੇ ਜਾਣਾ ਹੁੰਦਾ ਹੈ। ਹਾਂ, ਵੀਕ ਐਂਡ ਦੀ ਗੱਲ ਹੋਰ ਹੈ। ਹੋਰਨਾਂ ਵਾਂਗ ਸਾਡਾ ਵੀ ਇਕੱਠੇ ਮਿਲ ਬੈਠਣ ਦਾ ਸਬੱਬ ਛੁੱਟੀ ਵਾਲੇ ਦਿਨ ਹੀ ਬਣਦਾ ਹੈ।

ਮੈਂ ਘਰ ਵਿਚਲੀ ਸ਼ਾਂਤੀ ਤੇ ਮਹਿਕ ਨੂੰ ਹਮੇਸ਼ਾ ਹੀ ਮਾਣਦੀ ਹਾਂ। ਪਹਿਲਾਂ, ਸੋਫੇ ਤੇ ਪਿਆ ਖਿਲਾਰਾ ਸਾਂਭਿਆ। ਲੈਪਟਾਪ, ਸਲੀਪਰ, ਚੱਪਲਾਂ ਤੇ ਏਧਰ- ਓਧਰ ਪਈਆਂ ਜਰਾਂਬਾਂ ਦੇ ਨਾਲ- ਨਾਲ ਕਿਤਾਬਾਂ ਨੂੰ ਸਾਂਭਿਆ। ਫ਼ਿਰ, ਗਰਮ ਦੁੱਧ ਦਾ ਕੱਪ ਫ਼ੜ ਸੋਫ਼ੇ ਤੇ ਬੈਠ ਕੇ ਚੁਸਕੀਆਂ ਭਰਦੀ, ਬਹੁਤ ਹੀ ਮਧਮ ਆਵਾਜ਼ ਵਿੱਚ ਟੀ ਵੀ ਚਲਾ ਕੇ ਆਪਣੇ ਆਪ ਵਿੱਚ ਮਸ਼ਰੂਫ਼ ਹੋ ਗਈ। ਟੀ ਵੀ ਦੀ ਆਵਾਜ਼, ਚੁੱਪ ਸਰੂਪ ਹੋਣ ਕਰਕੇ ਕਿਸੇ ਵੀ ਜੀਅ ਦੀ ਨੀਂਦਰ ਵਿੱਚ ਰਤੀ ਭਰ ਵੀ ਵਿਘ੍ਹਨ ਨਹੀਂ ਸੀ ਪੈ ਰਿਹਾ। ਉਲਟਾ ਸੋਫ਼ੇ ਤੇ ਸੁਸਤਾਂਦਿਆਂ, ਮੇਰੇ ਤੇ ਹੀ ਨੀਂਦ ਦੀ ਖੁਮਾਰੀ ਜਹੀ ਛਾ ਗਈ।

ਅਚਾਨਕ, ਡਰਾਈਵ ਵੇ ਤੇ ਪੈਂਦੇ ਕਿਸੇ ਰੌਲੇ ਨੇ ਮੇਰੀ ਨੀਂਦ ਦੀ ਖੁਮਾਰੀ ਨੂੰ ਹਲੂਣ ਦਿੱਤਾ। ਮਨ ਬੋਝਲ ਜਿਹਾ ਹੋ ਗਿਆ। ਮੈਂ ਅਬੜਵਾਹੇ ਜਹੇ ਉਠ ਪਈ। ਮੇਨ ਦਰਵਾਜ਼ੇ ਕੋਲ ਜਾ ਖੜੀ। ਪਰਦੇ ਨੂੰ ਪਾਸੇ ਕਰ ਕੇ ਬਾਹਰ ਦਾ ਜਾਇਜ਼ਾ ਲੈਣ ਦੀ ਕੋਸ਼ਿਸ਼ ਕੀਤੀ। ਇਹ ਕੀ! ਇਹ ਤੇ ਅਨੂ ਸੀ... ਮੇਰੀ ਬੇਸਮੈਂਟ ਵਾਲੀ, ਛਮਕ ਜਹੀ ਪਤਲੀ... ਤਿੱਖੇ ਨੈਣ- ਨਕਸ਼ਾਂ ਵਾਲੀ ਸਾਂਵਲੀ ਜਿਹੀ ਕੁੜੀ। ਉਹ, ਘਸੇ ਜਹੇ ਨਾਈਟ ਸੂਟ ਵਿੱਚ ਸੀ। ਇੱਕ ਹੱਥ ਵਿੱਚ, ਨਿਕ- ਸੁਕ ਨਾਲ ਭਰਿਆ ਪਲਾਸਟਿਕ ਦਾ ਥੈਲਾ 'ਤੇ ਦੂਜੇ ਵਿੱਚ ਲੰਮੇ ਹੈਂਡਲ ਵਾਲਾ ਛੋਟਾ ਜਿਹਾ ਅਟੈਚੀ। ਉਸਦੇ ਬਲਦੇ ਹੋਏ ਬੋਲ ਫ਼ਿਜ਼ਾ ਵਿੱਚ ਅੱਗ ਦੀਆਂ ਚਿਣਗਾਂ ਘੋਲ ਰਹੇ ਸਨ...ਰੌਲਾ- ਗੌਲਾ ਅਸਮਾਨੀ ਬਿਜਲੀ ਵਾਂਗ ਕੜਕ ਰਿਹਾ ਸੀ... ਭਿਆਨਕ ਰੂਪ ਧਾਰ ਕੇ ਕਿਸੇ ਗੰਭੀਰ ਸੰਕਟ ਤੇ ਵੀ ਪਹੁੰਚ ਸਕਦਾ ਸੀ।

"ਹੁਣ, ਮੈਂ ਤੇਰੇ ਨਾਲ ਇੱਕ ਮਿੰਟ ਵੀ ਨਹੀਂ ਰਹਿ ਸਕਦੀ।" ਉਹ ਬਹੁਤ ਗੁੱਸੇ ਵਿੱਚ ਤੇ ਲੱਗਭਗ ਚੀਖ ਹੀ ਰਹੀ ਸੀ, "ਯੂ ਹੈਵ ਟੂ ਗੋ ਆਊਟ ਰਾਈਟ ਨਾਉ ਅਦਰਵਾਈਸ ਆਈ ਕਾਲ ਦ ਪੋਲੀਸ।" ੈ ਹਅਵਏ ਟੋ ਗੋ ੁਟ ਰਗਿਹਟ ਨੋ ੱਟਹ- ਏਰੱਸਿਏ ੀ ਚਅਲਲ ਟਹਏ ਫੋਲਚਿਏ।" ਉਹ ਆਪਣੇ ਪਤੀ ਦੇਵ ਤੇ ਗੁੱਸੇ ਸੀ। ਪਤੀ ਦੇਵ ਨਿਮੋਝੂਣ ਜਿਹਾ ਹੋਕੇ, ਤਰਲੇ- ਮਿੰਨਤਾਂ ਪਾ ਰਿਹਾ ਸੀ। "ਪਲੀਜ਼... ਅਨੂ ਅੰਦਰ ਚੱਲੋ।" ਪਰ ਅਨੂ ਤਾਂ, ਝਾਂਸੀ ਦੀ ਰਾਣੀ ਬਣੀ ਹੋਈ ਸੀ।

"ਤੇਰੇ ਹੁੰਦਿਆਂ ਮੈਂ ਅੰਦਰ ਨਹੀਂ ਆਉਣਾ।" ਉਹ ਉਚੀ ਤੇ ਤਿੱਖੀ ਸੁਰ ਵਿੱਚ ਬੋਲੀ।

"ਮੈਂ ਹੁਣੇ ਘਰ ਛੱਡ ਕੇ ਜਾ ਰਹੀ ਹਾਂ।" ਉਚੇ ਤੇ ਊਲ- ਜਲੂਲ ਬੋਲਾਂ ਨਾਲ ਉਹ ਰੋਣ ਲੱਗ ਪਈ।

ਹੈਰਾਨ ਸਾਂ ਕਿ ਅਨੂ ਨੂੰ ਇਹ ਕੀ ਹੋ ਗਿਆ ਹੈ। ਉਹ ਸ਼ਾਂਤ, ਸੋਹਲ ਤੇ ਚੁੱਪ ਦੀ ਸੀਰਤ ਹੀ ਦਿਖਦੀ ਸੀ। ਪਰ ਉਸ ਦਾ ਅੱਜ ਵਾਲਾ ਰੂਪ, ਅਸਲੋਂ ਹੀ ਨਵਾਂ ਸੀ। ਮੀਆਂ ਬੀਵੀ ਵਿਚਕਾਰ, ਕੀਹ ਚੱਲ ਰਿਹੈ... ਕੁਝ ਨਹੀਂ ਸਾਂ ਜਾਣਦੀ, ਨਾ ਹੀ ਜਾਨਣ ਦੀ ਕੋਈ ਲੋੜ ਸੀ। ਪਰ, ਅੱਜ ਦੇ ਰੌਲੇ ਨੇ ਸੋਚਣ ਲਈ ਮਜ਼ਬੂਰ ਕਰ ਦਿੱਤਾ ਸੀ।

ਅਨੂ ਅਜੇ ਵੀ ਡਰਾਈਵ ਵੇ ਤੇ ਖੜੀ ਲੜੀ ਜਾ ਰਹੀ ਸੀ... ਨਾਲ- ਨਾਲ ਰੋਈ ਜਾ ਰਹੀ ਸੀ। ਉਸ ਵਿਚਾਰੀ ਨੇ ਜਾਣਾ ਵੀ ਕਿੱਥੇ ਸੀ! ਸ਼ਾਇਦ ਹੀ ਕੋਈ ਐਸੀ ਥਾਂ ਹੋਵੇ ਜਿਥੇ ਉਹ ਐਸ ਵੇਲੇ ਜਾ ਸਕਦੀ ਸੀ। ਸ਼ਾਇਦ ਉਹ, ਡਰਾਈਵ ਵੇ 'ਤੇ ਤਾਂ ਹੀ ਖੜੀ ਸੀ। ਘਰ ਦੇ ਅੰਦਰ ਵੀ ਨਹੀਂ ਸੀ ਜਾ ਰਹੀ। ਹਾਂ, ਰਿੰਕੂ ਨੂੰ ਵਾਰ- ਵਾਰ ਪੁਲੀਸ ਬੁਲਾਣ ਦੀ ਧਮਕੀ ਦੇ ਰਹੀ ਸੀ। ਰਿੰਕੂ ਵੀ ਢੀਠ ਬਣਿਆ ਉਥੇ ਹੀ ਖੜਾ ਰਿਹਾ। ਮਿੰਨਤਾਂ- ਤਰਲੇ ਪਾਂਦਾ ਤੇ ਕੁਝ ਸੋਚਦਾ ਰਿਹਾ। ਸ਼ਾਇਦ ਇਹੀ ਕਿ ਅਨੂ ਮੰਨ ਜਾਵੇ ਤੇ ਘਰ ਦੇ ਅੰਦਰ ਆ ਜਾਵੇ। ਪਰ, ਉਹ ਟੱਸ ਤੋਂ ਮੱਸ ਨਹੀਂ ਸੀ ਹੋ ਰਹੀ। ਉਸਦੇ ਬੋਲ ਫ਼ਿਜ਼ਾ ਵਿੱਚ ਅੱਗ ਦੀਆਂ ਚਿਣਗਾਂ ਘੋਲ ਰਹੇ ਸਨ... ਚਿਣਗਾਂ, ਜੋ ਭਾਂਬੜ ਬਣ ਕੇ ਕਿਸੇ ਗੰਭੀਰ ਨਤੀਜੇ ਤੇ ਪਹੁੰਚ ਸਕਦੀਆਂ ਸਨ! ਰੌਲੇ ਨੇ ਗੁਆਂਡੀਆਂ ਦੇ ਕੰਨਾਂ ਵਿੱਚ ਵੀ ਉਤਾਰਾ ਕਰ ਲਿਆ। ਬੂਹੇ- ਬਾਰੀਆਂ ਦੇ ਪਰਦੇ ਹਰਕਤ ਵਿੱਚ ਆ ਗਏ। ਲੋਕ ਪੁਲੀਸ ਦੀ ਉਡੀਕ ਤੇ ਕਿਸੇ ਕਾਰਵਾਈ ਦੇਖਣ ਨੂੰ ਕਾਹਲੇ ਪੈ ਰਹੇ ਸਨ।

ਪਹਿਲਾਂ ਤਾਂ ਮੈਂ ਝਿਜਕੀ ਕਿ ਮੀਆਂ ਬੀਵੀ ਦੇ ਝਗੜੇ ਵਿੱਚ ਦਖਲ ਦੇਵਾਂ ਜਾਂ ਨਾ। ਪਰ, ਮੇਰਾ ਆਵਦਾ ਡਰਾਈਵ ਵੇ... ਅੱਧੀ ਰਾਤ ਦਾ ਵੇਲਾ! ਰੌਲਾ ਰੱਪਾ ਵਧਦਾ ਜਾਣਕੇ ਮੈਂ ਮੌਕੇ ਤੇ ਚਲੀ ਹੀ ਗਈ। ਦੂਰ ਦੁਮੇਲ ਉਹਲੇ, ਮਨ ਦੀਆਂ ਅੱਖਾਂ ਬਹੁਤ ਕੁਝ ਦੇਖ ਰਹੀਆਂ ਸਨ। ਬੱਦਲਵਾਈ ਦੇ ਦ੍ਰਿਸ਼ ਕੁਝ ਬੋਲਣ ਤੇ ਕਹਿਣ ਲਈ ਉਤੇਜਿਤ ਕਰਨ ਲੱਗ ਪਏ। ਫ਼ਿਰ, ਅਨੂ ਨੂੰ ਘਰ ਦੇ ਅੰਦਰ ਜਾਣ ਲਈ ਕਿਹਾ। ਪਰ, ਉਹ ਉਂਝ ਹੀ ਤਣੀ ਖੜ੍ਹੀ ਰਹੀ। ਰਿੰਕੂ ਦੇ ਮਾਪਿਆਂ ਦਾ ਘਰ ਲਾਗੇ ਹੀ ਸੀ। ਉਸ ਕੋਲ ਵੀ ਜਾਕੇ ਆਖਿਆ ਕਿ ਅੱਜ ਉਹ ਆਪਣੇ ਪੇਰੈਂਟਸ ਕੋਲ ਜਾ ਕੇ ਹੀ ਸੌਂ ਜਾਵੇ। ਉਹ ਵੀ ਰਾਜੀ ਨਹੀਂ ਹੋਇਆ। ਸ਼ਾਇਦ, ਉਹ ਆਪ ਵੀ ਅਨੂ ਨੂੰ ਕੱਲੀ ਛੱਡ ਕੇ ਜਾਣਾ ਨਹੀਂ ਸੀ ਚਾਂਹਦਾ। ਉਧਰੋਂ ਅਨੂ ਵੀ ਅੜੀ ਹੋਈ ਸੀ ਕਿ ਰਵੀ ਦੇ ਹੁੰਦਿਆਂ, ਹੇਠਾਂ ਬੇਸਮੈਂਟ ਵਿੱਚ ਬਿਲਕੁਲ ਨਹੀਂ ਜਾਵੇਗੀ।

ਹਾਰ ਹੰਭ ਕੇ, ਮੈਂ ਅਨੂੰ ਨੂੰ ਆਪਣੇ ਲਿਵਿੰਗ ਰੂਮ ਵਿੱਚ ਹੀ ਲੈ ਆਈ। ਹੁਣ ਉਸਦਾ ਚਿੱਤ ਕੁਝ ਸ਼ਾਂਤ ਹੋਇਆ, ਪਰ ਹੱਥ ਅਜੇ ਵੀ ਕੰਬ ਰਹੇ ਸਨ। ਸ਼ਾਇਦ ਲੜ ਝਗੜ ਕੇ ਕੁਝ ਬਹੁਤਾ ਹੀ ਥੱਕ ਗਈ ਸੀ। ਪਾਣੀ ਦਾ ਗਲਾਸ ਦੇ ਕੇ, ਮੈਂ ਉਸਦੇ ਮੋਢਿਆਂ ਤੇ ਹੱਥ ਰਖਦੇ ਹੋਏ ਪੁਛਿਆ, "ਕੀ ਹੋਇਆ ਅਨੂ, ਐਨੀ ਕਾਹਦੀ ਨਰਾਜ਼ਗੀ?" ਉਹ ਫਿਸ ਪਈ ਤੇ ਬੁਰੀ ਤਰ੍ਹਾਂ ਰੋਣ ਲੱਗ ਪਈ। ਮੈਂ ਉਸਨੂੰ ਨਾ ਰੋਕਿਆ, ਸੋਚਿਆ ਕਿ ਇਸਦਾ ਮਨ ਕੁਝ ਹਲਕਾ ਹੋ ਜਾਵੇਗਾ। ਉਸ ਦੀਆਂ ਮੋਟੀਆਂ- ਮੋਟੀਆਂ ਅੱਖਾਂ 'ਚੋਂ ਅਜੇ ਵੀ ਲਾਲੀ ਕਿਰ ਰਹੀ ਸੀ। ਖ਼ੈਰ, ਉਹ ਛੇਤੀ ਹੀ ਸੰਭਲ ਗਈ। ਪੈਰ ਸੋਫੇ ਸਾਹਮਣੇ ਪਏ ਟੇਬਲ ਉਪਰ ਰਖੇ ਤੇ ਆਰਾਮ ਨਾਲ ਢੋਅ ਲਾ ਕੇ ਬੈਠ ਗਈ।

ਪਲ ਛਿਣ ਤਾਂ ਉਹ ਚੁੱਪ ਰਹੀ। ਦੇਰ ਹੋਣ ਤੋਂ ਪਹਿਲਾਂ ਹੀ ਬੋਲ ਪਈ, "ਆਂਟੀ, ਦੋ ਸਾਲ ਪਹਿਲਾਂ ਹੀ ਰਿੰਕੂ ਨਾਲ ਵਿਆਹ ਹੋਇਆ। ਕੈਨੇਡਾ ਆਈ ਨੂੰ ਡੇਢ ਕੁ ਸਾਲ ਹੋਇਆ ਹੈ।..." ਬੀਤੇ ਸਾਲ ਤੋਂ, ਦੋਵੇਂ ਮੇਰੀ ਬੇਸਮੈਂਟ ਵਿੱਚ ਰਹਿ ਰਹੇ ਹਨ। ਮੈਂ ਵਿੱਚੋਂ ਹੀ ਟੋਕ ਦਿੱਤਾ, "ਜੇ ਤੁਹਾਨੂੰ ਏਥੇ ਆਇਆਂ ਡੇਢ ਕੁ ਸਾਲ ਹੀ ਹੋਇਐ ਫਿਰ, ਇਨੀਂ ਜਲਦੀ ਅਲੱਗ ਕਿਉਂ ਰਹਿਣ ਲੱਗ ਪਏ?" ਆਪਣੇ ਲੋਕਾਂ ਦੇ, ਅਜਿਹੇ ਵਤੀਰੇ ਅਕਸਰ ਹੀ ਦੁਖੀ ਕਰਦੇ ਹਨ। ਪਰ, ਇਹ ਮਾਰ ਕਿੱਥੋਂ ਤੇ ਕਿਵੇਂ ਵੱਗ ਗਈ? ਇਹ ਸੰਤਾਪ ਸਮਝੋਂ ਬਾਹਰ ਮਹਿਸੂਸ ਹੁੰਦਾ ਹੈ।

ਰਿੰਕੂ ਦੇ ਪੇਰੈਂਟਸ ਕੋਲ ਆਪਣਾ ਘਰ ਹੈ। ਅੰਦਰੋਂ ਹੈਰਾਨ ਤੇ ਕੁਝ ਜਾਨਣ ਲਈ ਉਤਾਵਲੀ ਵੀ ਹਾਂ! ਕੀਹ ਕਾਰਨ ਕਿ ਦੋਵੇਂ ਜੀਅ ਸਿਰਫ਼ ਛੇ ਮਹੀਨੇ ਬਾਅਦ ਮਾਪਿਆਂ ਦਾ ਘਰ ਹੁੰਦੇ ਹੋਏ ਵੀ, ਕਿਸੇ ਹੋਰ ਬੇਸਮੈਂਟ ਵਿੱਚ ਰਹਿੰਦੇ ਹਨ। ਬੱਚਿਆਂ ਦੇ ਜੌਬ ਤੇ ਜਾਣ ਬਾਅਦ, ਕਿਸੇ ਹੋਰ ਸ਼ਹਿਰ ਜਾਂ ਦੁਰਾਡੇ ਅਪਾਰਟਮੈਂਟ ਵਿਚ ਰਹਿਣਾ ਤਾਂ ਆਮ ਜਹੀ ਗੱਲ ਹੈ। ਪਰ, ਨੇੜੇ ਦੀ ਪਹੁੰਚ ਵਿੱਚ ਹੀ ਆਪਣਾ ਘਰ ਹੋਣ ਦੇ ਬਾਵਜੂਦ... ...!

'ਦੱਸਦੀ ਹਾਂ ਆਂਟੀ' ਹੌਲੀ ਜਹੀ ਕਹਿਕੇ ਅਨੂ ਨੇ ਗੱਲ ਸ਼ੁਰੂ ਕੀਤੀ, "ਚਾਰ ਕੁ ਸਾਲ ਪਹਿਲਾਂ ਰਿੰਕੂ ਦੇ ਪੇਰੈਂਟਸ ਇੰਡੀਆ ਗਏ। ਉਦੋਂ, ਮੈਂ ਬੀ ਐਸ ਸੀ ਕੈਮਿਸਟਰੀ ਕਰ ਕੇ ਡੀ ਫ਼ਾਰਮਾ ਵਿੱਚ ਦਾਖ਼ਲਾ ਲਿਆ ਹੀ ਸੀ। ਮੇਰੇ ਡੈਡੀ ਸਕੈਂਡਰੀ ਸਕੂਲ ਵਿਚ ਕੈਮਿਸਟਰੀ ਦੇ ਅਧਿਆਪਕ ਸਨ। ਮੇਰੀਆਂ ਦੋ ਛੋਟੀਆਂ ਭੈਣਾਂ ਵੀ ਹਨ। ਸਭ ਕੁਝ ਇਹ ਜਾਣਦੇ ਸਨ। ਇਨ੍ਹਾਂ ਨੇ ਮੂਹੋਂ ਮੰਗ ਕੇ ਲਿਆ ਸੀ ਮੇਰਾ ਰਿਸ਼ਤਾ।" ਪੂਰੇ ਮਾਣ- ਸਤਿਕਾਰ ਨਾਲ ਕਿਹਾ ਸੀ ਅਨੂ ਨੇ।

"ਫ਼ਿਰ, ਪੜ੍ਹਾਈ ਵਿਚੇ ਹੀ ਛੱਡ ਦਿੱਤੀ?" ਮੈਂ ਫ਼ਿਕਰਮੰਦ ਸਾਂ। ਅਨੂ ਦੇ ਮੁਖੜੇ ਤੇ ਆਉਂਦੇ ਜਾਂਦੇ ਰੰਗਾਂ ਤੇ ਭਾਵਾਂ ਦੀਆਂ ਖੇਡਾਂ ਪ੍ਰਤੱਖ ਦੇਖ ਰਹੀ ਸਾਂ। "ਨਹੀਂ ਆਂਟੀ, ਜਦ ਤਾਂ ਮੰਗਣੀ ਹੀ ਹੋਈ ਸੀ। ਵਿਆਹ, ਅਗਲੇ ਸਾਲ ਦਾ ਮਿੱਥਿਆ ਸੀ। ਇਹ ਵੀ ਕਿ ਮੈਂ, ਡੀ ਫ਼ਾਰਮਾ ਦਾ ਕੋਰਸ ਪੂਰਾ ਹੋਣ ਬਾਅਦ ਹੀ ਕੈਨੇਡਾ ਆਵਾਂਗੀ।

ਦਿਲ ਲਾਕੇ, ਪੂਰੇ ਸਿਰੜ ਨਾਲ ਡੀ ਫਾਰਮਾ ਦਾ ਕੋਰਸ ਪੂਰਾ ਕੀਤਾ। ਨੰਬਰ ਵੀ ਵਧੀਆ ਲਏ। ਰਿੰਕੂ ਤੇ ਉਸਦੇ ਪੇਰੈਂਟਸ ਵਿਆਹ ਦੇ ਦਸ ਪੰਦਰਾਂ ਦਿਨ ਬਾਅਦ ਹੀ, ਏਥੇ ਮੁੜ ਆਏ ਸਨ। ਮੈਂ ਕੁਝ ਬਾਅਦ ਵਿੱਚ ਆਈ ਸਾਂ। ਮੇਰਾ ਕੋਰਸ ਪੂਰਾ ਹੋਣ ਸਾਰ ਹੀ ਕੈਨੇਡੀਅਨ ਵੀਜ਼ਾ ਆ ਗਿਆ ਸੀ। ਮਾਪਿਆਂ ਤੇ ਭੈਣਾਂ ਤੋਂ ਚਾਅ ਨਹੀਂ ਸੀ ਚੁਕਿਆ ਜਾ ਰਿਹਾ... ਜਿਵੇਂ ਸਾਰੀ ਕਾਇਨਾਤ ਮਿਲ ਗਈ ਹੋਵੇ।"

"ਫ਼ਿਰ, ਐਸਾ ਕੀ ਹੋਇਆ... ਜੋ ਤੁਸੀਂ ਇੱਥੇ 'ਆਈ ਮੀਨ' ਸਾਡੀ ਬੇਸਮੈਂਟ ਵਿੱਚ ਆ ਗਏ?" ਮੇਰਾ ਸਵਾਲ ਉਵੇਂ ਦਾ ਤਿਵੇਂ ਖਲੋਤਾ ਸੀ।

"ਦੱਸਦੀ ਹਾਂ ਆਂਟੀ" ਅਨੂ ਜਰਾ ਕੁ ਖਿਝ ਕੇ ਬੋਲੀ, "ਮੇਰੀ ਕਾਬਲੀਅਤ ਤੇ ਇੱਛਾ ਸ਼ਕਤੀ ਹੀ ਇਨ੍ਹਾਂ ਨੂੰ ਪਸੰਦ ਨਹੀਂ। ਆਪ ਕੁਝ ਕਰਦੇ ਨਹੀਂ, ਦੂਜੇ ਨੂੰ ਕਰਨ ਨਹੀਂ ਦੇਂਦੇ।" ਉਹ ਜਿਵੇਂ ਆਪਣੇ ਆਪ ਨੂੰ ਕਹਿ ਰਹੀ ਸੀ। ਮੇਰੇ ਹੁੰਗਾਰੇ ਵੀ ਹਾਜ਼ਰੀ ਭਰਦੇ ਰਹੇ ਤਾਂ ਕੇ ਗੱਲਾਂ ਦੀ ਨਦੀ ਆਪਣੇ ਵੇਗ ਵਿੱਚ ਵਗਦੀ ਰਹਵੇ।

"ਸ਼ੁਰੂ ਸ਼ੁਰੂ ਵਿੱਚ ਸਭ ਠੀਕ ਠਾਕ ਸੀ। ਰੋਜ਼ ਸਵੇਰੇ ਨਾਸ਼ਤਾ ਕਰਕੇ ਰਿੰਕੂ ਕੰਮ ਤੇ ਚਲਾ ਜਾਂਦਾ। ਮੈਂ ਵੀ ਸੇਨਿਕਾ ਕਾਲੇਜ ਵਿੱਚ ਅਸਿਸਟੈਂਟ ਫ਼ਾਰਮੈਸਿਸਟ ਦਾ ਪ੍ਰੋਗਰਾਮ ਲੈ ਲਿਆ ਸੀ। ਸ਼ਾਪਰਸ ਡਰੱਗ ਮਾਰਟ ਵਿੱਚ ਪਾਰਟ ਟਾਈਮ ਜਾਬ ਵੀ ਕਰ ਰਹੀ ਸਾਂ।" ਮੈਂ ਬੜੀ ਰੀਝ ਨਾਲ ਅਨੂ ਦੀ ਕਹਾਣੀ ਸੁਣ ਰਹੀ ਸਾਂ। ਮੇਰੇ ਮੂਹੋਂ ਸਹਿਜ ਸੁਭਾ "ਫੇਰ" ਨਿਕਲਿਆ ਤਾਂ ਅਨੂ ਨੇ ਗੱਲ ਚਲਦੀ ਰੱਖੀ।

"ਸਵੇਰ ਦੇ ਸਾਰੇ ਕੰਮ ਨਬੇੜ ਕੇ ਮੈਂ ਕਾਲੇਜ ਜਾਂਦੀ, ਦੁਪਹਿਰੇ ਕੰਮ ਤੇ। ਰਾਤ ਨੂੰ ਹੀ ਘਰੇ ਪੈਰ ਧਰਨ ਦਾ ਨਸੀਬ ਬਣਦਾ। ਮੇਰੀ ਤਨਖਾਹ ਦੇ ਪੈਸੇ ਘਰ ਦੇ ਸਾਂਝੇ ਖ਼ੂਹ- ਖਾਤੇ ਵਿੱਚ ਪੈ ਜਾਂਦੇ। ਥੋੜੇ ਬਹੁਤ ਗੁਜ਼ਾਰੇ ਜੋਗਰੇ ਹੀ ਮਿਲਦੇ। ਇਕ ਵਾਰ ਘਰੇ ਗੱਲ ਕੀਤੀ ਕਿ ਮੈਂ ਕਾਰ ਸਿੱਖਣਾ ਚਾਹੁੰਦੀ ਹਾਂ। ਇਸ ਤਰ੍ਹਾਂ ਵੇਲੇ ਸਿਰ ਕੰਮ ਤੇ ਪਹੁੰਚਾਂਗੀ। ਘਰੇ ਮੁੜ ਕੇ ਪੜ੍ਹਾਈ ਵੱਲ ਵੀ ਧਿਆਨ ਕਰ ਸਕਾਂਗੀ। ਬੱਸਾਂ ਤੇ ਆਉਣ ਜਾਣ ਹੀ ਸਾਰਾ ਟਾਈਮ ਖਾ ਜਾਂਦਾ ਹੈ। ਮੇਰਾ ਕੋਰਸ ਪੂਰਾ ਹੋ ਗਿਆ ਸੀ ਤੇ ਬਤੌਰ ਅਸਿਸਟੈਂਟ ਫ਼ਾਰਮੈਸਿਸਟ ਕੰਮ ਕਰ ਰਹੀ ਸਾਂ।"

ਗੱਲ ਨੂੰ ਮੈਂ ਵਿਚੋਂ ਹੀ ਟੋਕਿਆ, "ਕੋਰਸ ਤਾਂ ਪੂਰਾ ਕਰ ਲਿਆ ਸੀ। ਜਾਬ ਵੀ ਕਰ ਰਹੀ ਸੈਂ। ਫ਼ੇਰ ਹੋਰ ਪੜ੍ਹਾਈ ਕੀ ਕਰਨੀ ਸੀ?"

"ਰਿਲੈਕਸ ਆਂਟੀ, ਦੱਸਦੀ ਹਾਂ" ਕਹਿੰਦੀ ਨਰਗਿਸ ਵਾਂਗ ਮੁਸਕਰਾਈ। ਮੈਂ ਵੀ ਸੁਖ ਦਾ ਸਾਹ ਲਿਆ ਕਿ ਅਨੂ ਸਹਿਜ ਹੋ ਰਹੀ ਹੈ।

"ਆਂਟੀ, ਪਹਿਲਾਂ ਹੀ ਦੱਸ ਚੁਕੀ ਹਾਂ ਕਿ ਡੀ ਫ਼ਾਰਮਾ ਕਰ ਕੇ ਹੀ ਇੰਡੀਆ ਤੋਂ ਆਈ ਸਾਂ। ਇਥੋਂ ਦੇ ਫ਼ਾਰਮੈਸਿਸਟ ਦਾ ਲਾਇਸੈਂਸ ਲੈਣ ਲਈ ਕੁਝ ਪੇਪਰ ਦੇਣੇ ਪੈਣੇ ਹਨ। ਅਸਿਸਟੈਂਟ ਫ਼ਾਰਮੈਸਿਸਟ ਤਾਂ ਹੈ ਹੀ ਸਾਂ।"

"ਆਹ ਤਾਂ ਬਹੁਤ ਵਧੀਆ ਗੱਲ ਹੋਈ। ਜੇ ਇੱਥੇ ਵੀ ਫਾਰਮੈਸਿਸਟ ਦੀ ਜੌਬ ਮਿਲ ਜਾਵੇ... ਉਹਨਾਂ ਦੀ ਤਾਂ ਤਨਖਾਹ ਵੀ ਬਹੁਤ ਹੈ।" ਮੈਂ ਖ਼ੁਸ਼ ਹੋਕੇ ਆਖਿਆ।

"ਆਹੀ ਤਾਂ ਗੱਲ ਸੀ ਆਂਟੀ... ਮੇਰੇ ਇਹ ਕਹਿਣ ਨਾਲ ਹੀ, ਸਾਡੇ ਘਰ ਵਿੱਚ ਤੂਫ਼ਾਨ ਜਿਹਾ ਆ ਗਿਆ... ਤੁਫ਼ਾਨ ਦਾ ਸਾਰਾ ਰੁਖ਼ ਮੇਰੇ ਵੱਲ ਹੀ ਸੀ... ਮੇਰੀ ਸੱਸ ਦੇ ਗੁੱਸੈਲੇ ਬੋਲਾਂ ਨੇ ਸਾਰਾ ਘਰ ਹੀ ਸਿਰ ਤੇ ਚੱਕ ਲਿਆ ਸੀ!"

"ਕੋਈ ਨਹੀਂ ਲੈਣੀ ਕਾਰ ਕੁਰ, ਜਿਥੇ ਲੱਗੀ ਐਂ ਚੁੱਪ- ਚਾਪ ਕੰਮ ਕਰੀ ਜਾ... ਦਸ ਹਜ਼ਾਰ ਡਾਲਰ ਖਰਚ ਕੇ ਕੋਰਸ ਕਰਵਾਇਐ... ਵੱਡੀ ਮੈਡਮ ਨੇ ਹੁਣ ਕਾਰ ਲੈਣੀ ਐਂ। ਅਗਲੇ ਹੀ ਪੈਸੇ ਨਹੀਂ ਪੂਰੇ ਹੋਏ... ਆਵਦੇ ਪਿਉ ਨੂੰ ਫ਼ੋਨ ਕਰ... ਭੇਜ ਦਊਗਾ ਪੈਸੇ ਕਾਰ ਲਈ... ਅੱਗੇ ਵਿਆਹ ਦਾ ਫ਼ਾਹਾ ਵੀ ਮੁਫ਼ਤ 'ਚ ਵੱਢ ਤਾ... ਕੰਜੂਸ ਕਿਤੋਂ ਦੇ!" ਗੁੱਸੇ ਵਿਚ ਪਤਾ ਨਹੀਂ ਕੀਹ ਕੁਝ ਬੋਲੀ ਜਾ ਰਹੀ ਸੀ।

ਅਨੂ ਵੀ ਭਰੀ ਪੀਤੀ ਦੱਸ ਰਹੀ ਸੀ। ਇਹ ਸਾਰੀਆਂ ਗੱਲਾਂ ਉਹਨਾਂ ਦੇ ਘਰ, ਉਸ ਦਿਨ ਵਾਪਰੀਆਂ ਸਨ। ਥੋੜਾ ਜਿਹਾ ਰੁਕ ਕੇ ਅਨੂ ਫ਼ੇਰ ਬੋਲੀ, "ਮੈਂ ਉਸ ਦਿਨ ਲੱਗਭਗ ਸੁੰਨ ਹੀ ਹੋ ਗਈ ਸਾਂ। ਮੈਂ ਰਿੰਕੂ ਦੇ ਮੂੰਹ ਵੱਲ ਦੇਖਿਆ। ਪਰ, ਉਹ ਬੜੇ ਆਰਾਮ ਨਾਲ ਟੀ ਵੀ ਦੇਖ ਰਿਹਾ ਸੀ... ਜਿਵੇਂ ਕੁਝ ਹੋਇਆ ਹੀ ਨਾ ਹੋਵੇ। ਮੇਰਾ ਦਿਲ ਬੁਝ ਗਿਆ... ਮੈਂ ਅੰਦਰ ਜਾ ਕੇ ਬੈਠ ਗਈ... ਮੇਰੀ ਸੱਸ ਅਜੇ ਵੀ ਉਚੀ- ਉਚੀ ਬੋਲੀ ਜਾ ਰਹੀ ਸੀ!""ਅਗੇ ਪੁੱਤਰ ਨਿਕੰਮਾ... ਨੂੰਹ ਵੀ ਆ ਗਈ ਦਿਮਾਗ ਚੱਟਣ ਨੂੰ! ਵੱਡੀ ਫ਼ਾਰਮੈਸਿਸਟ ਬਣੂਗੀ ਇਹ !

ਫ਼ਿਰ ਇਹ, ਆਏ ਦਿਨ ਹੀ ਵਾਪਰਨ ਲੱਗਾ। ਗੱਲੀਂ ਬਾਤੀਂ ਮੇਰੀ ਸੱਸ ਮੇਰੇ ਵਿੱਚ ਨੁਕਸ ਕੱਢਦੀ ਰਹਿੰਦੀ... ਮੈਨੂੰ ਪੜ੍ਹਨ ਦਾ ਸਮਾਂ ਬਿਲਕੁਲ ਹੀ ਨਾ ਮਿਲਦਾ... ਜਿਵੇਂ ਉਹ ਚਾਹੁੰਦੇ ਹੀ ਹੋਣ ਕਿ ਮੈਂ ਪੜ੍ਹਾਂ ਬਿਲਕੁਲ ਹੀ ਨਾ! ਮੈਨੂੰ ਤਾਂ ਇਹ ਵੀ ਨਹੀਂ ਸੀ ਪਤਾ ਕਿ ਰਿੰਕੂ ਕੀ ਕੰਮ ਕਰਦਾ ਹੈ... ਕਰਦਾ ਵੀ ਹੈ ਜਾਂ ਨਹੀਂ। ਘਰ ਦੀਆਂ ਸਾਰੀਆਂ ਗੱਲਾਂ- ਬਾਤਾਂ ਦੇ ਮੈਥੋਂ ਉਹਲੇ ਰੱਖੇ ਜਾਂਦੇ ਸਨ। ਮੈਂ ਕੰਮ ਵਿੱਚ ਬਿਜ਼ੀ ਰਹਿੰਦੀ ਸੀ, ਘਰ ਆਉਂਦੀ ਤਾਂ ਪਹਿਲਾਂ ਘਰੇਲੂ ਕੰਮਕਾਰ ਤੇ ਫ਼ਿਰ ਕਿਤੇ ਬਹਿਕੇ ਪੜ੍ਹਨ ਦੀ ਕੋਸ਼ਿਸ਼ ਕਰਦੀ।"

"ਤੂੰ ਇਹ ਸਾਰਾ ਕੁਝ ਆਪਣੇ ਮਾਪਿਆਂ ਕੰਨੀਂ ਨਹੀਂ ਪਾਇਆ?" ਵਿੱਚੋਂ ਹੀ ਟੋਕਦੇ ਮੈਂ ਅਨੂ ਨੂੰ ਪੁੱਛ ਬੈਠੀ।

ਲੰਬਾ ਸਾਹ ਭਰਦੀ ਅਨੂ ਨੇ ਜਵਾਬ ਦਿੱਤਾ, "ਹਾਂ, ਦੱਸਿਆ ਸੀ, ਹੋਰ ਮੇਰੇ ਕੋਲ ਕਿਹੜਾ ਸੀ ਸੁਣਨ ਵਾਲਾ ? ਮੈਂ ਇੰਡੀਆ ਵਾਪਸ ਜਾਣਾ ਚਾਹੁੰਦੀ ਸਾਂ। ਇਸ ਬਾਰੇ ਡੈਡੀ ਨਾਲ ਗੱਲ ਕੀਤੀ। ਗੱਲ ਸੁਣਦਿਆਂ ਹੀ ਉਹ ਹਾੜੇ ਕੱਢਣ ਲੱਗ ਪਏ... ਨਾ ਮੇਰਾ ਬੀਬਾ ਪੁੱਤ, ਇੰਝ ਨਾ ਕਰੀਂ... ਉਥੇ ਹੀ ਰਹਿ ਔਖੇ- ਸੌਖੇ। ਵਾਪਸ ਆਉਣ ਬਾਰੇ ਨਾ ਸੋਚ... ਨਾਲੇ ਰਿੰਕੂ ਕਿਹੜਾ ਕੋਈ ਤੇਰੇ 'ਤੇ ਹੱਥ ਚੱਕਦਾ ਹੈ। ਕਾਰ ਹੀ ਨਹੀਂ ਲੈਣ ਦੇਂਦੇ। ਕੋਈ ਨਾ, ਠਹਿਰ ਕੇ ਲੈ ਲਵੀਂ... ਆਪਣੀਆਂ ਭੈਣਾਂ ਬਾਰੇ ਸੋਚ... ਥੋੜਾ ਜਿਹਾ ਵਕਤ ਹੋਰ ਲੰਘਾ... ਟਾਈਮ ਪੈ ਕੇ ਸਭ ਕੁਝ ਆਪੇ ਠੀਕ ਹੋ ਜਾਏਗਾ ... ... ...।

ਮੈਂ ਮਨ ਮਾਰ ਕੇ ਰਹਿ ਗਈ। ਕੋਈ ਵੀ ਮੇਰੀ ਗੱਲ ਨਹੀਂ ਸੀ ਸਮਝਦਾ। ਮੈਂ ਪੜ੍ਹਨਾ ਚਾਹੁੰਦੀ ਹਾਂ, ਕੁਝ ਬਣਨਾ ਚਾਹੁੰਦੀ ਹਾਂ। ਸੱਸ ਸਹੁਰਾ ਨਹੀਂ ਚਾਹੁੰਦੇ ਕਿ ਮੈਂ ਹੋਰ ਪੜ੍ਹਾਂ। ਉਹ ਸੋਚਦੇ ਹਨ ਕਿ ਜੇ ਮੈਂ ਫ਼ਾਰਮੈਸਿਸਟ ਬਣ ਗਈ ਤਾਂ ਰਿੰਕੂ ਨੂੰ ਛੱਡ ਦੇਵਾਂਗੀ। ਅਸਲੋਂ, ਉਹ ਮੈਨੂੰ ਅੱਗੇ ਵਧਣ ਦੇਣਾ ਹੀ ਨਹੀਂ ਚਾਹੁੰਦੇ। ਮੇਰੀ ਕਾਬਲੀਅਤ ਤੇ ਅਗਾਂਹ ਵਧਣ ਦੀ ਇੱਛਾ ਨੂੰ ਮੂਲੋਂ ਹੀ ਖ਼ਤਮ ਕਰਨ ਦੀਆਂ ਚਾਲਾਂ ਚੱਲ ਰਹੇ ਹਨ।

"ਤੇ ਰਿੰਕੂ ਕੀ ਚਾਹੁੰਦਾ ਹੈ?" ਮੈਂ ਫ਼ਿਰ ਸਵਾਲੀ ਹੋ ਗਈ।

"ਮੈਨੂੰ ਨਹੀਂ ਪਤਾ ਆਂਟੀ। ਕੁਝ ਕਰਦਾ ਵੀ ਨਹੀਂ ਤੇ ਨਾ ਹੀ ਕੁਝ ਕਹਿੰਦਾ ਹੈ। ਬਸ, ਹਰ ਵੇਲੇ ਸੁੱਤਾ ਰਹਿੰਦਾ ਹੈ। ਨਾ ਕੋਈ ਚਾਹਤ, ਨਾ ਉਮੰਗ। ਸਾਰਾ ਦਿਨ ਘਰੇ ਹੀ ਵੜਿਆ ਰਹਿੰਦਾ ਹੈ ਜਾਂ ਵੱਡੀਆਂ- ਵੱਡੀਆਂ ਗੱਲਾਂ ਮਾਰੀ ਆਉਂਦਾ ਹੈ। ਆਪ ਕੋਈ ਕੰਮ ਕਾਰ ਕਰਦਾ ਨਹੀਂ ਤੇ ਮੇਰੇ ਕੰਮ ਨੂੰ ਕੋਈ ਕੰਮ ਨਹੀਂ ਸਮਝਦਾ।

ਸਾਹ ਰੋਕੀ ਅਨੂ ਦੀਆਂ ਗੱਲਾਂ ਸੁਣੀ ਆ ਰਹੀ ਸਾਂ। ਹੁਣ ਕਾਫੀ ਸ਼ਾਂਤ ਹੋ ਗਈ ਸੀ। ਲੱਗਦਾ ਸੀ ਜਿਵੇਂ ਮਨ ਹੀ ਮਨ ਕੁਝ ਮਿੱਥ ਲਿਆ ਹੋਵੇ। ਉਹ ਖਾਲੀ ਗਲਾਸ ਚੱਕ ਕੇ, ਉਸ ਵਿੱਚ ਹੋਰ ਪਾਣੀ ਲੈ ਆਈ। ਮੇਰੇ ਕੋਲ ਬੈਠ ਗਈ। ਮੈਂ ਉਸਨੂੰ ਬੜੇ ਧਿਆਨ ਨਾਲ ਵੇਖ ਰਹੀ ਸਾਂ। ਉਸ ਦੀਆਂ ਪਤਲੀਆਂ ਤੇ ਲੰਮੀਆਂ- ਲੰਮੀਆਂ ਉਂਗਲਾਂ, ਗਲਾਸ ਦੁਆਲੇ ਵਲੀਆਂ ਹੋਈਆਂ ਸਨ... ਨਹੂੰ ਕਿਸੇ ਨੇਲ ਪਾਲਸ਼ ਵਗੈਰਾ ਦੇ ਮੁਥਾਜ ਨਹੀਂ ਸਨ... ਪਤਲੇ, ਨਾਜ਼ਕ ਤੇ ਗੋਰੇ- ਗੋਰੇ ਹੱਥ, ਸੁਰਾਹੀ ਸਰੂਪ ਲੰਮੀ ਧੌਣ, ਲੰਮੀਆਂ- ਲੰਮੀਆਂ ਪਤਲੀਆਂ ਬਾਹਾਂ ਵਾਲੀ ਅਨੂ ਕੋਈ ਹੀਰ, ਸੋਹਣੀ ਜਾਂ ਉਰਵਸ਼ੀ ਨਹੀਂ ਸੀ। ਹਾਂ, ਬਣਦੀ ਫ਼ੱਬਦੀ ਸੋਹਲ ਮੁਟਿਆਰ ਸੀ। ਉਸ ਦੇ ਧੁਰ ਅੰਦਰ ਮੱਠੀ ਤੇ ਮਿੱਠੀ ਸੁਰ ਵਾਲਾ ਜਲ- ਤਰੰਗ ਵੀ ਵੱਜਦਾ ਹੀ ਹੋਵੇਗਾ। ਪਰ, ਚਿਹਰੇ ਤੇ ਫ਼ਿਕਰਾਂ ਦੀ ਭੀੜ ਤੇ ਉਦਾਸੀ ਦੇ ਨਕਸ਼ ਹੀ ਬੋਲਦੇ ਸਨ। ਉਸ ਦੇ ਮਸਤਕ ਦੀ ਰੋਸ਼ਨੀ ਤੇ ਅੱਖਾਂ ਵਿਚਲੀ ਚਿਣਗ ਕੁਝ ਕਰ ਗੁਜ਼ਰਨ ਦੀ ਹਾਮੀ ਭਰਦੇ ਸਨ। ਆਤਮ ਵਿਸ਼ਵਾਸ ਨਾਲ ਭਰਿਆ ਚਿਹਰਾ ਇਸ ਧਰਤੀ ਦੀਆਂ ਜਾਈਆਂ ਨਾਲੋਂ ਸਪਸ਼ਟ ਤੌਰ ਤੇ ਵੱਖਰੀ ਨੁਹਾਰ ਵਾਲਾ ਸੀ।

ਮੈਨੂੰ ਆਪਦੇ ਵੱਲ ਝਾਕਦਿਆਂ ਤਾੜ ਕੇ, ਅਨੂ ਜਿਵੇਂ ਤ੍ਰਭਕ ਹੀ ਗਈ।

ਪਰ, ਬੋਲੀ ਕੁਝ ਨਹੀਂ। ਮੈਂ ਵੀ ਮੌਕਾ ਸਾਂਭਕੇ ਪੁੱਛ ਹੀ ਲਿਆ, "ਤੇ ਇਥੇ ਆਈ ਮੀਨ ਸਾਡੀ ਬੇਸਮੈਂਟ ਵਿੱਚ ਕਿਵੇਂ ਪਹੁੰਚੇ?"

"ਹਾਂ ਆਂਟੀ" ਕਹਿੰਦੀ ਅਨੂ ਲੰਬਾ ਸਾਹ ਭਰਕੇ ਹੌਲੀ- ਹੌਲੀ ਕਹਿਣ ਲੱਗੀ, "ਆਂਟੀ ਜਦੋਂ ਕਾਰ ਦੀ ਗੱਲ ਤੇ ਘਰ ਵਿੱਚ ਲੜਾਈ ਦਾ ਮੁੱਢ ਬੱਝ ਗਿਆ, ਮੈਂ ਆਪਣੇ ਕੰਮ ਦੇ ਐਚ ਆਰ ਵਾਲਿਆਂ ਨੂੰ ਬੇਨਤੀ ਕੀਤੀ ਕਿ ਮੇਰੇ ਚੈਕ ਪਹਿਲੇ ਖ਼ਾਤੇ ਵਿੱਚ ਨਾ ਪਾਏ ਜਾਣ। ਹੁਣ ਤੋਂ ਟੀ ਡੀ ਬੈਂਕ ਵਿੱਚ ਖੋਲੇ ਗਏ ਨਵੇਂ ਅਕਾਉਂਟ ਨੂੰ ਹੀ ਵਰਤਿਆ ਜਾਵੇ। ਜਦੋਂ ਪਹਿਲੇ ਖ਼ਾਤੇ ਵਿੱਚ ਪੇ ਚੈਕ ਜਮਾਂ ਨਾ ਹੋਇਆ ਤਾਂ ਘਰ ਵਿੱਚ ਕੋਹਰਾਮ ਹੀ ਮਚ ਗਿਆ। ਮੈਂ ਆਪਣੀ ਬੱਚਤ ਵਿਚੋਂ ਫ਼ਾਰਮੈਸਿਸਟ ਕੋਰਸ ਤੇ ਲਾਇਸੈਂਸ ਦੀ ਫ਼ੀਸ ਭਰ ਚੁਕੀ ਸਾਂ। ਹੁਣ ਸਾਨੂੰ ਖੜ੍ਹੇ ਪੈਰ ਘਰ ਛੱਡ ਕੇ ਜਾਣ ਦਾ ਫ਼ਰਮਾਨ ਹੋ ਗਿਆ ਸੀ। ਹੁਕਮ ਸੀ ਪਈ ਜੇ ਮਨਮਰਜ਼ੀਆਂ ਚਲਾਣੀਆਂ ਨੇ ਤਾਂ ਆਪਣਾ ਘਰ ਲੈ ਕੇ ਰਹੋ। ਬਸ, ਫ਼ਿਰ ਕਿਸੇ ਦੇਰ ਤੋਂ ਪਹਿਲਾਂ ਹੀ ਕੁਝ ਕਪੜੇ ਲੀੜੇ ਤੇ ਜ਼ਰੂਰੀ ਵਸਤਾਂ ਚੁੱਕੀਆਂ... ਨਾਲ ਦੀ ਨਾਲ ਹੀ, ਤੁਹਾਡੀ ਬੇਸਮੈਂਟ ਵਿੱਚ ਸ਼ਿਫ਼ਟ ਹੋ ਗਏ।

ਉਸਦੀ ਗੱਲ ਦਾ ਹੁੰਗਾਰਾ ਭਰਦੇ ਹੋਏ ਘੜੀ ਦੇਖੀ ਤਾਂ ਸਵੇਰ ਦੇ ਚਾਰ ਵੱਜ ਚੁਕੇ ਸਨ। ਮੈਂ ਅਨੂ ਨੂੰ ਉਥੇ ਹੀ ਕੰਬਲ ਤੇ ਸਿਰਹਾਣਾ ਦੇਕੇ, ਆਪਣੇ ਬੈਡ ਰੂਮ ਵਿੱਚ ਜਾ ਕੇ ਸੌਂ ਗਈ।

ਸਵੇਰੇ ਸਾਢੇ ਨੌਂ ਵਜੇ ਮੇਰੀ ਨੀਂਦ ਖੁਲ੍ਹੀ ਤਾਂ ਬੱਚੇ ਅਤੇ ਪਤੀ ਦੇਵ ਆਪੋ ਆਪਣੇ ਕੰਮਾਂ ਤੇ ਜਾ ਚੁਕੇ ਸਨ। ਸ਼ਾਇਦ ਅਨੂ ਵੀ ਕੰਮ ਤੇ ਜਾਂ ਹੇਠਾਂ ਬੇਸਮੈਂਟ ਵਿੱਚ ਜਾ ਚੁਕੀ ਸੀ। ਸੁਖ ਦਾ ਸਾਹ ਆਇਆ ਕਿ ਸਭ ਠੀਕ ਠਾਕ ਲੱਗ ਰਿਹਾ ਸੀ। ਇਕ- ਇਕ ਕਰਕੇ ਕਈ ਦਿਨ ਤਿਲਕ ਗਏ। ਮੈਂ ਥੱਲੇ ਕੋਲਡ ਸਟੋਰ ਵਿੱਚ ਕੁਝ ਸਮਾਨ ਲੈਣ ਗਈ ਤੇ ਬੇਸਮੈਂਟ ਦਾ ਦਰਵਾਜ਼ਾ ਕੁਝ ਖੁਲ੍ਹਿਆ ਜਿਹਾ ਲਗਿਆ। ਅੰਦਰ ਝਾਤੀ ਮਾਰੀ ਤਾਂ ਨਾਈਟ ਬਲਬ ਜਗ ਰਿਹਾ ਸੀ ਤੇ ਅਨੂ ਸਿਲਾਈ ਮਸ਼ੀਨ ਤੇ ਕੁਝ ਸਿਓਂ ਰਹੀ ਸੀ। ਉਸ ਨੂੰ ਖੁਲ੍ਹੇ ਦਰਵਾਜ਼ੇ ਜਾਂ ਮੇਰੀ ਹਾਜ਼ਰੀ ਦਾ ਕੁਝ ਵੀ ਪਤਾ ਨਹੀਂ ਸੀ। ਜਦੋਂ ਉਸ ਕੋਲ ਪਹੁੰਚ ਗਈ ਤਾਂ ਮਸ਼ੀਨ ਬੰਦ ਕਰਕੇ ਮੇਰੇ ਵੱਲ ਹੈਰਾਨੀ ਨਾਲ ਵੇਖਣ ਲੱਗ ਪਈ। ਖ਼ਾਮੋਸ਼ ਪੈਰ-ਚਾਪ ਦੀ ਬਿੜਕ ਪਤਾ ਨਹੀਂ ਅਨੂ ਦੇ ਕੰਨਾਂ ਵਿੱਚ ਕਿਵੇਂ ਪੈ ਗਈ! "ਆਂਟੀ! ਤੁਸੀਂ... ਇਸ ਵੇਲੇ?" ਹੈਰਾਨੀ ਵਿੱਚ ਹੀ ਅਨੂ ਨੇ ਪੁਛ ਲਿਆ। ਪਰ, ਮੈਂ ਉਸ ਦਾ ਜਵਾਬ ਬਣੇ ਬਗੈਰ, ਆਪ ਹੀ ਇੱਕ ਸਵਾਲ ਬਣ ਗਈ, "ਆਹ ਕੀਹ ਸੀ ਰਹੀ ਹੈਂ?"

"ਕੁਝ ਨਹੀਂ ਆਂਟੀ, ਇਕ ਸਕਰਟ ਹੈ। ਮੇਰੇ ਨਾਲ ਕੰਮ ਕਰਦੀ ਇਕ ਸਹੇਲੀ ਨੇ ਕਿਸੇ ਵਿਆਹ ਤੇ ਜਾਣਾ ਹੈ। ਉਸਨੂੰ ਲੌਂਗ ਸਕਰਟ ਚਾਹੀਦੀ ਸੀ। ਉਸੇ ਨੂੰ ਸੀ ਰਹੀ ਹਾਂ।"

"ਤੂੰ ਕੱਪੜੇ ਵੀ ਸੀ ਲੈਂਦੀ ਹੈ?" ਮੇਰੀ ਹੈਰਾਨਗੀ ਦਾ ਮਿੱਠਾ ਜਿਹਾ ਸਵਾਲ ਸੀ। "ਹਾਂ ਆਂਟੀ ਇਥੇ ਆਉਣ ਤੋਂ ਪਹਿਲਾਂ, ਇਕ ਡਿਜ਼ਾਈਨਰ ਟੇਲਰ ਤੋਂ ਕੁਝ ਡਰੈਸਾਂ ਸੀਣ ਦਾ ਹੁਨਰ ਸਿੱਖਿਆ ਸੀ। ਉਹੀ ਹੁਣ ਕੰਮ ਆ ਰਿਹਾ ਹੈ। ਮੈਂ ਕੋਈ ਵੀ ਨਮੂਨਾ ਦੇਖਕੇ ਹੂ ਬ ਹੂ ਡਰੈਸ ਬਨਾ ਸਕਦੀ ਹਾਂ। ਇਸ ਨਾਲ ਕੁਝ ਪੈਸੇ ਵੀ ਬਣ ਜਾਂਦੇ ਨੇ। ਇਸ ਸਿਲਸਿਲੇ ਵਿੱਚ ਕੁਝ ਮਿਲਣ- ਗਿਲਣ ਵਾਲੇ ਵੀ ਖ਼ੁਸ਼ ਹੋ ਜਾਂਦੇ ਹਨ। ਥੋੜੇ ਜਹੇ ਖ਼ਰਚੇ ਵਿੱਚ, ਉਨ੍ਹਾਂ ਦੀ ਮਨਪਸੰਦ ਡਰੈਸ ਵੀ ਬਣ ਜਾਂਦੀ ਹੈ।

ਅੰਦਰੋਂ, ਮਨ ਹੀ ਮਨ ਮੈਂ ਵੀ ਹੈਰਾਨ ਸਾਂ ਕਿ ਇਹ ਕੁੜੀ ਕਿਨੀ ਮਿਹਨਤੀ, ਸੁਗੜ ਤੇ ਸੁਚੱਜੀ ਹੈ। ਮੇਰੀ ਨਿਗਾਹ ਦੂਜੇ ਕਮਰੇ ਵਿੱਚ ਪਏ ਰਿੰਕੂ ਤੇ ਪਈ... ਆਰਾਮ ਨਾਲ ਲੇਟਿਆ ਹੋਇਆ ਟੀ ਵੀ ਤੇ ਕੋਈ ਪਲੇ ਦ੍ਹੇਖ ਰਿਹਾ ਸੀ। ਵਿਚਾਰੀ ਅਨੂ! ਸਵੇਰੇ ਕੰਮ ਤੇ ਜਾਂਦੀ ਹੈ... ਘਰੇ ਸਿਲਾਈ ਕਰਦੀ ਤੇ ਬਚੇ ਹੋਏ ਵਕਤ ਨੂੰ ਪੜ੍ਹਨ ਦੇ ਲੇਖੇ ਲਾ ਦਿੰਦੀ ਹੈ। ਖ਼ੌਰੇ ਇਸ ਸਭ ਤੇ ਕਿਸੇ ਦੀ ਨਜ਼ਰ ਹੀ ਨਹੀਂ ਸੀ ਪੈਂਦੀ।

ਅਗਲੇ ਦਿਨ ਮੈਂ ਬਗੀਚੇ ਦੇ ਘਾਹ ਤੇ ਫੁੱਲਾਂ ਨੂੰ ਪਾਣੀ ਦੇ ਰਹੀ ਸਾਂ। ਕੰਮ ਤੇ ਜਾਂ ਰਹੀ ਅਨੂ ਨੇ ਉਚੀ ਸੁਰ ਵਿੱਚ 'ਗੁੱਡ ਮੌਰਨਿੰਗ ਆਂਟੀ' ਕਿਹਾ। ਮੈਂ ਗਰਦਨ ਘੁਮਾ ਕੇ ਉਸ ਵੱਲ ਵੇਖਿਆ। ਉਹ ਪੀਲੀ ਟੀ ਸ਼ਰਟ ਅਤੇ ਕਾਲੀ ਪੈਂਟ ਵਿੱਚ ਖ਼ੂਬ ਫ਼ਬ ਰਹੀ ਸੀ। ਧੁੱਪ ਤੋਂ ਬਚਣ ਲਈ ਕਾਲੀਆਂ ਐਨਕਾਂ ਲਾਈਆਂ ਹੋਈਆਂ ਸਨ। ਬਹੁਤੀ ਖ਼ੁਸ਼ ਤਾਂ ਨਹੀਂ ਪਰ, ਚਿਹਰੇ ਤੇ ਕੋਈ ਦੁੱਖ ਜਾਂ ਚਿੰਤਾ ਵੀ ਨਹੀਂ ਸੀ।

"ਹਾਇ ਅਨੂ... ਹੁਣ ਸਭ ਠੀਕ ਹੈ ਨਾ... ਨਾਲੇ ਹੁਣ ਰਿੰਕੂ ਨਾਲ ਗੁੱਸੇ ਤਾਂ ਨਹੀਂ?

" ਹਲਕੇ ਜਹੇ ਮਜ਼ਾਕੀਆ ਲਹਿਜ਼ੇ ਵਿੱਚ ਕਹਿ ਕੇ ਮੈਂ ਉਸ ਪਿਆਰੀ ਜਹੀ ਸੂਰਤ ਦੀ ਤੁਲਣਾ ਵੀ ਆਪਣੇ ਸਬੰਧਾਂ ਨਾਲ ਹੀ ਕਰ ਰਹੀ ਸਾਂ। ਦਿਨ ਭਰ ਦੀ ਕਿਚ- ਕਿਚ ਤੋਂ ਬਾਅਦ ਅਗਲੀ ਸਵੇਰ ਤਕ ਹਥਿਆਰ ਸੁੱਟ ਦੇਂਦੀ ਸਾਂ। ਪਤਾ ਸੀ ਕਿ ਰਵੀ ਦੇ ਸੁਭਾਅ ਵਿੱਚ ਕੋਈ ਬਦਲਾਅ ਤੇ ਆਉਣਾ ਨਹੀਂ। ਬਸ ਇਹ ਨੀਰਸ ਜਹੀ ਜ਼ਿੰਦਗੀ ਹੰਢਾਈ ਜਾ ਰਹੀ ਸਾਂ।" ਨਹੀਂ ਆਂਟੀ ਉਸ ਨੇ ਕੀ ਢਲਣਾ ਹੈ। ਮੈਂ ਹੀ ਇਸ ਬਾਰੇ ਸੋਚਣਾ ਛੱਡ ਦਿੱਤਾ ਹੈ। ਆਪਣੇ ਕੈਰੀਅਰ ਤੇ ਕੰਸੈਂਟਰੇਟ ਕਰਕੇ ਪੇਪਰਾਂ ਦੀ ਤਿਆਰੀ ਕਰ ਰਹੀ ਹਾਂ।" ਆਖ ਕੇ ਉਹ ਬੱਸ ਸਟੈਂਡ ਵਾਲੇ ਪਾਸੇ ਤੁਰ ਪਈ। ਮੈਂ ਵੀ ਪਾਣੀ ਦੀ ਪਾਈਪ ਗੈਰਾਜ ਵਿੱਚ ਰੱਖ, ਕਿਚਨ ਵਿੱਚ ਰੁੱਝ ਗਈ ਸਾਂ। ਦੋਪਹਿਰ ਵੀ ਹੋ ਗਈ ਹੈ, ਬੱਚਿਆਂ ਦੇ ਖਾਣ- ਪੀਣ ਦਾ ਆਹਰ ਕਰਨਾ ਹੈ। ਪਰ, ਪਹਿਲਾਂ ਚਾਹ ਪੀਣ ਨੂੰ ਜੀਅ ਕੀਤਾ। ਅਨੂ ਨੂੰ ਵੇਖਦਿਆਂ ਹੀ ਮੈਨੂੰ ਉਸ ਦਾ ਰੋਣਾ ਯਾਦ ਆ ਗਿਆ ਸੀ। **(ਬਾਕੀ ਅਗਲੇ ਸਫੇ ਤੇ)**

## ਕਹਾਣੀ

# ਇੱਕ ਸਵਾਲ

**ਜਤਿੰਦਰ ਰੰਧਾਵਾ**
**(647 982 2390)**

ਉਦੋਂ ਉਹ ਥੱਲੇ ਬੇਸਮੈਂਟ ਵਿੱਚ ਜਾਣ ਨੂੰ ਹੀ ਰਾਜ਼ੀ ਨਹੀਂ ਸੀ। ਬਾਅਦ ਵਿੱਚ ਪਤਾ ਲੱਗਿਆ ਕਿ ਉਹ ਏਨੀ ਪਰੇਸ਼ਾਨ ਕਿਉਂ ਸੀ।

ਹਾਂ, ਜਦ ਅਨੂ ਨੇ ਦੱਸਿਆ ਕਿ ਰਿੰਕੂ ਹੁਣ ਚੌਥੀ ਨੌਕਰੀ ਵੀ ਛੱਡੀ ਬੈਠਾ ਹੈ। ਉਹ ਸਾਲ ਵਿੱਚ ਤਿੰਨ- ਤਿੰਨ ਵਾਰ ਜਾਬ ਕਵਿੱਟ ਕਰ ਦੇਂਦਾ ਜਾਂ ਜਾਬ ਵਾਲੇ ਫਾਇਰ ਕਰ ਦੇਂਦੇ ਸੀ। ਵਿਚਾਰੀ ਅਨੂ ਨੂੰ ਕੁਝ ਵੀ ਨਹੀਂ ਸੀ ਪਤਾ। ਇਹ ਤਾਂ ਉਦਣ ਹੀ ਪਤਾ ਲੱਗਾ ਕਿ ਜਨਾਬ ਚਾਰ ਦਿਨ ਤੋਂ ਕੰਮ ਤੇ ਗਏ ਹੀ ਨਹੀਂ ਸਨ। ਇਧਰ- ਉਧਰ ਸੜਕਾਂ ਤੇ ਮਟਰ ਗਸ਼ਤੀ ਕਰ ਕੇ ਟਾਈਮ ਪਾਸ ਕਰਦੇ ਸਨ। ਅਨੂ ਦੇ ਆਉਣ ਪਿਛੋਂ ਰਿੰਕੂ ਵੀ ਘਰ ਆ ਜਾਂਦਾ ਸੀ। ਅਨੂ ਤਾਂ ਬੱਸਾਂ ਤੇ ਧੱਕੇ ਖਾਂਦੀ ਫਿਰਦੀ ਸੀ। ਰਿੰਕੂ ਸਾਹਬ ਐਵੇਂ ਹੀ ਕਾਰ ਲੈਕੇ ਗੇੜੇ ਤੇ ਗੇੜਾ ਲਾਈ ਫ਼ਿਰਦੇ!

ਬੋਲ੍ਹ ਬੁਲਾਰੇ ਦੇ ਅਗਲੇ ਹੀ ਦਿਨ, ਕੰਪਨੀ ਵਾਲੇ ਉਸਦੀ ਕਾਰ ਟੋਅ ਕਰਕੇ ਲੈ ਗਏ ਸਨ। ਉਸ ਦੀਆਂ ਕੁਝ ਕਿਸ਼ਤਾਂ ਟੁੱਟ ਚੁਕੀਆਂ ਸਨ। ਅਨੂੰ ਤਾਂ ਆਏ ਹਫ਼ਤੇ, ਕਿਸ਼ਤ ਦੇ ਪੈਸੇ ਰਿੰਕੂ ਦੀ ਤਲੀ ਤੇ ਧਰ ਦਿੰਦੀ ਸੀ। ਪਰ, ਉਹ ਕਿਤੇ ਹੋਰ ਹੀ ਉਡਾ ਦੇਂਦਾ ਸੀ।

ਉਸ ਸ਼ਾਮ ਓਹਨਾਂ ਦੇ ਬੋਲ- ਬੁਲਾਰੇ ਨੇ ਭਾਂਬੜ ਦਾ ਰੂਪ ਧਾਰ ਲਿਆ ਸੀ। ਉਦੋਂ ਇੰਡੀਆ ਫ਼ੋਨ ਕਰਨ ਦੀ ਕੋਈ ਤੁਕ ਹੀ ਨਹੀਂ ਸੀ। ਅਨੂ ਨੇ ਸੱਸ- ਸਹੁਰੇ ਨੂੰ ਰਿੰਕੂ ਦੀ ਸ਼ਿਕਾਇਤ ਕਰ ਦਿੱਤੀ। ਉਨ੍ਹਾਂ ਉਲਟਾ ਅਨੂ ਨੂੰ ਹੀ ਧਮਕਾਉਣਾ ਸ਼ੁਰੂ ਕਰ ਦਿੱਤਾ। ਇਹੀ ਡਰਾਵਾ ਕਿ ਚੁੱਪ ਹੋ ਕੇ ਰਹੀ ਜਾ। ਨਹੀਂ ਤਾਂ ਡਿਪੋਰਟ ਕਰਵਾ ਦੇਵਾਂਗੇ। ਕੋਈ ਵੀ ਵਾਹ ਚਲਦੀ ਨਾ ਦੇਖਕੇ ਹੀ ਅਨੂ, ਬਾਹਰ ਡਰਾਈਵ ਵੇ ਤੇ ਆ ਖੜੀ ਸੀ। ਮੇਰੇ ਕਹਿਣ ਸੁਣਨ ਤੇ ਹੀ ਉਸਨੇ ਕੁਝ ਢਾਰਸ ਕੀਤੀ ਤੇ ਘਰ ਵਿੱਚ ਦਾਖਲ ਹੋ ਗਈ।

ਇਹਨਾਂ ਪਲਾਂ ਵਿੱਚ ਵੀ, ਮੇਰੇ ਮਨ ਅੰਦਰ ਉਹੀ ਸ਼ਾਮ ਹਾਜ਼ਰ- ਨਾਜ਼ਰ ਹੈ। ਇਸੇ ਸ਼ਸ਼ੋਪੰਜ ਵਿੱਚ ਹਾਂ ਕਿ ਅਨੂ ਦੀ ਕਹਾਣੀ ਮੇਰੇ ਜਹੀ ਨਹੀਂ ਬਣਨੀ ਚਾਹੀਦੀ। ਮੈਂ ਚਾਹ ਬਣਨੀ ਰੱਖ ਦਿੱਤੀ ਸੀ। ਚਾਹ ਦੇ ਉਬਲਦੇ ਪਾਣੀ ਨਾਲ, ਮੇਰਾ ਮਨ ਵੀ ਉਬਾਲੇ ਖਾ ਰਿਹਾ ਸੀ। ਉਬਾਲਿਆਂ ਵਿੱਚ ਹੀ ਕਿਸੇ ਸਵਾਲ ਦੀ ਮੁਹਾਰਨੀ ਪੜ੍ਹੀ ਆ ਰਿਹਾ ਸੀ। ਸਵਾਲ ਇਹੀ ਕਿ ਅਜਿਹੇ ਕਰਮਾਂ ਦਾ ਦੋਸ਼ੀ ਕੌਣ ਹੈ? ਮੇਰੇ ਮਨ ਦਾ ਰੌਲਾ ਉਚੇ ਤੋਂ ਉਚਾ ਹੋਈ ਜਾ ਰਿਹਾ ਸੀ। ਕੋਈ ਪੰਦਰਾਂ- ਵੀਹ ਸਾਲ ਮੈਂ ਵੀ ਅਜਿਹੇ ਭਾਂਬੜਾਂ ਦਾ ਸ਼ਿਕਾਰ ਰਹੀ ਹਾਂ। ਕੋਈ ਖ਼ੈਰ ਜਾਂ ਦੁਆ ਰਾਸ ਨਹੀਂ ਸੀ ਆਈ। ਦਿਲ ਵਿੱਚ ਕੋਈ ਨਾ ਕੋਈ ਚਿਣਗ ਮਚਦੀ ਹੀ ਰਹਿੰਦੀ ਸੀ। ਉਦੋਂ ਤਾਂ ਕਿਸੇ ਹੱਲ ਦਾ ਨਸੀਬ ਨਹੀਂ ਸੀ ਬਣਿਆ। ਹੁਣ ਤਾਂ ਦੋਵੇਂ ਪੁੱਤਰ ਵੀ ਜਵਾਨੀ ਦੀ ਦਹਿਲੀਜ਼ ਤੇ ਪੈਰ ਰੱਖ ਚੁਕੇ ਹਨ। ਸਰੀਰ ਪੱਖੋਂ ਵੀ ਅੰਗਾਂ ਦੇ ਮੋਕਲੇ ਤੇ ਤਰਾਸ਼ੇ ਹੋਏ ਹਨ। ਛੋਟਾ ਬੇਟਾ ਰੋਹਿਤ ਕੱਦ- ਕਾਠ ਵੱਲੋਂ ਵੀ, ਪਿਤਾ ਦੇ ਪੈਰਾਂ 'ਤੇ ਪੈਰ ਧਰ ਰਿਹਾ ਹੈ। ਕਈ ਵਾਰ ਕਹਿ ਚੁਕਿਆ ਹੈ, "ਮੌਮ ਤੂੰ ਡੈਡ ਤੋਂ ਡਾਇਵੋਰਸ ਕਿਉਂ ਨਹੀਂ ਲੈ ਲੈਂਦੀ ? ਸਾਰਾ ਦਿਨ ਤਾਂ ਲੜਦੇ ਰਹਿੰਦੇ ਹੋ... ਡੈਡ ਕੁਝ ਕਰਦੇ ਤਾਂ ਹੈ ਨਹੀਂ... ਬੈਠੇ- ਬੈਠੇ ਰੋਹਬ ਝਾੜਦੇ ਰਹਿੰਦੇ ਨੇ! "ਆਈ ਡੂ ਨਾਟ ਲਾਈਕ ਹਿਮ ਐਨੀ ਮੋਰ" ਉਸ ਨੇ ਪ੍ਰੇਸ਼ਾਨੀ ਦੇ ਖੋਭੇ 'ਚੋਂ ਬੁੜਬੁੜਾਂਦੇ ਜਹੇ ਕਿਹਾ ਸੀ।

ਮੈਂ ਅੰਦਰ ਤੱਕ ਹਿੱਲ ਗਈ ਸਾਂ। ਬਚਿੱਆਂ ਨੂੰ ਵੀ ਸਭ ਪਤਾ ਹੈ। ਵੱਡੇ ਹੋ ਕੇ ਪਤਾ ਨਹੀਂ ਕਿਹੋ ਜਿਹਾ ਸਲੂਕ ਕਰਨਗੇ!

ਇੱਕ ਚਲ ਚਿੱਤਰ ਜਿਹਾ, ਆਪਮੁਹਾਰੇ ਹੀ ਮਨ ਦੀਆਂ ਅੱਖਾਂ ਸਾਹਮਣੇ ਆ ਰਿਹਾ ਹੈ। ਛੋਟਾ ਗਗਨ ਤਾਂ ਗੁੰਮਸੁੰਮ ਜਿਹਾ ਫਿਰ ਰਿਹਾ ਹੈ। ਕੁਝ ਬੋਲਦਾ ਵੀ ਨਹੀਂ। ਇਸ ਦੀ ਟੀਚਰ ਵਾਰ- ਵਾਰ ਮੈਨੂੰ ਬੁਲਾ ਰਹੀ ਹੈ। ਕਹਿੰਦੀ ਹੈ ਕਿ ਇਸਨੂੰ ਕਾਉਂਸਲਿੰਗ ਦੀ ਲੋੜ ਹੈ... ਉਦਾਸ ਰਹਿੰਦਾ ਹੈ... ਪੜ੍ਹਾਈ ਵਿੱਚ ਦਿਲ ਨਹੀਂ ਲਗਾਉਂਦਾ... ਸਾਰੇ ਸਬਜੈਕਟਸ ਵਿੱਚ ਸੀ ਗਰੇਡ ਲਿਆ ਹੈ। ਮੈਂ ਫ਼ਿਰ ਸਕੂਲ ਜਾਂਦੀ ਹਾਂ, ਟੀਚਰ ਉਹੀ ਕੁਝ ਦੁਹਰਾਂਦੀ ਹੈ। ਨਾਲ- ਨਾਲ ਇਹ ਵੀ ਕਹਿੰਦੀ ਹੈ ਕਿ ਇਹ, ਹੋਰ ਬੱਚਿਆਂ ਨਾਲ ਮਿਕਸ ਨਹੀਂ ਹੁੰਦਾ।

ਉਸ ਦਿਨ ਤਾਂ ਹੱਦ ਹੀ ਹੋ ਗਈ ਸੀ ਜਦੋਂ ਰਵੀ ਨੇ ਪੰਜਾਹ ਹਜ਼ਾਰ ਦਾ ਹਾਈਲੈਂਡਰ ਲਿਆਕੇ ਬੂਹੇ ਅਗੇ ਖੜਾ ਕਰ ਦਿੱਤਾ ਸੀ। ਆਪਣੇ ਕੋਲ ਪੰਜ ਹਜ਼ਾਰ ਵੀ ਨਹੀਂ ਸਨ। ਫ਼ਿਰ ਵੀ, ਇਧਰੋਂ- ਉਧਰੋਂ ਜੁਗਾੜਬਾਜ਼ੀ ਕਰ ਕੇ ਤੇਰਾਂ ਹਜ਼ਾਰ ਦੀ ਡਾਊਨ ਪੇਮੈਂਟ ਕਰਕੇ ਕਿਸ਼ਤਾਂ ਬੰਨ ਲਈਆਂ ਸਨ । ਕਿਸ਼ਤ ਕਿਹੜੀ ਛੋਟੀ ਸੀ। ਆਏ ਹਫ਼ਤੇ ਤਿੰਨ ਸੌ ਡਾਲਿਆਂ ਦੀ ਬਲੀ ਦੇਣੀ ਪੈਂਦੀ ਸੀ। ਸਾਨੂੰ ਮਾਂ- ਪੁੱਤਾਂ ਨੂੰ ਵੱਡੀ ਗੱਡੀ ਦੇਖ਼ਕੇ, ਜਿਵੇਂ ਸੱਪ ਹੀ ਸੁੰਘ ਗਿਆ ਸੀ। "ਲਉ ਜੀ ਆ ਗਈ ਪੁਆੜੇ ਦੀ ਜੜ੍ਹ", ਮੇਰੇ ਮੂਹੋਂ ਹੀ ਨਿਕਲ ਗਿਆ ਸੀ। ਫ਼ਿਰ, ਸਾਡੀ ਬਹੁਤ ਲੜਾਈ ਹੋਈ ਸੀ। ਸਾਡੀਆਂ ਅੱਖਾਂ ਵਿੱਚੋਂ ਵੀ ਕ੍ਰੋਧ ਦੇ ਸ਼ੋਅਲੇ ਵਰ੍ਹਦੇ ਰਹੇ ਸਨ। ਬੱਚੇ ਵੀ ਬਹੁਤ ਦੁਖੀ ਹੋਏ ਸਨ। ਆਪਣੀ ਥਾਵੇਂ ਕੁੜ੍ਹਦੇ ਰਹੇ ਸਨ। ਬੰਦੇ ਦੀ ਆਮਦਨੀ ਚੰਗੀ ਹੋਵੇ ਤਾਂ ਕੋਈ ਫ਼ਰਕ ਨਹੀਂ ਪੈਂਦਾ। ਖ਼ਰਚਾ ਪਹਿਲਾਂ ਹੀ ਮਸਾਂ ਚਲਦਾ ਸੀ। ਉਤੋਂ, ਰਵੀ ਦੇ ਕੰਮ ਦਾ ਕੋਈ ਭਰੋਸਾ ਹੀ ਨਹੀਂ ਸੀ ਹੁੰਦਾ। ਜਦੋਂ ਮਰਜ਼ੀ ਆਪੇ ਛੱਡ ਦੇਂਦਾ ਜਾਂ ਕੰਪਨੀ ਵਾਲੇ ਛੁੱਟੀ ਕਰ ਦੇਂਦੇ। ਫ਼ਿਰ, ਐਨੀ ਵੱਡੀ ਗੱਡੀ ਕਿਹੜੀ ਆਸ ਤੇ ਲੈ ਬੈਠਾ! ਸਮਝੋਂ ਬਾਹਰ ਹੋਣ ਕਾਰਨ, ਮੇਰੇ ਮਨਾਂ ਦੀ ਵਿਆਕੁਲਤਾ ਪੈਰ ਪਸਾਰੀ ਜਾ ਰਹੀ ਸੀ।

ਅਜਿਹੇ ਕਾਰੇ ਵਾਰ- ਵਾਰ ਹੁੰਦੇ ਰਹੇ। ਕੁਝ ਵੀ ਲੈਣ ਲਗਿਆ ਕਦੀ ਸਲਾਹ ਨਹੀਂ ਸੀ ਲੈਂਦਾ। ਐਵੇਂ ਹੀ ਹਵਾ ਵਿੱਚ ਫ਼ੋਕੀਆਂ ਉਡਾਰੀਆਂ ਮਾਰਦਾ ਰਹਿੰਦਾ। ਉਸ ਦਿਨ ਗੁਸੈਲੀ ਲੜਾਈ ਝਜੜੇ ਦੀ ਤੜਫ਼ਣ ਕਰਕੇ ਸਾਰੇ ਹੀ ਭੁੱਖੇ ਸੌਂ ਗਏ ਸਾਂ। ਮਨ ਨੇ ਦੁਖੀ ਹੋਣਾ ਹੀ ਸੀ। ਰਵੀ ਆਪਣੀ ਜਗ੍ਹਾ ਮੂੰਹ ਫੁਲਾਈ ਬੈਠਾ ਸੀ। ਬੇਸ਼ਰਮੀ ਦੀ ਜੀਭ ਨਾਲ ਕਹਿ ਰਿਹਾ ਸੀ, "ਕਿਨੀਂ ਮਨਹੂਸ ਜਨਾਨੀ ਹੈ, ਹਰ ਗੱਲ ਤੇ ਰੋਣ- ਪਿੱਟਣ ਪਾਕੇ ਬਹਿ ਜਾਂਦੀ ਹੈ।"

ਰਵੀ ਨੂੰ ਕੌਣ ਸਮਝਾਂਦਾ ਕਿ ਉਸਦੀ ਫ਼ਜ਼ੂਲ ਖਰਚੀ, ਆਲਸ ਤੇ ਨਾਸਮਝੀ ਹੀ ਅਸਲ ਪੁਆੜੇ ਦੀ ਜੜ੍ਹ ਹੈ। ਅੰਤ ਉਹੀ ਹੋਇਆ ਕਿ ਦੋ- ਤਿੰਨ ਮਹੀਨਿਆਂ ਵਿੱਚ ਹੀ ਗੱਡੀ ਨਾਲੇ ਘਰ ਦੀਆਂ ਕਿਸ਼ਤਾਂ ਵੀ ਟੁੱਟਣੀਆਂ ਸ਼ੁਰੂ ਹੋ ਗਈਆਂ। ਚਾਰ- ਪੰਜ ਕਿਸ਼ਤਾਂ ਟੁੱਟਣ ਬਾਅਦ ਹੀ ਕੰਪਨੀ ਗੱਡੀ ਟੋਅ ਕਰਕੇ ਲੈ ਗਈ... ਪੰਦਰਾਂ ਹਜ਼ਾਰ ਦੇ ਕਰਜ਼ੇ ਦੀ ਪੰਡ ਸਾਡੇ ਸਿਰ ਤੇ ਆ ਟਿਕੀ।

ਚੰਨ ਤੇ ਤਾਰੇ ਉਗਦੇ ਤੇ ਅਸਤ ਹੁੰਦੇ ਰਹੇ। ਸੂਰਜ ਵੀ ਘਟਦਾ ਤੇ ਵਧਦਾ ਰਿਹਾ। ਕੁਝ ਦਿਨ ਆਰਾਮ ਨਾਲ ਲੰਘ ਗਏ। ਕੋਈ ਵੱਡਾ ਧਮਾਕਾ ਨਹੀਂ ਹੋਇਆ। ਸਭ ਕੁਝ ਸਹਿਜ ਹੀ ਦਿਖ ਰਿਹਾ ਸੀ। ਅੰਦਰਖ਼ਾਤੇ ਮੈਂ ਨਹੀਂ ਸਾਂ ਚਾਹੁੰਦੀ ਕਿ ਅਨੂੰ ਨਾਲ ਵੀ ਸਾਡੇ ਵਰਗੀ ਬੀਤੇ। ਉਂਝ ਮੈਂ ਅਨੂ ਨੂੰ ਪਹਿਲਾਂ ਹੀ ਬੇਫ਼ਿਕਰ ਰਹਿਣ ਲਈ ਕਹਿ ਚੁਕੀ ਸਾਂ। ਉਸ ਨੂੰ ਘਰੋਂ ਬਾਹਰ ਪੈਰ ਨਾ ਪੁਟਣ ਦੀ ਤਾਕੀਦ ਵੀ ਕੀਤੀ ਸੀ। ਘਰੋਂ ਬਾਹਰ ਹੋਣਾ ਵੀ ਹੋਵੇ ਤਾਂ ਰਿੰਕੂ ਹੋਵੇ। ਤੂੰ ਘਰ ਨਹੀਂ ਛੱਡਣਾ... ਆਪਣੇ ਆਪ ਨੂੰ ਇਕੱਲੀ ਨਾ ਸਮਝੀਂ!

ਅੱਜ ਸ਼ਾਮੀਂ ਅਨੂ ਫ਼ੇਰ ਉਪਰ ਆਈ। ਬਾਗੋ- ਬਾਗ ਨਜ਼ਰ ਆ ਰਹੀ ਸੀ। ਪਰ, ਆਪਣੀ ਖ਼ੁਸ਼ੀ ਨੂੰ ਉਪਰੋਂ ਜ਼ਾਹਰ ਨਹੀਂ ਸੀ ਕਰਨਾ ਚਾਹੁੰਦੀ। ਉਹ ਸਿੱਧੀ ਮੇਰੇ ਕੋਲ ਕਿਚਨ ਵਿੱਚ ਹੀ ਆ ਗਈ। "ਆਂਟੀ ਮੈਂ ਫ਼ਾਰਮੈਸਿਸਟ ਦੇ ਸਾਰੇ ਟੈਸਟ ਪਾਸ ਕਰ ਲਏ!"

ਮੇਰੀ ਖ਼ੁਸ਼ੀ ਨੇ ਵੀ 'ਵਾਹ ਜੀ ਵਾਹ' ਨਾਲ ਹੀ ਵਧਾਈਆਂ ਦਾ ਕਰਮ ਖ਼ੁਸ਼ੀ- ਖ਼ੁਸ਼ੀ ਪੂਰਾ ਕਰ ਦਿੱਤਾ। ਉਸਦੀ ਹਿੰਮਤ ਤੇ ਲਗਨ ਦੀ ਤਹਿ ਦਿਲੋਂ ਰਜਵੀਂ ਦਾਦ ਤੇ ਸ਼ਾਬਾਸ਼ੇ ਵੀ ਦਿੱਤੀ।

"ਹਾਂ ਆਂਟੀ, ਮਿਹਨਤ ਤਾਂ ਕਰਨੀ ਹੀ ਪੈਣੀ ਸੀ।"

"ਐਨੇ ਖ਼ਲਜਗਣ ਵਿੱਚ ਵੀ ਕੀਤੀ ਤੇਰੀ ਪੜ੍ਹਾਈ ਨੇ ਕਈਆਂ ਦੀਆਂ ਅੱਖਾਂ ਖ਼ੋਲ੍ਹ ਦਿੱਤੀਆਂ ਹਨ।" ਹਿੰਮਤ ਹਾਰਦੀ ਬਹੁਤ ਦੁਨੀਆਂ ਵੇਖੀ ਹੈ। ਹਾਰ ਕੇ, ਸਮੇਂ ਤੇ ਹਾਲਾਤ ਸਿਰ ਠੀਕਰਾ ਭੰਨਦੀ ਹੈ। ਮੈਂ ਆਪਣੇ ਅੰਦਰ ਨੂੰ ਬਹੁਤਾ ਤੇ ਉਸ ਨੂੰ ਥੋੜਾ ਕਹਿ ਰਹੀ ਸਾਂ। ਮੇਰੀ ਗੱਲ ਦਾ ਅਨੂ ਨੇ ਸਹਿਜ ਹੀ ਹਾਂ ਪੱਖੀ ਹੁੰਗਾਰਾ ਭਰ ਦਿੱਤਾ। ਹੁੰਗਾਰੇ ਵਿੱਚੋਂ ਵੀ ਬਹੁਤ ਕੁਝ ਨਜ਼ਰ ਆ ਰਿਹਾ ਸੀ। ਉਸਦੀ ਦਿਨਾਚਾਰੀ ਹੀ ਉਸ ਦੀ ਵੱਡੀ ਤਾਕਤ ਵਿੱਚ ਉਤਾਰਾ ਕਰ ਰਹੀ ਸੀ।

"ਆਂਟੀ, ਹਾਲੇ ਇੱਕ ਗੱਲ ਹੋਰ ਕਰਨੀ ਸੀ।" ਅਨੂ ਨੇ ਕੁਝ ਭੇਦ ਭਰੇ ਢੰਗ ਨਾਲ ਬਹੁਤ ਹੌਲੀ ਸੁਰ ਵਿੱਚ ਕਿਹਾ। "ਦੱਸ, ਕਿਹੜੀ ਗੱਲ?" ਮੇਰੀ ਹੈਰਾਨਗੀ ਹੀ ਸਵਾਲ ਬਣ ਗਈ ਸੀ।

"ਆਂਟੀ, ਅਗਲੇ ਮਹੀਨੇ ਤੋਂ ਬੇਸਮੈਂਟ ਕਿਸੇ ਹੋਰ ਨੂੰ ਦੇ ਦੇਣਾ। ਮੈਂ ਜਾ ਰਹੀ ਹਾਂ।"

"ਕਿੱਥੇ?"

"ਮੇਰੀ ਇਨਟਰਨਸ਼ਿਪ ਹੈ। ਅਲਬਰਟਾ ਪਰੋਵਿੰਸ ਦੀ ਇੱਕ ਫ਼ਾਰਮਾ ਕੰਪਨੀ ਨਾਲ ਇੰਟਰਨਸ਼ਿਪ ਕਰਨੀ ਪੈਣੀ ਹੈ। ਲਾਇਸੈਂਸ ਲੈਣ ਲਈ ਇਹ ਆਖਰੀ ਤੇ ਜ਼ਰੂਰੀ ਕੰਮ ਹੈ। ਫ਼ਿਰ ਮੈਨੂੰ ਫ਼ਾਰਮੈਸਿਸਟ ਦੀ ਜੌਬ ਮਿਲ ਜਾਵੇਗੀ।" ਕਹਿੰਦੀ- ਕਹਿੰਦੀ ਉਹ ਬੁਲਬੁਲ ਵਾਂਗ ਚਹਿਕ ਵੀ ਰਹੀ ਸੀ।

"ਕੀ ਤੂੰ ਰਿੰਕੂ ਨੂੰ ਦੱਸਿਆ ਹੈ?"

"ਪਤਾ ਨਹੀਂ।" ਆਖ਼ ਕੇ ਉਸਨੇ ਕੁਝ ਲੰਮੀ ਚੁੱਪ ਹੀ ਵੱਟ ਲਈ।

"ਕੀਹ?

. ... ਹਾਂ , ਉਸ ਨੂੰ ਇੰਟਰਨਸ਼ਿਪ ਤੇ ਜਾਣ ਬਾਰੇ ਪਤਾ ਹੈ। ਉਹ, ਹੁਣ ਆਵਦੇ ਪੇਰੈਂਟਸ ਕੋਲ ਰਹੇਗਾ।"

"'ਤੇ ਤੇਰੇ ਏਨਾ ਚਿਰ ਨਾ ਆਉਣ ਬਾਰੇ?"

ਅਨੂ ਕੁਝ ਵੀ ਬੋਲੇ ਬਗ਼ੈਰ ਚੁੱਪ- ਚਾਪ ਹੀ ਬਾਹਰ ਚਲੀ ਗਈ ਸੀ। ਮੈਨੂੰ ਮੇਰੇ ਸਵਾਲ ਦਾ ਜਵਾਬ ਮਿਲ ਗਿਆ ਸੀ।

-----------

## ਸਫਾ 1 ਦੀਆਂ ਬਾਕੀ

# ਪੰਜਾਬ ਵਿਚ ਇਸ ਵਾਰ ਮੁਕਾਬਲਾ ਹੋਇਆ ਬਹੁ-ਕੋਣਾ

ਵਿਰੋਧੀ ਧਿਰ 'ਚ ਬੈਂਸ ਭਰਾਵਾਂ ਨਾਲ ਬੈਠ ਗਏ।

**ਕੇਜਰੀਵਾਲ ਗੈਰ ਪੰਜਾਬੀ- ਅਮਰਿੰਦਰ ਸਿੰਘ**

ਚੰਡੀਗੜ੍ਹ- ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਪੰਜਾਬ ਦੇ ਮੁੱਖ ਮੰਤਰੀ ਦੇ ਅਹੁਦੇ ਲਈ ਉਮੀਦਵਾਰ ਵਜੋਂ ਉਭਾਰੇ ਜਾਣ ਦਾ ਸਖ਼ਤ ਨੋਟਿਸ ਲੈਂਦਿਆਂ ਕਿਹਾ ਕਿ ਉਹ ਕਿਸੇ ਗੈਰ ਪੰਜਾਬੀ ਨੂੰ ਸੂਬੇ ਦੇ ਮੁੱਖ ਮੰਤਰੀ ਵਜੋਂ ਉਭਾਰੇ ਜਾਣ ਦਾ ਜ਼ੋਰਦਾਰ ਵਿਰੋਧ ਕਰਦੇ ਰਹੇ ਹਨ ਅਤੇ ਕਰਦੇ ਰਹਿਣਗੇ। ਉਨ੍ਹਾਂ ਕਿਹਾ ਕਿ ਸ੍ਰੀ ਕੇਜਰੀਵਾਲ ਨੂੰ ਭ੍ਰਿਸ਼ਟਾਚਾਰ ਵਿਰੁੱਧ ਬੋਲਣ ਦਾ ਨੈਤਿਕ ਅਧਿਕਾਰ ਨਹੀ ਹੈ ਕਿਉਂਕਿ ਉਹ ਆਪਣੇ ਪ੍ਰਮੁੱਖ ਸਕੱਤਰ ਰਾਜਿੰਦਰ ਕੁਮਾਰ, ਜੋ ਭ੍ਰਿਸ਼ਟਾਚਾਰ ਦੇ ਕੇਸ 'ਚ ਫੜੇ ਗਏ ਸਨ, ਦਾ ਪੱਖ ਪੂਰਦੇ ਰਹੇ ਹਨ।

ਅੱਜ ਇਥੇ ਹਲਕਾ ਪਾਇਲ ਦੇ ਸੀਨੀਅਰ ਅਕਾਲੀ ਆਗੂ ਜਗਜੀਵਨ ਸਿੰਘ ਦਾ ਕਾਂਗਰਸ 'ਚ ਸੁਆਗਤ ਕਰਦਿਆਂ ਉਨ੍ਹਾਂ ਕਿਹਾ ਕਿ ਕੇਜਰੀਵਾਲ ਹੁਣ ਕਹਿ ਰਿਹਾ ਹੈ ਕਿ ਉਹ ਬਾਦਲਾਂ ਨੂੰ ਜੇਲ੍ਹ ਭੇਜੇਗਾ, ਇਹ ਕੰਮ ਤਾਂ ਉਹ ਸਾਲ 2002 ਵਿੱਚ ਹੀ ਕਰ ਚੁੱਕੇ ਹਨ ਅਤੇ ਬਾਦਲ ਸਰਕਾਰੀ ਗਵਾਹਾਂ ਨੂੰ ਮੁਕਰਾ ਕੇ ਹੀ ਉਸ ਕੇਸ 'ਚੋਂ ਬਚ ਸਕੇ ਹਨ। ਉਨ੍ਹਾਂ ਕਿਹਾ ਕਿ ਕੇਜਰੀਵਾਲ ਬਾਦਲ ਵਿਰੋਧੀ ਭਾਵਨਾਵਾਂ ਦਾ ਲਾਹਾ ਲੈਣ ਦਾ ਯਤਨ ਕਰ ਰਿਹਾ ਹੈ ਪਰ ਉਸ ਨੂੰ ਇਸ ਗੱਲ ਦਾ ਪਤਾ ਨਹੀ ਹੈ ਕਿ ਉਹ ਉਨ੍ਹਾਂ ਨੂੰ ਕਿਵੇਂ ਜੇਲ੍ਹ ਭੇਜੇਗਾ ਪਰ 'ਮੈਂ ਇਹ ਜਾਣਦਾ ਹਾਂ ਤੇ ਪਹਿਲਾਂ ਵੀ ਇਹ ਕੰਮ ਕਰ ਚੁੱਕਾ ਹਾਂ ਅਤੇ ਮੁੜ ਉਨ੍ਹਾਂ ਨੂੰ ਜੇਲ੍ਹ ਭੇਜਾਂਗਾ।' ਸ੍ਰੀ ਕੇਜਰੀਵਾਲ ਵੱਲੋਂ ਕਾਂਗਰਸ ਦੀ ਅਕਾਲੀ ਦਲ ਨਾਲ ਮਿਲੀਭੁਗਤ ਦੇ ਲਾਏ ਦੋਸ਼ਾਂ ਨੂੰ ਰੱਦ ਕਰਦਿਆਂ ਉਨ੍ਹਾਂ ਕਿਹਾ ਕਿ ਇਸ 'ਚ ਰੱਤੀ ਭਰ ਵੀ ਸੱਚਾਈ ਨਹੀ ਹੈ ਕਿਉਂਕਿ ਜਿਹੜੀਆਂ ਗੱਲਾਂ ਉਹ ਬਾਦਲ ਦੇ ਖ਼ਿਲਾਫ਼ ਅੱਜ ਕਰ ਰਿਹਾ ਹੈ, ਇਹ ਗੱਲਾਂ ਉਹ ਪਹਿਲਾਂ ਹੀ ਕਰ ਚੁੱਕੇ ਹਨ। ਉਨ੍ਹਾਂ 'ਆਪ' ਆਗੂਆਂ ਖ਼ਿਲਾਫ਼ ਜਿਨਸੀ ਸ਼ੋਸ਼ਣ ਦੇ ਲੱਗ ਰਹੇ ਦੋਸ਼ਾਂ ਦੀ ਉੱਚ ਪੱਧਰੀ ਕਰਵਾਉਣ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਇਹ ਦੋਸ਼ ਕਿਸੇ ਹੋਰ ਨੇ ਨਹੀਂ ਸਗੋਂ ਉਨ੍ਹਾਂ ਦੀ ਪਾਰਟੀ ਦੇ ਸੇਵਾਮੁਕਤ ਕਰਨਲ ਤੇ ਵਿਧਾਇਕ ਦਵਿੰਦਰ ਸਹਿਰਾਵਤ ਨੇ ਲਾਏ ਹਨ। ਕੈਪਟਨ ਅਮਰਿੰਦਰ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਬਣਨ 'ਤੇ ਕਿਸਾਨਾਂ ਦੇ ਕਰਜ਼ੇ ਮੁਆਫ ਕੀਤੇ ਜਾਣਗੇ। ਕਾਂਗਰਸ ਦੇ ਕੌਮੀ ਮੀਤ ਪ੍ਰਧਾਨ ਰਾਹੁਲ ਗਾਂਧੀ ਵੀ ਕਿਸਾਨਾਂ ਦੇ ਕਰਜ਼ੇ ਮੁਆਫ ਕਰਨ ਬਾਰੇ ਕਹਿ ਚੁੱਕੇ ਹਨ। 'ਆਪ' ਨੇ ਕਰਜ਼ਾ ਮੁਆਫੀ ਦੇ ਹੱਕ 'ਚ ਹਾਲੇ ਇਕ ਦਿਨ ਪਹਿਲਾਂ ਐਲਾਨ ਕੀਤਾ ਹੈ, ਜੋ ਕਾਂਗਰਸ ਦੇ ਐਲਾਨਾਂ ਦੀ ਚੋਰੀ ਹੈ। 'ਆਪ' ਲਈ ਇਹ ਕੰਮ ਇਕ ਪੱਤਰਕਾਰ ਕਰ ਰਿਹਾ ਹੈ।

ਪੰਜਾਬੀ ਸੂਬੇ ਦੀ ਵਰ੍ਹੇਗੰਢ ਮਨਾਉਣ ਬਾਰੇ ਉਨ੍ਹਾਂ ਕਿਹਾ ਕਿ ਅਕਾਲੀਆਂ ਨੇ ਪੰਜਾਬ ਦਾ ਬੇੜਾ ਗਰਕ ਕਰ ਦਿੱਤਾ ਹੈ। ਕਦੇ ਪੰਜਾਬ ਦੀ ਹੱਦ ਚੀਨ ਨਾਲ ਲੱਗਦੀ ਹੁੰਦੀ ਸੀ। ਪ੍ਰਕਾਸ਼ ਸਿੰਘ ਬਾਦਲ ਨੇ ਆਪਣੇ ਸਵਾਰਥੀ ਹਿੱਤਾਂ ਲਈ ਸੂਬੇ ਨੂੰ ਬਹੁਤ ਛੋਟਾ ਕਰਵਾ ਦਿੱਤਾ ਹੇ। ਇਸ ਦੌਰਾਨ ਖਡੂਰ ਹਲਕੇ ਤੋਂ ਸਾਬਕਾ ਵਿਧਾਇਕ ਰਮਨਜੀਤ ਸਿੰਘ ਸਿੱਕੀ ਦੋ ਕਾਂਗਰਸੀ ਆਗੂਆਂ ਨੂੰ ਲੈ ਕੇ ਆਇਆ, ਜਿਨ੍ਹਾਂ ਨੇ ਉਸ ਦੇ ਹੱਕ 'ਚ ਆਪਣੀਆਂ ਉਮੀਦਵਾਰੀਆਂ ਵਾਪਸ ਲੈਣ ਦਾ ਐਲਾਨ ਕੀਤਾ। ਕੈਪਟਨ ਨੇ ਕਿਹਾ ਕਿ ਇਹ ਚੰਗੀ ਗੱਲ ਹੈ ਅਤੇ ਇਸ ਹਲਕੇ ਤੋਂ ਸ੍ਰੀ ਸਿੱਕੀ ਦਾ ਉਮੀਦਵਾਰ ਬਣਨਾ ਤੈਅ ਹੈ।

# ਡਾ.ਕਮਲਾ ਸੈਣੀ ਨੂੰ ਪੰਜਾਬ ਰਤਨ ਪੁਰਸਕਾਰ ਨਾਲ ਨਿਵਾਜਿਆ



**ਜਲੰਧਰ-** ਪ੍ਰਸਿੱਧ ਸਿੱਖਿਆ ਸ਼ਾਸਤਰੀ ਅਤੇ ਲੇਖਿਕਾ ਡਾ. ਕਮਲਾ ਸੈਣੀ ਨੂੰ ਪੰਜਾਬ ਰਤਨ ਪੁਰਸਕਾਰ ਨਾਲ ਨਿਵਾਜਿਆ ਗਿਆ ਹੈ। ਆਲ ਇੰਡੀਆ ਕਾਨਫਰੰਸ ਆਫ ਇੰਟੀਲੈਕਚੁਅਲ ਨਵੀਂ ਦਿੱਲੀ ਅਤੇ ਹਿਊਮਨ ਰਾਈਟਸ ਸੰਸਥਾ ਦੁਆਰਾ ਆਯੋਜਿਤ ਸਮਾਰੋਹ ਵਿਚ ਉਹਨਾਂ ਨੂੰ ਇਹ ਪ੍ਰਸਿੱਧ ਕੌਮੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ ਹੈ।

ਚੰਡੀਗੜ੍ਹ ਵਿਚ ਹੋਏ ਇਕ ਸਮਾਰੋਹ ਵਿਚ ਛੱਤੀਸਗੜ੍ਹ ਦੇ ਸਾਬਕਾ ਰਾਜਪਾਲ ਜਨਰਲ ਐਮ. ਕੇ. ਸੇਠ ਅਤੇ ਜਸਟਿਸ ਰਾਜੇਸ਼ ਟੰਡਨ, ਜਸਟਿਸ ਜਾਵੇਦ ਰਹਿਮਾਨ ਦੀ ਪ੍ਰਧਾਨਗੀ ਵਿਚ ਹੋਏੇ ਸਮਾਰੋਹ ਵਿਚ ਹਰਿਆਣਾ, ਪੰਜਾਬ ਦੀਆਂ ਵੱਖ ਵੱਖ ਖੇਤਰਾਂ ਵਿਚ ਕੰਮ ਕਰ ਰਹੀਆਂ ਸ਼ਖਸੀਅਤਾਂ ਨੂੰ ਸਨਮਾਨਿਤ ਕੀਤਾ ਗਿਆ। ਪੰਜਾਬ ਤੋਂ ਜਿਹਨਾਂ ਵਿਦਵਾਨਾਂ ਦੀ ਚੋਣ ਕੀਤੀ ਗਈ, ਉਹਨਾਂ ਵਿਚ ਡਾ. ਕਮਲਾ ਸੈਣੀ ਅੱਜਕਲ੍ਹ ਸਥਾਨਕ ਦਿਆਲਨੰਦ ਮਾਡਲ ਸਕੂਲ ਦੀ ਪ੍ਰਿੰਸੀਪਲ ਵਜੋਂ ਸੇਵਾ ਨਿਭਾਅ ਰਹੇ ਹਨ। ਉਹਨਾਂ ਨੂੰ ਇਹ ਪੁਰਸਕਾਰ ਸਿੱਖਿਆ, ਲੇਖਣੀ ਤੋਂ ਇਲਾਵਾ ਗਰੀਬ ਬੱਚਿਆਂ ਨੂੰ ਸਿੱਖਿਆ ਪ੍ਰਤੀ ਜਾਗਰਿਤ ਕਰਨ ਅਤੇ ਸਮਾਜਿਕ ਜਾਗਰਤੀ ਲਈ ਉਹਨਾਂ ਦੀਆਂ ਸੇਵਾਵਾਂ ਬਦਲੇ ਪ੍ਰਦਾਨ ਕੀਤਾ ਗਿਆ ਹੈ।

# 9/11 ਦੇ ਅੱਤਵਾਦੀ ਹਮਲੇ ਤੋਂ ਬਾਅਦ ਪੂਰੀ ਤਰ੍ਹਾਂ ਬਦਲ ਗਿਆ ਅਮਰੀਕਾ

ਅਮਰੀਕਾ ਵਿਚ ਹੁਣ ਉਹ ਮਾਹੌਲ ਨਹੀਂ ਰਿਹਾ ਜੋ 9/11 ਦੇ ਤੁਰੰਤ ਬਾਅਦ ਸੀ। ਬਹੁਤ ਸਾਰੇ ਅਮਰੀਕੀ ਕਹਿੰਦੇ ਹਨ ਕਿ ਦੋ ਜੰਗਾਂ ਯਾਨਿ ਇਰਾਕ ਅਤੇ ਅਫਗਾਨਿਸਤਾਨ ਵਿਚ ਬਿਨਾਂ ਕਿਸੇ ਵਜ੍ਹਾ ਦੇ ਲੜ ਲਈਆਂ ਗਈਆਂ। ਇਸ ਨਾਲ ਅਮਰੀਕਾ ਨੂੰ ਆਰਥਿਕ ਨੁਕਸਾਨ ਵੀ ਸਹਿਣ ਕਰਨਾ ਪਿਆ।

ਜਿੱਥੋਂ ਤੱਕ ਦੁਨੀਆਂ ਦੀ ਗੱਲ ਹੈ ਤਾਂ ਅਮਰੀਕਾ ਕਈ ਮੁਲਕਾਂ ਨੂੰ ਕੱਟੜਪੰਥੀਆਂ ਦਾ ਸਮਰਥਨ ਕਰਨ ਤੋਂ ਰੋਕ ਨਹੀਂ ਸਕਿਆ ਅਤੇ ਨਾ ਹੀ ਕੱਟੜਪੰਥ ਨੂੰ ਪੂਰੀ ਤਰ੍ਹਾਂ ਖਤਮ ਕਰ ਸਕਿਆ ਹੈ। ਇਸ ਲਈ ਸੋਚੀ-ਸਮਝੀ ਨੀਤੀ ਦੀ ਲੋੜ ਹੋਵੇਗੀ।

ਇਸਲਾਮਿਕ ਸਟੇਟ (ਆਈ. ਐਸ.) ਸਾਰੇ ਮੁਸਲਮਾਨਾਂ ਦੀ ਨਹੀਂ ਪਰ ਜਿਹਨਾਂ ਥੋੜ੍ਹੇ-ਬਹੁਤ ਮੁਸਲਮਾਨਾਂ ਨੂੰ ਆਪਣੇ ਨਾਲ ਮਿਲਾਉਣ ਵਿਚ ਕਾਮਯਾਬ ਹੋਈ ਹੈ, ਉਹਨਾਂ ਦੇ ਕਾਰਨ ਦੁਨੀਆਂ ਵਿਚ ਕਈ ਥਾਵਾਂ ਤੇ ਦਹਿਸ਼ਤਗਰਦੀ ਹਮਲੇ ਹੋ ਰਹੇ ਹਨ। ਮੁਸਲਿਮ ਭਾਈਚਾਰੇ ਨੂੰ ਇਸ ਕਾਰਨ ਬਹੁਤ ਨੁਕਸਾਨ ਹੋਇਆ ਹੈ। ਦੁਨੀਆਂ ਵਿਚ ਮਾਰੇ ਗਏ ਲੋਕਾਂ ਵਿਚ ਮੁਸਲਮਾਨਾਂ ਦੀ ਗਿਣਤੀ ਸਭ ਤੋਂ ਜ਼ਿਆਦਾ ਹੈ। ਅਮਰੀਕਾ ਵਰਗੇ ਕੌਮਾਂਤਰੀ ਤਾਕਤਾਂ ਵਾਲੇ ਮੁਲਕਾਂ ਨੂੰ ਇਸ ਵਿਚ ਪੂਰੀ ਦਿਲਚਸਪੀ ਲੈਣੀ ਹੋਵੇਗੀ। ਦੋ ਜੰਗਾਂ ਲੜਨ ਤੋਂ ਬਾਅਦ ਅਮਰੀਕਾ ਨੇ ਸਬਕ ਲਿਆ ਕਿ ਖੁਦ ਸਾਹ- ਮਣੇ ਜਾ ਕੇ ਟੱਕਰ ਲੈਣ ਦੀ ਥਾਂ ਸਬੰਧਤ ਮੁਲਕਾਂ ਦੀਆਂ ਨੀਤੀਆਂ ਨੂੰ ਬਦਲਿਆ ਜਾਵੇ। ਕੱਟੜਪੰਥ ਕਾਰਨ ਦੁਨੀਆਂ ਵਿਚ ਕਈ ਥਾਵਾਂ ਤੇ ਮੁਸਲਮਾਨਾਂ ਦੇ ਖਿਲਾਫ ਨਫਰਤ ਵਧੀ ਹੈ। ਇਸ ਦਾ ਓਹਲਾ ਲੈ ਕੇ ਕੁਝ ਲੋਕ ਇਸਲਾਮ ਦੇ ਖਿਲਾਫ ਪ੍ਰਾਪੇਗੰਡਾ ਕਰਨ ਵਿਚ ਕਾਮਯਾਬ ਰਹੇ, ਜਿਸ ਦਾ ਫਾਇਦਾ ਕੱਟੜਪੰਥੀ ਲੈ ਜਾਂਦੇ ਹਨ।

ਜਦਕਿ ਹੁਣ ਇਹ ਸੋਚ ਵੀ ਪ੍ਰਬੱਲ ਹੋਣ ਲੱਗੀ ਹੈ ਕਿ ਜਦੋਂ ਤੱਕ ਪੂਰੀ ਦੁਨੀਆਂ ਸੁਰੱਖਿਅਤ ਨਹੀਂ ਹੁੰਦੀ, ਅਮਰੀਕਾ ਇਕੱਲਿਆਂ ਸੁਰੱਖਿਅਤ ਕਿਵੇਂ ਰਹਿ ਸਕਦਾ ਹੈ? ਅਦਾਰਾ 'ਦੇਸ਼ ਦੁਆਬਾ' ਇਸ ਘਟਨਾ ਵਿਚ ਮਾਰੇ ਗਏ ਲੋਕਾਂ ਦੇ ਪਰਿਵਾਰਾਂ ਨਾਲ ਹਮਦਰਦੀ ਪ੍ਰਗਟ ਕਰਦਿਆਂ ਭਾਵ ਭਿੰਨੀ ਸ਼ਰਧਾਂਜਲੀ ਭੇਂਟ ਕਰਦਾ ਹੈ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਭਾਰਤ ਦੀ ਦੀਪਾ ਮਲਿਕ ਨੇ ਪੈਰਾਲੰਪਿਕ ਵਿੱਚ ਰਚਿਆ ਇਤਿਹਾਸ

**ਰੀਓ ਡੀ ਜਨੇਰੋ-** ਭਾਰਤ ਦੀ ਦੀਪਾ ਮਲਿਕ ਨੇ ਇਥੇ ਉਦੋਂ ਨਵਾਂ ਇਤਿਹਾਸ ਸਿਰਜ ਦਿੱਤਾ, ਜਦੋਂ ਉਹ ਪੈਰਾਲੰਪਿਕ ਖੇਡਾਂ ਦੌਰਾਨ ਤਗ਼ਮਾ ਜਿੱਤਣ ਵਾਲੀ ਪਹਿਲੀ ਭਾਰਤੀ ਮਹਿਲਾ ਖਿਡਾਰਨ ਬਣ ਗਈ।

ਉਸ ਨੇ ਐਫ਼-53 ਗੋਲਾ ਸੁੱਟਣ ਦੇ ਮੁਕਾਬਲੇ ਵਿੱਚ ਚਾਂਦੀ ਦਾ ਤਗ਼ਮਾ ਦੇਸ਼ ਦੀ ਝੋਲੀ ਪਾਇਆ। ਉਸ ਨੇ ਕੁੱਲ ਛੇ ਕੋਸ਼ਿਸ਼ਾਂ ਵਿੱਚ ਸਭ ਤੋਂ ਵੱਧ 4.61 ਮੀਟਰ ਦੀ ਦੂਰੀ ਉਤੇ ਗੋਲਾ ਸੁੱਟ ਕੇ ਮੁਕਾਬਲੇ ਵਿੱਚ ਦੂਜੀ ਥਾਂ ਹਾਸਲ ਕੀਤੀ। ਇਸ ਪ੍ਰਾਪਤੀ ਸਦਕਾ ਉਸ ਨੂੰ ਹਰਿਆਣਾ ਸਰਕਾਰ ਦੀ ਯੋਜਨਾ ਤਹਿਤ ਚਾਰ ਕਰੋੜ ਰੁਪਏ ਦਾ ਇਨਾਮ ਮਿਲੇਗਾ।

# ਦਵਿੰਦਰ ਮੰਡ ਦੀ ਕਹਾਣੀ ਸੰਗ੍ਰਹਿ ਪੁਸਤਕ- ਗੰਗਾਜਲ ਤੇ ਹੋਰ ਕਹਾਣੀਆਂ

**ਕਥਾ ਦ੍ਰਿਸ਼ਟੀ (ਪੁਸਤਕ ਚਰਚਾ)- ਪ੍ਰੋ. ਗੁਰਵਿੰਦਰ ਕੌਰ ਭਾਟੀਆ, ਡੀ.ਏ.ਵੀ. ਕਾਲਜ, (ਜਲੰਧਰ?**

**ਗੰਗਾਜਲ ਤੇ ਹੋਰ ਕਹਾਣੀਆਂ- ਕਥਾ ਦ੍ਰਿਸ਼ਟੀ**

**(ਸੰਪਾਦਕ - ਬਲਵਿੰਦਰ ਸਿੰਘ)**

ਦਵਿੰਦਰ ਮੰਡ ਪੰਜਾਬੀ ਕਹਾਣੀ ਜਗਤ ਦਾ ਸਥਾਪਿਤ ਕਥਾਕਾਰ ਹੈ? ਉਸਦੀਆਂ ਕਹਾਣੀਆਂ ਦੀ ਕਲਾ ਧਰਤਮੁਖੀ ਸੁਭਾਅ ਦੀ ਹੈ? ਉਹ ਸਮਾਜਿਕ ਵਰਤਾਰੇ ਦੀ ਪੇਸ਼ਕਾਰੀ ਕਰਦੇ ਹੋਏ ਕਈ ਅਨਿਸ਼ਚਿਤ ਪ੍ਰਸ਼ਨ ਤੇ ਸ਼ੰਕਾਵਾਂ ਮਨ ਵਿਚ ਉਭਾਰ ਕੇ ਬਿਰਤਾਂਤ ਸ਼ੈਲੀ ਨੂੰ ਉੱਤਮ ਸਿੱਧ ਕਰਦਾ ਹੈ? ਇਹ ਬਿਰਤਾਂਤ ਬਣਤਰ ਪਾਠਕਾਂ ਨੂੰ ਨਵੇਂ ਅਰਥਾਂ ਦੇ ਰੂ-ਬ-ਰੂ ਕਰਦੀ ਹੈ?

ਬਲਵਿੰਦਰ ਸਿੰਘ ਦੁਆਰਾ ਸੰਪਾਦਿਤ ਕੀਤੀ ਗਈ ਦਲਿਤ ਚੇਤਨਾ ਨਾਲ ਸੰਬੰਧਿਤ ਪੁਸਤਕ ਗੰਗਾਜਲ ਤੇ ਹੋਰ ਕਹਾਣੀਆਂ ਦੀ ਗੱਲ ਕਰੀਏ ਤਾਂ ਇਸ ਵਿਚਲੀਆਂ ਦਲਿਤ ਕਹਾਣੀਆਂ ਜੀਵਨ ਦੀ ਗਤੀ੍ਸ਼ੀਲਤਾ ਦੇ ਗਹਿਰੇ ਪਰ ਨਰੋਏ ਅਰਥ ਉਭਾਰਦੀਆਂ ਪ੍ਰਤੀਤ ਹੁੰਦੀਆਂ ਹਨ? ਸੰਪਾਦਕ ਦੀ ਸੋਝੀ ਨੇ ਬੜੀ ਸਿਆਣਪ ਨਾਲ ਦਲਿਤ ਕਹਾਣੀਆਂ ਦੁਆਰਾ ਯੁੱਗ ਚੇਤਨਾ ਦਾ ਅਹਿਸਾਸ ਕਰਾਉਂਦੇ ਹੋਏ ਸੂਮ ਅਨੁਭਵ ਤੇ ਸਮੱਸਿਆਵਾਂ ਨੂੰ ਪਕੜਣ ਦੀ ਸਫ਼ਲ ਕੋਸ਼ਿਸ਼ ਕੀਤੀ ਹੈ ਜੋ ਕਿ ਚੰਗੇ ਸਮਾਜ ਦੀ ਉਸਾਰੀ ਲਈ ਯਤਨਸ਼ੀਲ ਹੋਣ ਦਾ ਦਾਅਵਾ ਕਰਦੀਆਂ ਹਨ? ਕਹਾਣੀਆਂ 'ਚ ਦਲਿਤ ਚੇਤਨਾ ਦੀ ਬਹੁਪਰਤੀ ਸਿਰਜਣਾ ਕੀਤੀ ਗਈ ਹੈ?

ਮੰਡ ਦੀਆਂ ਕਹਾਣੀਆਂ ਸਭਿਆਚਾਰਕ ਪਿਛੋਕੜ ਨੂੰ ਪੇਸ਼ ਕਰਦੀਆਂ ਹਨ ਜੋ ਜੀਵਨ ਦੀਆਂ ਥੁੜ੍ਹਾਂ ਦੀ ਰਚਨਾਤਮਕ ਤਸਵੀਰ ਚਿਤਾਰਦੀਆਂ ਪ੍ਰਤੀਤ ਹੁੰਦੀਆਂ ਹਨ? ਇਹ ਸਭਿਆਚਾਰਕ ਪਿਛੋਕੜ ਕਈ ਹਜਾਰ ਸਾਲ ਪੁਰਾਣਾ ਇਤਿਹਾਸ ਹੈ ਜੋ ਕਿ ਜਾਤ-ਪਾਤ, ਊਚ-ਨੀਚ, ਪੁੰਨ-ਪਾਪ, ਨਰਕ-ਸੁਰਗ ਅਤੇ ਅਨੇਕਾਂ ਅਨੁਠਾਣ ਤੇ ਰਸਮ ਰਿਵਾਜ ਵਿਚੋਂ ਜੀਵਨ ਮੁੱਲ ਦੀ ਤਲਾਸ਼ ਵਿਚ ਹੈ? ਭਾਰਤ ਵਿਚ ਜਾਤ ਤੇ ਜਮਾਤ ਦਾ ਸਵਾਲ ਨਵਾਂ ਨਹੀਂ ਹੈ? ਪੁਰਾਤਨ ਗ੍ਰੰਥਾਂ ਵਿਚ ਵੀ ਇਸ ਦੀ ਨਿਸ਼ਾਨਦੇਹੀ ਮਿਲਦੀ ਹੈ? ਦਲਿਤ ਸ਼ਬਦ ਦੇ ਕੋਸ਼ਗਤ ਅਰਥ ਹਨ ਜਿਸ ਦਾ ਦਮਨ ਹੋਇਆ ਹੋਵੇ ਜੋ ਦਲਿਆ ਜਾਂ ਮਸਲਿਆ ਗਿਆ ਹੋਵੇ? ਇਸ ਵਿਚ ਆਰਥਿਕ ਤੇ ਸਮਾਜਿਕ ਤੌਰ ਤੇ ਸ਼ੋਸ਼ਿਤ ਵਰਗ ਨੂੰ ਸ਼ਾਮਿਲ ਕੀਤਾ ਜਾਂਦਾ ਹੈ? ਡਾ. ਰਘਬੀਰ ਸਿੰਘ ਸਿਰਜਣਾ ਵਿਚ ਦਲਿਤਾਂ ਬਾਰੇ ਲਿਖਦੇ ਹਨ-


ਜ਼ਿੰਦਗੀ ਦੀ ਹਰ ਸੁੱਖ ਸੁਵਿਧਾ ਤੋਂ ਵਿਰਵੇ, ਜੂਨ ਹੰਢਾਉਣ ਲਈ ਮਜਬੂਰ, ਇਹਨਾਂ ਲੋਕਾਂ ਦੀ ਕਹਾਣੀ ਪਹਿਲਾਂ ਪ੍ਰਾਪਤ ਨਹੀਂ ਸੀ? ਇਸ ਵਰਗ ਦੇ ਪਾਤਰਾਂ ਨੂੰ ਕਹਾਣੀ ਵਿੱਚ ਲਿਆ ਕੇ ਜਿੱਥੇ ਇਹਨਾਂ ਲੇਖਕਾਂ ਨੇ ਪੰਜਾਬੀ ਕਥਾ ਸਾਹਿਤ ਨੂੰ ਵਿਸ਼ੇਗਤ ਤੇ ਵਸਤੂਗਤ ਵਿਸਥਾਰ ਦਿੱਤਾ ਹੈ ਉੱਥੇ ਕਲਾ ਪੱਖ ਤੋਂ ਵਿਸ਼ੇਸ਼ਤਾ ਵੀ ਦੇਖਣ ਵਿਚ ਆਈ ਹੈ ਕਿ ਉਹਨਾਂ ਵੱਲੋਂ ਪ੍ਰੇ ਹੋਏ ਇਸ ਵਰਗ ਦੇ ਤ੍ਰਾਸਦਿਕ ਪਾਤਰ ਮਹਿਜ ਤਰਸ ਦੇ ਪਾਤਰ ਬਣਕੇ ਨਹੀਂ ਉਭਰੇ?

(ਸਿਰਜਣਾ, ਅੰਕ- 93, ਪੰਨਾ 93)

ਗੰਗਾਜਲ ਤੇ ਹੋਰ ਕਹਾਣੀਆਂ ਪੁਸਤਕ ਵਿਚ ਦਲਿਤ ਜੀਵਨ ਨਾਲ ਸੰਬੰਧਿਤ ਕੁੱਲ ਅੱਠ ਕਹਾਣੀਆਂ ਤਿੰਨ ਟਿਕਟਾਂ ਲਾਹੌਰ, ਆਪਣੇ-ਆਪਣੇ ਘਾਟ, ਸੱਪ, ਗੰਗਾਜਲ, ਮਿੱਧੀਆਂ ਹੋਈਆਂ ਵੇਲਾਂ, ਪਟਕੇ ਦੀ ਕੁਸ਼ਤੀ, ਕੋਠੀ ਦਾ ਸੌਦਾ ਤੇ ਨਸਲ ਸ਼ਾਮਿਲ ਹਨ? ਇਹਨਾਂ ਕਹਾਣੀਆਂ ਵਿਚ ਕਹਾਣੀਕਾਰ ਦੀ ਬਿਰਤਾਂਤ ਸ਼ੈਲੀ ਬੜੀ ਉੱਤਮ ਹੈ? ਕਹਾਣੀ ਦਾ ਇਕ ਪਾਤਰ ਆਪਣੇ ਉੱਤਮ ਪੁਰਖੀ ਉਚਾਰ ਵਿਚ ਕਹਾਣੀ ਬਿਆਨ ਕਰਦਾ ਹੋਇਆ ਦੂਜੇ ਪਾਤਰਾਂ ਦਾ ਦ੍ਰਿਸ਼ਟੀਕੋਣ ਤੇ ਬਿੰਬ ਉਸਾਰਦਾ ਹੈ ਤੇ ਪਾਠਕ ਨੂੰ ਹਰ ਮਨੁੱਖ ਦੀ ਵੱਖਰੀ ਗ੍ਰਹਿਣ ਸ਼ਕਤੀ ਤੇ ਘਟਨਾਵਾਂ ਪ੍ਰਤੀ ਵੱਖਰੇ ਪ੍ਰਤੀਕਰਮ ਨਾਲ ਸਥਿਤੀਆਂ ਨੂੰ ਹਰ ਪੱਖ ਤੋਂ ਸਮਝਣ ਦਾ ਮੌਕਾ ਮਿਲਦਾ ਹੈ? ਤਿੰਨ ਟਿਕਟਾਂ ਲਾਹੌਰ ਕਾਬਜ਼ ਜਮਾਤ ਤੇ ਮੁਕਤੀ ਲਈ ਸੰਘਰਸ਼ ਕਰ ਰਹੀਆਂ ਧਿਰਾਂ ਦੇ ਸਮਾਜਿਕ ਤਾਣੇ-ਬਾਣੇ ਦੀ ਕਹਾਣੀ ਹੈ? ਸੱਗੂ ਉਰਫ ਤੂਫ਼ਾਨੀ ਦੀ ਕਹਾਣੀ ਜੋ ਕਿ ਅਮਰ ਸਿੰਘ ਦੁਆਰਾ ਲਿਆਂਦੀ ਔਰਤ ਜਿਸ ਦਾ ਨਾਂ ਤੂਫ਼ਾਨੀ ਨੇ ਰੱਖੀ ਰੱਖ ਲਿਆ ਸੀ ਨਾਲ ਰਹਿੰਦਾ ਸੀ ਤੇ ਉਸ ਨੂੰ ਪਤਨੀ ਸਵੀਕਾਰ ਕਰ ਬੈਠਾ ਸੀ? ਸੱਗੂ ਤੇ ਰੱਖੀ ਦੀਆਂ ਪ੍ਰੇਮ ਤੰਦਾਂ ਪੱਕੀਆਂ ਹੋ ਚੁੱਕੀਆਂ ਸੀ ਪਰ ਅਮਰ ਸਿੰਘ ਜੋ ਪਿੰਡ ਦਾ ਬਦਮਾਸ਼ ਸੀ ਉਸਨੂੰ ਤਿੰਨ ਹਜਾਰ ਰੁਪਈਏ ਵਿਚ ਕਿਤੇ ਹੋਰ ਵੇਚ ਆਉਂਦਾ ਹੈ? ਸੱਗੂ ਦੀ ਬੇਵਸੀ ਤੇ ਮਜਬੂਰੀ ਉਦੋਂ ਤ੍ਰਾਸਦਿਕ ਰੂਪ ਲੈਂਦੀ ਹੈ ਜਦੋਂ ਉਹ ਕਹਿੰਦਾ ਹੈ ਕਿ; ਪਾੜ੍ਹਿਆ ਜੇ ਕਿਤੇ ਉਦੋਂ ਆਇਦਾ ਦੇ ਦਿਨ ਆਪਣੇ ×ਤੇ ਹੁੰਦੇ ਮੈਂ ਰੋਲ ਕੇ ਰੱਖ ਦੇਣਾ ਸੀ ਅਮਰ ਸਿਹੁੰ...? ਉਦੋਂ ਤਾਂ ਸਾਡੇ ਲੋਕ ਮਧੋਲੇ ਪਏ ਸੀ... ਇਹਨਾਂ ਦੇ ਸਿਰ 'ਤੇ ਰੋਟੀ ਖਾਂਦੇ ਸੀ ... (ਪੰਨਾ 11)

ਆਇਦਾ ਦੇ ਦਿਨੋ ਤੋਂ ਸੱਗੂ ਦਾ ਭਾਵ ਅੱਜ ਕੱਲ ਦੀ ਪ੍ਰਦਰਸ਼ਨਕਾਰੀ ਜੋ ਕਿ ਸਰਕਾਰ ਦੇ ਖਿਲਾਫ. ਹੜਤਾਲਾਂ, ਅੱਗ ਸਾੜ?ਫੂਕ ਕੇ ਤੇ ਪਬਲਿਕ ਸਮਾਨ ਭੰਨ ਕੇ ਕਰਨ ਤੋਂ ਸੀ? ਰੱਖੀ ਸੱਗੂ ਦੇ ਬੱਚੇ ਦੀ ਮਾਂ ਬਣਨ ਵਾਲੀ ਸੀ ਤੇ ਉਹ ਆਪਣੀ ਜ਼ਿੰਦਗੀ ਦਾ ਸੁਪਨਾ ਪੂਰਾ ਨਾ ਕਰ ਸਕਿਆ? ਕਹਾਣੀਕਾਰ ਸਮਾਜ ਦੀ ਸਥਿਤੀ ਤੇ ਵਿਅੰਗ ਕਰਦਾ ਹੈ? ਸੱਗੂ ਸਦਾ-ਏ-ਸਰਹੱਦ ਬਸ ਨਾਲ ਟਕਰਾ ਜਾਂਦਾ ਹੈ ਤੇ ਤੂਫਾਨੀ ਦਾ ਖ਼ੂਨ ਸੜਕ ਤੋਂ ਪਿਘਲੀ ਹੋਈ ਲੁੱਕ ਵਾਲੇ ਨ੍ਹਾਨ ਵੱਲ ਵੱਧਣ ਲੱਗਦਾ ਹੈ?

ਮੰਡ ਦੀਆਂ ਕਹਾਣੀਆਂ ਵਿਚ ਬੰਦੇ ਦੀ ਅਸਲ ਹੋਂਦ, ਮਨੋਸਥਿਤੀ ਤੇ ਸੰਵੇਦਨਾਵਾਂ ਨੂੰ ਹੇ ਕਲਾਕਾਰੀ ਨਾਲ ਪੇਸ ਕੀਤਾ ਗਿਆ ਹੈ? ਇਹਨਾਂ ਕਹਾਣੀਆਂ ਵਿਚ ਪਾਤਰ ਤੇ ਘਟਨਾਵਾਂ ਸਧਾਰਣ ਹਨ ਪਰ ਅਰਥ ਬਹੁਤ ਵੱਡੇ ਹਨ? ਇਸੇ ਤਰ੍ਹਾਂ ਦੀ ਕਹਾਣੀ ਗੰਗਾਜਲ ਸਮਾਜ ਵਿਚ ਵਿਤਕਰੇ ਦੀ ਜਾਤ?ਪਾਤ ਊਚ-ਨੀਚ, ਛੂਤ-ਛਾਤ, ਭੈੜੇ ਵਿਵਹਾਰ ਤੇ ਅਣਮਨੁੱਖੀ ਰੁਝਾਨ ਨੂੰ ਪੇਸ਼ ਕਰਦੀ ਹੈ? ਸ਼ੈਂਕਰੀ ਦਾ ਵਿਆਹ ਪਿੰਡ ਦੇ ਬੂਟੇ ਨਾਲ ਹੁੰਦਾ ਹੈ? ਬੂਟਾ ਇਕ ਵਿਗੜਿਆ ਮੁੰਡਾ ਸੀ ਜੋ ਕਿ ਮਾਪਿਆਂ ਦੁਆਰਾ ਵੀ ਬੇਦਖਲ ਕਰ ਦਿੱਤਾ ਗਿਆ ਸੀ ਤੇ ਪੰਦਰਾਂ ਸਾਲ ਬਾਅਦ ਉਹ ਆਪਣੇ ਪਿੰਡ ਆਪਣੀ ਜਨਾਨੀ ਨਾਲ ਆਉਂਦਾ ਹੈ? ਬੂਟਾ ਸ਼ੈਂਕਰੀ (ਭਈਏਆਣੀ) ਨਾਲ ਖ਼ੁਸੀ ਪਰ ਉਸ ਨੂੰ ਆਪਣੀ ਜਾਤ ਦਾ ਅਭਿਮਾਨ ਹੈ ਕਿ ਤੇ ਇਕ ਥਾਂ ਕਹਿੰਦਾ ਹੈ;



ਹਾਂ ..ਹਾਂ ਹਮ ਬ੍ਰਾਹਮਣ ਹੈ ਉਧਰ ਕੇ ਪਰ ਬਹੁਤ ਗਰੀਬ ਹੈ? (ਪੰਨਾ 34)

ਜਦੋਂ ਸ਼ੈਂਕਰੀ ਨੂੰ ਪਤਾ ਲੱਗਦਾ ਹੈ ਕਿ ਬੂਟਾ (ਜੋ ਕਿ ਮਿਸਤਰੀ ਦੇ ਨਾਲ ਮਜਦੂਰ ਸੀ) ਜੱਟ ਨਹੀਂ ਹੈ? ਉਹ ਅਕਸਰ ਮੁੱਖ ਪਾਤਰ ਨੂੰ ਗੰਗਾਜਲ ਮੰਗਵਾ ਦੇਣ ਲਈ ਕਹਿੰਦੀ ਸੀ? ਪਤਨੀ ਆਪਣੇ ਪਤੀ ਨੂੰ ਜੋ ਕਿ ਟਰੱਕ ਡਰਾਈਵਰ ਸੀ ਗੰਗਾਜਲ ਲਈ ਰੋਜ ਕਹਿੰਦੀ? ਇੱਕ ਦਿਨ ਉਹ ਗੰਗਾਜਲ ਲਿਆ ਕੇ ਸ਼ੈਂਕਰੀ ਨੂੰ ਦੇ ਦਿੰਦੀ ਹੈ? ਜਦੋਂ ਸ਼ੈਂਕਰੀ ਨੂੰ ਬੂਟੇ ਚਮਾਰ ਹੋਣ ਦਾ ਪਤਾ ਲੱਗਦਾ ਹੈ ਤਾਂ ਉਹ ਉਸੇ ਗੰਗਾਜਲ ਨਾਲ ਮੁੱਖ ਪਾਤਰ ਦੇ ਘਰ ਹੀ ਇਸ਼ਨਾਨ ਕਰਕੇ ਧੂਫ? ਬੱਤੀ ਆਪਣੇ ਤੇ ਫੇਰ ਕੇ ਰਫੂ-ਚੱਕਰ ਹੋ ਜਾਂਦੀ ਹੈ? ਬੂਟੇ ਨੂੰ ਜੱਟ ਸਮਝ ਕੇ ਵਿਆਹ ਕਰਾਉਣ ਵਾਲੀ ਸ਼ੈਂਕਰੀ ਛੋਟੀ ਜਾਤੀ ਦੇ ਵੱਸ ਪੈ ਜਾਣ ਨਾਲ ਭਿੱਟ ਹੋ ਗਈ ਜਾਪਦੀ ਹੈ? ਉਸ ਨੂੰ ਲੱਗਦਾ ਹੈ ਕਿ ਉਸ ਦੀ ਜ਼ਿੰਦਗੀ ਭ੍ਰਿਸ਼ਟ ਹੋ ਚੁੱਕੀ ਹੈ ਤੇ ਉਹ ਚਮਾਰਾਂ ਦੇ ਬੂਟੇ ਨੂੰ ਛੱਡ ਕੇ ਚਲੀ ਜਾਂਦੀ ਹੈ ਤੇ ਜਾਣ ਤੋਂ ਪਹਿਲਾਂ ਆਪਣੇ ਸਰੀਰ ਦੇ ਅੰਗਾਂ ਦੀ ਧੂਫ-ਬੱਤੀ ਕਰਕੇ ਇਸ਼ਨਾਨ ਕਰਦੀ ਹੈ? ਇਸ ਤਰ੍ਹਾਂ ਇਹ ਕਹਾਣੀ ਵਾਸਤਵਿਕਤਾ ਦੀ ਗਹਿਰਾਈ ਫੜਣ ਦੀ ਭਰਪੂਰ ਕੋਸ਼ਿਸ਼ ਹੈ?

ਇਸੇ ਤਰ੍ਹਾਂ ਮਿੱਧੀਆਂ ਹੋਈਆਂ ਵੇਲਾਂ ਕਹਾਣੀ ਜਾਤ-ਪਾਤ ਦੇ ਵਿਤਕਰੇ ਅਤੇ ਸਮਾਜ ਦੇ ਵਿਆਪਕ ਪ੍ਰਸੰਗ ਨੂੰ ਸਿਰਜਦੀ ਹੈ? ਜਾਤੀ ਦਰਦ ਹੰਢਾਉਂਦੇ ਲੋਕਾਂ ਦੀ ਵਿੱਥਿਆ ਕੰਨੀ ਪੈਂਦੀ ਹੈ? ਇਸ ਕਹਾਣੀ ਵਿਚ ਬਾਜ਼ੀ ਪ੍ਰਿੰਸੀਪਲ ਤਾਂ ਬਣ ਜਾਂਦਾ ਹੈ ਪਰ ਆਪਣੇ-ਆਪ ਵਿਚ ਇੱਗ ਚੰਗਾ ਇਨਸਾਨ ਜਿੰਦਾ ਰੱਖਦਾ ਹੈ? ਸਮਾਜ ਦੀ ਕਾਣੀ ਵੰਡ ਤੇ ਜਾਗੀਰਦਾਰੀ ਸੋਚ ਹਰੀਜਨ ਮੁੰਡੇ ਨੂੰ ਪ੍ਰਿੰਸੀਪਲ ਤਾਂ ਸਵੀਕਾਰਦਾ ਹੈ ਪਰ ਫਿਰ ਵੀ ਮਿੱਧੀ ਹੋਈ ਵੇਲ ਦੇ ਹੀ ਸਮਾਨ ਹੈ? ਛੋਟੀ ਜਾਤ ਦਾ ਹੋਣਾ ਸ਼ਾਇਦ ਇੰਨਾ ਅਚੰਭੇ ਵਾਲਾ ਵਰਤਾਰਾ ਨਹੀਂ ਗਿਣਿਆ ਜਾ ਸਕਦਾ ਪਰ ਜਾਤ ਦੇ ਆਧਾਰ ਤੇ ਘ੍ਰਿਣਾ ਦਾ ਹੋਣਾ ਅਫਸੋਸਜਨਕ ਹੈ? ਇਸੇ ਤਰ੍ਹਾਂ ਕਹਾਣੀ ਪਟਕੇ ਦੀ ਕੁਸ਼ਤੀ ਵਿਚ ਜਦੋਂ ਡਾਕਟਰ ਸਾਹਿਬ ਮੰਗਲੂ ਭਈਏ ਨੂੰ ਆਪਣੀ ਛੋਟੀ ਜਾਤ ਹੋਣ ਬਾਰੇ ਦੱਸਦਾ ਹੈ ਤਾਂ ਮੰਗਲੂ ਕਹਿੰਦਾ ਹੈ-

ਨਹੀਂ ਬਾਬੂ, ਹਮ ਰਾਂਚੀ ਕੇ ਰਾਜਪੂਤ ਹੈ
ਹਮਾਰੇ ਬੜੇ ਰਾਜਸਥਾਨ ਕੇ ਰਹਿਨੇ ਵਾਲੇ ਹੈ? (ਪੰਨਾ 52)

ਇਸ ਕਹਾਣੀ ਵਿਚ ਮੰਗਲੂ ਦੇ ਅੰਦਰ ਪੈਦਾ ਹੋਈ ਘ੍ਰਿਣਾ ਡਾਕਟਰ ਦੀ ਹਾਲਤ !ਰਾਬ ਕਰ ਦਿੰਦੀ ਹੈ?

ਕੋਠੀ ਦਾ ਸੌਦਾ ਕਹਾਣੀ ਵਿੱਚ ਕੋਠੀ ਦਾ ਸੌਦਾ ਜਾਤ ਦੀ ਕੱਟੜਤਾ ਨਾਲ ਜੁੜਿਆ ਹੋਇਆ ਹੈ? ਡਾ. ਅੰਬੇਦਕਰ ਤੇ ਬਾਬਾ ਰਵਿਦਾਸ ਦੀਆਂ ਤਸਵੀਰਾਂ ਦੇਖ ਕੇ ਕੋਠੀ ਦੇ ਗਾਹਕ ਮੁੜ ਜਾਂਦੇ ਹਨ ਪਰ ਜਦੋਂ ਉਹ ਤਸਵੀਰਾਂ ਕੰਧ ਤੋਂ ਲਾਹ ਦਿੱਤੀਆਂ ਜਾਂਦੀਆਂ ਹਨ ਤਾਂ ਕੋਠੀ ਦਾ ਸੌਦਾ ਜੋ ਕਿ ਬਹੁਤ ਚਿਰ ਤੋਂ ਲਟਕਿਆ ਪਿਆ ਸੀ ਸਿਰੇ ਚੜ੍ਹ ਜਾਂਦਾ ਹੈ? ਇਹ ਸ਼ਬਦ ਕਹਾਣੀ ਦੀ ਸਿਖਰ ਪੇਸ਼ ਕਰਦੇ ਹਨ-

ਯਾਰ ਚਮਾਰਾਂ-ਚੂਹੜਿਆਂ ਦੀਆਂ ਕੋਠੀਆਂ ਨਾ ਦਿਖਾਲ ਸਾਨੂੰ... ਸਾਡੇ ਕੋਲੋਂ ਨਹੀਂ ਰਹਿ ਹੋਣਾ ... ਉਪਰਲੀ ਜਾਤ ਦੇ ਬੰਦਿਆਂ ਦੀਆਂ ਕੋਠੀਆਂ ਦਿਖਾਲ? (ਪੰਨਾ 58)

ਮੰਡ ਇੱਕ ਹੰਢਿਆ ਹੋਇਆ ਕਥਾਕਾਰ ਹੈ ਜਿਸ ਦੀ ਅਭਿਵਿਅਕਤੀ ਦੀ ਵਿਲੱਖਣਤਾ ਅਰਥ ਸੰਚਾਰ ਕਰਨ ਵਿਚ ਪਰਿਪੱਕ ਹੈ? ਉਸ ਦੀਆਂ ਕਹਾਣੀਆਂ ਪਾਠਕਾਂ ਅੱਗੇ ਕਈ ਗੰਭੀਰ ਸੁਆਲ ਖੜੇ ਕਰਦੀਆਂ ਹਨ?

ਪਤੰਦਰਾਂ ਮਾਂ ਦੇ ਫੁੱਲ ਨੇ... ਮਰਨ ਲੱਗੀ ਕਹਿੰਦੀ ਸੀ ਪੁੱਤਰ ਮੇਰੇ ਫੁਲ ਹਰਦੁਆਰ ਬੱਲਾਂ ਵਾਲਿਆਂ ਵੱਲੋਂ ਪਾਏ ਜਾਂਦੇ ਰਵਿਦਾਸ ਘਾਟ ਤੇ ਪਾ ਦੀ... ਹੀ... ਹੀ... ਹੀ ਪਤੰਦਰਾਂ ਤੈਨੂੰ ਪਤਾ ਮੇਰੀ ਮਾਂ ਆਦ-ਧਰਮੀ ਸੀ... ਤੇਰੀ ਜਾਤ ਹੀ ... ਹੀ... ਹੀ ਚਮਿਆਰ ਕੁਰੁਕਸ਼ੇਤਰ ਦੀ... ਆਹ ਕੰਮ ਤੂੰ ਕਰ ਦੇ ਮੈਂ ਆਹ ਪਿਓ ਦੇ ਫੁੱਲ ਉਹ ਸਾਹਮਣੇ ਪਾਂਡਿਆਂ ਕੋਲੋਂ ਪਾ ਆਵਾ... ਹੀ.... ਹੀ? (ਪੰਨਾ 23)

ਕਹਾਣੀ ਆਪਣੇ ਆਪਣੇ ਘਾਟ ਵਿੱਚ ਦਲਿਤ ਚੇਤਨਾ ਦਾ ਵੱਖਰਾ ਉਭਰ ਕੇ ਸਾਹਮਣੇ ਆਉਂਦਾ ਹੈ? ਗੁਰਦਾਸ ਸਿੰਘ ਬੈਂਸ ਉਰਫ ਦਾਸ ਰਾਮ ਬੈਂਸ ਪੜ੍ਹਿਆ ਲਿਖਿਆ ਚੰਗੀ ਬੌਧਿਕ ਖਸੀਅਤ ਦਾ ਮਾਲਿਕ ਹੈ ਪਰ ਸਮਾਜਿਕ ਲੋੜਾਂ ਦੀ ਪੂਰਤੀ ਅਧੀਨ ਆਪਣੇ ਆਪੇ ਨੂੰ ਗਲੇਫੇ ਹੋਏ ਝੂਠ ਰਾਹੀਂ ਸਾਧਾਰਣ ਪਾਤਰ ਰਾਹੀਂ ਉਘਾੜਣ ਦੀ ਕੋਸ਼ਿਸ਼ ਕੀਤੀ ਹੈ? ਜੋ ਕੁਝ ਵਾਪਰਦਾ ਹੈ ਉਹੀ ਸੱਚ ਹੈ ਗੁਰਦਾਸ ਸਿੰਘ ਬੈਂਸ ਦੇ ਚਰਿੱਤਰ ਦੀ ਗਹਿਰਾਈ ਉਦੋਂ ਪ੍ਰਤੀਬਿੰਬਤ ਹੁੰਦੀ ਹੈ ਜਦੋਂ ਕਹਾਣੀਕਾਰ ਇਨ੍ਹਾਂ ਸ਼ਬਦਾਂ ਨੂੰ ਪੇਸ਼ ਕਰਦਾ ਹੈ? ਪਤੰਦਰਾਂ ਮਾਂ ਦੇ ਫੁੱਲ ਨੇ...ਹੀ ਹੀ ਟੀ ਆਰ ਵਿਨੋਦ ਅਨੁਸਾਰ ਆਧੁਨਿਕ ਵਿਗਿਆਨ ਦੇ ਪਸਾਰ ਨਾਲ ਜਦੋਂ ਮਨੁੱਖੀ ਚੇਤਨਾ ਦਾ ਧੁਰਾ ਆਮ ਆਦਮੀ ਬਣਨ ਲੱਗਾ ਤਾਂ ਪੂਰਵ? ਆਧੁਨਿਕ ਕਥਾ ਰੂੜ੍ਹੀਆਂ ਦੇ ਵੀ ਬੁਨਿਆਦੀ ਰੁਪਾਂਤਰਣ ਦੀ ਸੰਭਾਵਨਾ ਪੈਦਾ ਹੋ ਗਈ? ਅਲੌਕਿਕ ਤੇ ਅਸਧਾਰਣ ਸ਼ਕਤੀਆਂ ਦੀ ਥਾਂ ਆਮ ਆਦਮੀ ਦਾ ਸਧਾਰਣ ਕਾਰ? ਵਿਹਾਰ ਕਹਾਣੀ ਦਾ ਵਸਤੂ ਬਣਨ ਲੱਗ ਪਿਆ? ਆਦਮੀ ਦਾ ਨਿੱਤ ਦਿਹਾੜੀ ਦਾ ਕਾਰ? ਵਿਹਾਰ ਕਿਸੇ ਵਡੇਰੀ ਪ੍ਰਾਪਤੀ ਦਾ ਲਖਾਇਕ ਨਹੀਂ ਹੋ ਸਕਦਾ ਸੀ? ਇਸ ਲਈ ਕਾਰਨਾਮੇ ਪੇਸ਼ ਕਰਨ ਦੀ ਥਾਂ ਕਥਾ ਰੂੜੀ ਦਾ ਆਧੂਨਿਕ ਕਹਾਣੀ ਵਿਚੋਂ ਅੰਤ ਹੁੰਦਾ ਗਿਆ ਤੇ ਸਧਾਰਣ ਆਦਮੀ ਦੇ ਸਧਾਰਣ ਅਮਲਾ ਦੀ ਅਹਿਮੀਅਤ ਉਜਾਗਰ ਕਰਨ ਦੀ ਰੂੜ੍ਹੀ ਸਥਾਪਤ ਹੁੰਦੀ ਗਈ? (ਪੰਜਾਬੀ ਕਹਾਣੀ ਅਧਿਅਨ ਰਵੀ ਸਾਹਿਤ ਪ੍ਰਕਾਸ਼ਨ, 1988 (ਪੰਨਾ-20-21)

ਨਸਲ ਕਹਾਣੀ ਸਮਾਜ ਦੀ ਨਿੱਕੀ ਤੇ ਛੋਟੀ ਸੋਚ ਨੂੰ ਝੰਜੋੜਦੀ ਹੈ? ਘਟੀਆਪਣ ਦਾ ਅਹਿਸਾਸ ਉਦੋਂ ਸਿਖਰ ਰੂਪ ਵਿਚ ਹੁੰਦਾ ਹੈ ਜਦੋਂ ਜਾਤ-ਪਾਤ ਦੇ ਵਿਤਕਰੇ ਦਾ ਦਰਦ ਬਰਦਸਤ ਚੋਟ ਕਰਦਾ ਹੈ? ਪੜ੍ਹ ਲਿਖ ਕੇ ਪਿਤਾ-ਪੁਰਖੀ ਧੰਦਿਆਂ ਤੋਂ ਆਜ਼ਾਦੀ ਤਾਂ ਮਿਲ ਸਕਦੀ ਹੈ ਪਰ ਜਾਤੀ ਵਿਤਕਰੇ ਦੀ ਮਾਨਸਿਕਤਾ ਕਦੀ ਖਤਮ ਨਹੀਂ ਹੋ ਸਕਦੀ? ਸਮਕਾਲੀ ਗਲਪ ਦਲਿਤ ਮੁਕਤੀ ਅੱਗੇ ਇਹ ਪ੍ਰਨ ਖੜੇ ਕਰਦਾ ਹੈ? ਮੰਡ ਦੀਆਂ ਕਹਾਣੀ ਸੈਨਤਾਂ ਨਾਲ ਕਈ ਅਣਕਹੀਆਂ ਬਾਤਾਂ ਮਹਿਸੂਸ ਕਰਵਾ ਜਾਂਦੀਆਂ ਹਨ? ਨਸਲ ਕਹਾਣੀ ਵਿਚ ਕੁੱਤਿਆਂ ਨੂੰ ਵੀ ਅਛੂਤ ਦੀ ਨਾਰ ਨਾਲ ਵੇਖਿਆ ਜਾਂਦਾ ਹੈ?

ਮੰਡ ਦੀਆਂ ਕਹਾਣੀਆਂ ਚੇਤਨਾ ਤੇ ਅਨੁਭਵ ਨੂੰ ਪੇਸ਼ ਕਰਦੀਆਂ ਹਨ? ਜਾਹਨ ਲਾਕ ਅਨੁਸਾਰ ਚੇਤਨਾ ਮਨੁੱਖੀ ਮਨ ਵਿਚ ਹੋ ਰਹੀਆਂ ਪ੍ਰਕਿਰਿਆਵਾਂ ਦਾ ਅਨੁਭਵ ਜਾਂ ਪ੍ਰਤੱਖ ਵਿਗਿਆਨ ਹੈ?

ਚੇਤਨਾ ਤੇ ਅਨੁਭਵ ਵਿਚ ਫਰਕ ਇਹ ਹੈ ਕਿ ਸਾਨੂੰ ਕਿਸੇ ਦੇ ਦਰਦ ਬਾਰੇ ਚੇਤਨਾ ਤਾਂ ਹੋ ਸਕਦੀ ਹੈ ਪਰ ਉਸ ਨੂੰ ਦਰਦ ਕਿੰਨਾ ਹੈ ਇਹ ਉਹੀ ਦੱਸ ਸਕਦਾ ਹੈ ਜੋ ਕਿ ਇਹ ਅਨੁਭਵ ਕਰ ਰਿਹਾ ਹੈ? ਮੰਡ ਦੀਆਂ ਕਹਾਣੀਆਂ ਅਨੁਭਵ ਕਰਾਉਣ ਦਾ ਹਰ ਹੀਲਾ ਕਰਦੀਆਂ ਹਨ? ਕਹਾਣੀ ਸੱਪ ਜੋ ਕਿ ਨਾਟਕੀ ਤੇ ਵਿਅੰਗਤਾ ਦੇ ਅੰਦਾਜ਼ ਵਿਚ ਮਨੁੱਖੀ ਸਮਾਜ ਤੇ ਕਰਾਰੀ ਚੋਟ ਕਰਦੀ ਹੈ, ਸਾਰੀ ਉਮਰ ਆਦਰਸ਼ ਦਾ ਪੱਲਾ ਫੜੀ ਜੀਵਨ ਗੁਜ਼ਾਰਨ ਵਾਲਾ ਮੁੱਖ ਪਾਤਰ ਸਮਾਜ ਦੀ ਹਰ ਭੈੜੀ ਚਾਲ ਤੇ ਨੀਤੀ ਨੂੰ ਸਮਝਦੀ ਹੈ? ਈਮਾਨਦਾਰ ਅਫਸਰ ਸਾਰਿਆਂ ਦੀਆਂ ਅੱਖਾਂ ਵਿਚ ਰੜਕਦਾ ਹੈ? ਆਪਣੇ ਪਿਤਾ ਦੇ ਦਿੱਤੇ ਸੰਸਕਾਰਾਂ ਨਾਲ ਚੰਗੇ ਅਮਲਾਂ ਵਾਲਾ ਜੀਵਨ ਗੁਜ਼ਾਰਦਾ ਹੈ ਪਰ ਉਸ ਨੂੰ ਇਹ ਸਮਾਜ ਦੇ ਲੋਕ ਸੱਪ ਵਰਗੇ ਪ੍ਰਤੀਤ ਹੁੰਦੇ ਹਨ? ਕਹਾਣੀ ਵਿਚ ਸਮਾਜ ਤੇ ਵਿਅੰਗ ਕੀਤਾ ਗਿਆ ਹੈ?

ਮੇਰੇ ਨਾਲ ਦੇ ਜੱਟਾਂ ਬਾਹਮਣਾਂ ਦੇ ਮੁੰਡੇ ਖੂਹ ਦੀਆਂ ਟਿੰਡਾਂ ਦਾ ਤਾਜਾ ਪਾਣੀ ਪੀਂਦੇ ਘੱਟ ਤੇ ਖਰਾਬ ਜ਼ਿਆਦਾ ਕਰਦੇ? ਉਹ ਮੇਰੇ ਵੱਲ ਟੇਢੀ ਅੱਖ ਨਾਲ ਵੀ ਦੇਖਦੇ ਸ਼ਾਇਦ ਸਮਝਦੇ ਹੋਣ ਸਿਰਫ ਪੜਣ-ਲਿਖਣ ਦਾ ਅਧਿਕਾਰ ਸਾਡਾ ਹੈ ਇਹਨਾਂ ਦਾ ਨਹੀਂ? ਸਕੂਲ ਵਿਚ ਵੀ ਵੱਖਰਾਪਣ ਤੇ ਨਲਕੇ ਤੋਂ ਪਾਣੀ ਪੀਣ ਬਾਅਦ ਸਵਰਨ ਜਾਤੀਆਂ ਦੇ ਮੁੰਡਿਆਂ ਦਾ ਨਲਕੇ ਦੀ ਬੋਕੀ ਨੂੰ ਰੇਤ ਨਾਲ ਮਾਂਜਣਾ? ਫਿਰ ਸਰਕਾਰੀ ਨੌਕਰੀ 'ਚ ਆਉਣ ਵੇਲੇ ਸਭ ਤੋਂ ਪਹਿਲਾਂ ਦਫ.ਤਰ ਆਇਆ ਮੇਰੀ ਜਾਤ ਦਾ ਪਤਾ ਕਰਨਾ? (ਪੰਨਾ 28)

ਮੰਡ ਦੀਆਂ ਕਹਾਣੀਆਂ ਭਾਵਨਾਵਾਂ ਤੇ ਜ਼ਜਬਿਆਂ ਦੀ ਪੇਸ਼ਕਾਰੀ ਵਿਸੇ?ਸ਼ ਸੀਮਾ ਵਿਚ ਰਹਿ ਕੇ ਕਰਦੀਆਂ ਹਨ ਜਿਨ੍ਹਾਂ ਵਿਚ ਉਹ ਆਪਣਾ ਪ੍ਰਭਾਵ ਪਾਠਕਾਂ ਤੇ ਸਿਰਜਣ ਦਾ ਇਛੁਕ ਹੈ? ਉਸ ਦੀਆਂ ਕਹਾਣੀਆਂ ਸਾਫ-ਸੁਥਰੀਆਂ ਹਨ ਕਿਉਂਕਿ ਕਹਾਣੀਆਂ ਦਾ ਇੱਕ ਇੱਕ ਸ਼ਬਦ ਸੋਚ ਸਮਝ ਕੇ ਸੰਵਾਰ ਕੇ ਪਾਠਕਾਂ ਅੱਗੇ ਪੇਸ਼ ਕੀਤਾ ਗਿਆ? ਇਸ ਵਿਚ ਕਈ ਵਾਧੇ-ਘਾਟੇ ਵੀ ਕੀਤੇ ਗਏ ਹਨ? ਦਲਿਤ ਚੇਤਨਾ ਅਧੀਨ ਰਚੀਆਂ ਹੋਈਆਂ ਇਹ ਕਹਾਣੀਆਂ ਮਨੋਰੰਜਨ ਦਾ ਸਾਧਨ ਵੀ ਹਨ ਤੇ ਸਮਾਜ ਦਾ ਬਿੰਬ ਵੀ? ਲੋਕ ਕਲਿਆਣਕਾਰੀ ਪੱਖ ਨੂੰ ਪੂਰਦੀਆਂ ਡਾ. ਮੰਡ ਦੀਆਂ ਕਹਾਣੀਆਂ ਸਮਾਜਵਾਦੀ ਯਥਾਰਥ ਦੀ ਪੂਰਤੀ ਕਰਦੀਆਂ ਹਨ? ਉਸਨੇ ਸ਼ੋਸ਼ਿਤ ਤੇ ਦਲਿਤ ਦੋਹਾਂ ਤਰ੍ਹਾਂ ਦੇ ਵਿਸ਼ੇ ਨੂੰ ਆਪਣੀ ਕਲਮ ਦਾ ਆਧਾਰ ਬਣਾਇਆ ਹੈ?

ਪਿਛਲੇ ਕੁਝ ਸਮੇਂ ਵਿਚ ਕੁਝ ਸਮਰੱਥ ਪੰਜਾਬੀ ਕਹਾਣੀਕਾਰਾਂ ਨੇ ਪੰਜਾਬੀ ਸਮਾਜ ਵਿਚਲੇ ਦਲਿਤ ਯਥਾਰਥ ਨੂੰ ਇਉਂ ਫੋਕਸ ਵਿਚ ਲਿਆਂਦਾ ਹੈ ਕਿ ਵਿਸ਼ੇ ਤੇ ਦਲਿਤ ਨੂੰ ਵੱਖਰੇ ਤੌਰ ਤੇ ਪਰਿਭਾਸ਼ਿਤ ਕਰਨਾ ਪਿਆ ਹੈ? ਪ੍ਰਗਤੀਵਾਦੀ ਚਿੰਤਨ ਨੇ ਸ਼ੋਸ਼ਿਤ ਵਰਗ ਨੂੰ ਆਧੁਨਿਕ ਯੁੱਗ ਦੀ ਸਭ ਤੋਂ ਧਿਰ ਵਜੋਂ ਪਛਾਣ ਕੇ ਜਮਾਤੀ ਚੇਤਨਾ ਦਾ ਸੰਕਲਪ ਦਿੱਤਾ ਸੀ? ਦਲਿਤ ਚੇਤਨਾ ਨੇ ਸਮਾਜ ਦੇ ਨਾਲ?ਨਾਲ ਜਾਤ ਦੇ ਸੰਤਾਪ ਨੂੰ ਸਿਰਜਿਆ ਹੈ? ਮਨੁੱਖੀ ਮਾਨਸਿਕਤਾ ਅਤੇ ਕਾਰ-ਵਿਹਾਰ ਵਿਚ ਚੇਤਨਾ ਅਤੇ ਸੰਸਕਾਰਾਂ ਦੇ ਰੋਲ ਨੂੰ ਅਲੱਗ-ਅਲੱਗ ਪਰਿਭਾਸ਼ਿਤ ਕਰਕੇ ਦਲਿਤ ਚੇਤਨਾ ਨੇ ਇਹ ਸੋਝੀ ਦਿੱਤੀ ਕਿ ਜਮਾਤੀ ਚੇਤਨਾ ਮਨੁੱਖੀ ਮਨ ਦੀ ਸੁਚੇਤ ਤੇ ਰੈਸ਼ਨਲ ਸੋਚ ਵਿਚੋਂ ਉਪਜਦੀ ਹੈ ਪਰ ਜਾਤੀ ਸੰਸਕਾਰ ਮਨੁੱਖ ਦੇ ਸਭਿਆਚਾਰਕ ਅਵਚੇਤਨ ਵਿਚੋਂ ਸਹਿਜ ਪਰ ਬਲਸ਼ਾਲੀ ਰੂਪ ਵਿਚ ਨਿਰਮਿਤ ਹੋਏ ਹੁੰਦੇ ਹਨ?

(ਸਮਕਾਲੀ ਪੰਜਾਬੀ ਕਹਾਣੀ ਦਾ ਵਿਕਾਸ ਰੁਖ, (ਪੰਨਾ-80)

ਇਹਨਾਂ ਕਹਾਣੀਆਂ ਵਿਚ ਲੇਖਕ ਜੀਵਨ ਨੂੰ ਸੰਘਰ੍ਹ ਦੇ ਰੂਪ ਵਿੱਚ ਪ੍ਰੇ ਕਰਦਾ ਹੈ ਜਿਸ ਵਿਚ ਜਿੱਤ ਉਸ ਦੀ ਹੁੰਦੀ ਹੈ ਜਿਸ ਕੋਲ ਹਿੰਮਤ, ਸੂਝ ਅਤੇ ਸ਼ਕਤੀ ਵਰਗੇ ਗੁਣ ਹੁੰਦੇ ਹਨ? ਆਧੁਨਿਕ ਮਨੁੱਖ ਵਿਚ ਸਮੇਂ ਤੇ ਸਥਿਤੀਆਂ ਅਨੁਸਾਰ ਹਲੀਮੀ ਦੀ ਘਾਟ ਹੁੰਦੀ ਜਾ ਰਹੀ ਹੈ? ਅੱਜ ਦਾ ਮਨੁੱਖ ਮਤਲਬ ਦੀ ਸ਼ੈਅ ਹੈ? ਡਾ.ਸ਼ਵਿੰਦਰ ਸਿੰਘ ਉੱਪਲ ਅਨੁਸਾਰ:-

ਪਿਛਲੇ ਮਨੁੱਖ ਵਾਲੀ ਇਕਸੁਰਤਾ ਲਗਾਤਾਰਤਾ ਤੇ ਗੋਲਾਈ ਅੱਜ ਦੇ ਆਧੁਨਿਕ ਮਨੁੱਖ ਵਿੱਚ ਨਹੀਂ, ਉਹ ਆਪਣੇ ਵਿਰਾਸਤੀ ਸਭਿਆਚਾਰ ਤੋਂ ਟੁੱਟਿਆ ਹੋਇਆ ਹੈ? ਅੱਜ ਦੀ ਕਹਾਣੀ ਇਸ ਨਵੀਂ ਆਈ ਤਬਦੀਲੀ ਤੋਂ ਪੂਰਨ ਤੌਰ ਤੇ ਸੁਚੇਤ ਹੈ? (ਕਹਾਣੀ ਪ੍ਰਬੰਧ ਪੰਨਾ 54)

ਇਸ ਤਰ੍ਹਾਂ ਇਸ ਕਹਾਣੀ ਸੰਗ੍ਰਹਿ ਵਿਚ ਇਕੋ ਮਾਲਾ ਵਿਚ ਮੋਤੀਆਂ ਵਾਂਗ ਪਰੋਈਆਂ ਕਹਾਣੀਆਂ ਨੂੰ ਡੂੰਘੀ ਨੀਝ ਲਾ ਕੇ ਵੇਖੀਏ ਤਾਂ ਇਹ ਕਹਾਣੀਆਂ ਵਰਤਮਾਨ ਤੇ ਭਵਿੱਖ ਨੂੰ ਉਸਾਰੂ ਟੋਹ ਦਿੰਦੀਆਂ ਹਨ? ਕਹਾਣੀਆਂ ਵਿਚ ਸੱਚ ਦਾ ਸ਼ੋਰ ਸੁਣਾਈ ਦਿੰਦਾ ਹੈ? ਆਦਰ੍ਹਕ ਕਿਸਮ ਤੇ ਸਭਿਆਚਾਰਕ ਮੁੱਲਾਂ ਵਾਲੀਆਂ ਕਹਾਣੀਆਂ ਵਿਚ ਬਿਰਤਾਂਤਕਾਰ ਦੀ ਸਥਿਤੀ ਪਿੰਡ ਨਾਲ ਜੁੜੀ ਵਿਖਾਈ ਦਿੰਦੀ ਹੈ? ਪਿੰਡ ਵਾਲੇ ਪਿਛੋਕੜ ਦੇ ਜੀਵਨ ਦਾ ਵਰਣਨ ਬੜੇ ਲਗਾਵ ਨਾਲ ਕੀਤਾ ਗਿਆ ਹੈ? ਸੱਚਾਈ ਤੇ ਸਿਆਣਪ ਦਾ ਅਨੁਭਵ ਦਿੰਦੀਆਂ ਇਹ ਕਹਾਣੀਆਂ ਸਮਾਜ ਵਿਚ ਦਲਿਤ ਲੋਕਾਂ ਲਈ ਵ੍ਰੋਸ ਵਿਦਰੋਹ ਦਾ ਕੰਮ ਕਰਦੀਆਂ ਹਨ? ਸਮਾਜ ਵਿਚ ਬਰਾਬਰੀ ਤੇ ਹੱਕ ਦੀ ਲੜਾਈ ਲੜਨ ਤੇ ਜੂਝਣ ਲਈ ਪ੍ਰੇਰਿਤ ਕਰਦੀਆਂ ਹਨ? ਕਹਾਣੀਕਾਰ ਦੀ ਅਜਿਹੀ ਸੱਚੀ-ਸੁੱਚੀ ਸੋਚ ਸਮਾਜ ਨੂੰ ਚੜ੍ਹਦੀ ਕਲਾ ਵੱਲ ਲਿਜਾਵੇਗੀ?

**- ਪ੍ਰੋ. ਗੁਰਵਿੰਦਰ ਕੌਰ ਭਾਟੀਆ**
**ਡੀ.ਏ.ਵੀ. ਕਾਲਜ, ਜਲੰਧਰ**

# ਮਿਸ਼ਨਰੀ ਗੀਤ - ਭੀਮ ਰਾਓ ਦੇ ਸ਼ੇਰ

**ਪਰਸ਼ੋਤਮ ਲਾਲ ਸਰੋਏ**
91-92175-44348



ਈਨ ਵੀ ਕਿਸੇ ਦੀ,
ਨਹੀਂਓਂ ਸਹਿਣਾ ਜਾਣਦੇ,
ਬਾਬਾ ਸਾਹਿਬ ਭੀਮ ਰਾਓ ਦੇ ਸ਼ੇਰ,
ਜ਼ਾਲਮਾਂ ਦੇ ਨਾਲ ਖਹਿਣਾ ਜਾਣਦੇ।

ਹੱਕ-ਸੱਚ ਵਾਲੀ ਚੁੱਕ ਰੱਖੀ ਤਲਵਾਰ ਏ,
ਵੋਟ ਅਧਿਕਾਰ ਨਾਲ ਕਰਦੇ ਨੇ ਵਾਰ ਇਹ,
ਕੂੜ ਹਥਿਆਰਾਂ ਅੱਗੇ ਸੂਰੇ ਜਿਹੜੇ
ਹਿੱਕ ਆਪਣੀ ਨੇ ਤਾਣਦੇ।
ਬਾਬਾ ਸਾਹਿਬ ਭੀਮ ਰਾਓ ਦੇ ਸ਼ੇਰ,
ਜ਼ਾਲਮਾਂ ਦੇ ਨਾਲ ਖਹਿਣਾ ਜਾਣਦੇ।

ਅਣਖ਼, ਸਨਮਾਨ ਨਾਲ ਜੀਣਾ।
ਇਹਨਾਂ ਯੋਧਿਆਂ ਦਾ ਕੰਮ ਜੀ,
ਦੱਸੇ ਇਤਿਹਾਸ, ਸਾਡੇ ਪੁਰਖਿਆਂ ਨੇ,
ਢੋਇਆ ਪਸ਼ੂਆਂ ਦਾ ਚੰਮ ਜੀ।
ਪਸ਼ੂ ਬਣ ਅੱਗੇ ਕੋਈ ਖਲੋਵੇ।
ਚੰਮ ਉਹਦਾ ਵੀ ਤਾਂ ਲਾਹੁੰਣਾ ਜਾਣਦੇ।
ਬਾਬਾ ਸਾਹਿਬ ਭੀਮ ਰਾਓ ਦੇ ਸ਼ੇਰ,
ਜ਼ਾਲਮਾਂ ਦੇ ਨਾਲ ਖਹਿਣਾ ਜਾਣਦੇ।

ਬਾਬਾ ਸਾਹਿਬ ਆ ਕੇ, ਗ਼ਰੀਬ ਕੌਮ ਤਾਂਈਂ,
ਐਜੂਕੇਟਿਡ ਬਣਾ ਦਿੱਤਾ,
ਬਣੇ ਅਧਿਆਪਕ, ਪ੍ਰਿੰਸੀਪਲ,
ਵਕੀਲ, ਜੱਜ ਵੀ ਲੁਆ ਦਿੱਤਾ,
ਮਜ਼ਲੂਮਾਂ ਦੇ ਹੱਕਾਂ ਦੇ ਲਈ ਲੜਦੇ,
ਦੁੱਖ ਉਹਦੇ ਨੂੰ ਪਹਿਚਾਣਦੇ।
ਬਾਬਾ ਸਾਹਿਬ ਭੀਮ ਰਾਓ ਦੇ ਸ਼ੇਰ,
ਜ਼ਾਲਮਾਂ ਦੇ ਨਾਲ ਖਹਿਣਾ ਜਾਣਦੇ।

ਹੋਵੇ ਅਨਿਆ ਮਜ਼ੂਲਮ ਨਾਲ,
ਇਹ ਵੀ ਗੱਲ ਨਹੀਂਓਂ ਜਰਦੇ,
ਹੋ ਇਕੱਠੇ ਮਧੂ-ਮੱਖੀਆਂ ਦੇ ਵਾਂਗ,
ਨਾਲ ਮਜ਼ਲੂਮ ਖੜ੍ਹਦੇ।
ਅਣਖ, ਸਨਮਾਨ ਕੋਈ ਵੰਗਾਰੇ,
ਉਹਨੂੰ ਛਾਣਨੀ 'ਚ ਛਾਣਦੇ।
ਬਾਬਾ ਸਾਹਿਬ ਭੀਮ ਰਾਓ ਦੇ ਸ਼ੇਰ,
ਜ਼ਾਲਮਾਂ ਦੇ ਨਾਲ ਖਹਿਣਾ ਜਾਣਦੇ।

ਕਰ ਕੇ ਪੜ੍ਹਾਈਆਂ ਸੱਚ ਜਾਣ ਗਏ,
ਕੌਣ ਪਸ਼ੂ, ਕੌਣ ਬੰਦਾ ਏ,
ਸੱਚ ਦੇ ਮਾਰਗ ਕੌਣ ਚੱਲੇ,
ਕਿਹਦਾ ਗੋਰਖ ਜਿਹਾ ਧੰਦਾ ਏ,
ਪਰਸ਼ੋਤਮ ਹੁਣ ਬਣਨਾ ਹਾਂ ਸਿੱਖੇ,
ਨਵੇਂ ਯੁੱਗ ਵਾਲੇ ਹਾਣ ਦੇ।
ਬਾਬਾ ਸਾਹਿਬ ਭੀਮ ਰਾਓ ਦੇ ਸ਼ੇਰ,
ਜ਼ਾਲਮਾਂ ਦੇ ਨਾਲ ਖਹਿਣਾ ਜਾਣਦੇ।

ਕਿਹੜਾ ਕਿੰਨੇ ਪਾਣੀ ਵਿੱਚ ਰਹਿੰਦਾ,
ਇਹਦਾ ਵੀ ਤਾਂ ਪਤਾ ਲੱਗਿਆ,
ਕਿਹੜਾ ਸੱਚ ਨਾਲ ਹੈ ਖਲੋਵੇ,
ਕਿਸ ਨੇ ਹੈ ਸਾਨੂੰ ਠੱਗਿਆ,
ਸਰੋਏ ਕਹਿੰਦਾ ਲੱਲੂ-ਪੰਜੂ, ਦੱਕੀ-ਤਿੱਕੀਆਂ ਨੂੰ,
ਮੂੰਹ ਵੀ ਨਾ ਲਾਉਣਾ ਜਾਣਦੇ।
ਬਾਬਾ ਸਾਹਿਬ ਭੀਮ ਰਾਓ ਦੇ ਸ਼ੇਰ,
ਜ਼ਾਲਮਾਂ ਦੇ ਨਾਲ ਖਹਿਣਾ ਜਾਣਦੇ।




# ਰੇਖਾ ਤੋਂ ਸ਼ਰੁਤੀ ਹਾਸਨ ਤੱਕ

## ਬਿਨਾਂ ਵਿਆਹੀ ਮਾਂ ਦੀਆਂ ਲੜਕੀਆਂ ਹਨ ਇਹ ਅਭਿਨੇਤਰੀਆਂ

**ਵੈਟਰਨ ਅਭਿਨੇਤਰੀ ਰੇਖਾ ਦੀ ਸਵੈ ਜੀਵਨੀ 'ਰੇਖਾ: ਦਾ ਅਨਟੋਲਡ ਸਟੋਰੀ' ਅੱਜਕਲ੍ਹ ਚਰਚਾ ਵਿਚ ਹੈ। ਯਾਸੀਰ ਉਸਮਾਨ ਦੀ ਇਸ ਕਿਤਾਬ ਵਿਚ ਉਹਨਾਂ ਦੇ ਜੀਵਨ ਦੇ ਕਈ ਰਾਜ਼ ਖੋਲ੍ਹੇ ਗਏ ਹਨ। ਜਿਵੇਂ ਘੱਟ ਹੀ ਲੋਕ ਜਾਣਦੇ ਹਨ ਕਿ ਰੇਖਾ ਬਿਨਾਂ ਵਿਆਹੀ ਮਾਂ ਦੀ ਲੜਕੀ ਹੈ। ਰੇਖਾ ਦੀ ਮਾਂ ਪੁਸ਼ਪਾਵਲੀ ਤਮਿਲ ਅਤੇ ਤੇਲਗੂ ਫਿਲਮਾਂ ਦੀ ਅਭਿਨੇਤਰੀ ਸੀ। ਉਹਨਾਂ ਨੇ ਤਮਿਲ ਸਿਨੇਮਾ ਦੇ ਮੰਨੇ-ਪ੍ਰਮੰਨੇ ਐਕਟਰ ਸਵਰਗੀ ਜੈਮਨੀ ਗਣੇਸ਼ਨ ਦੇ ਨਾਲ ਕਈ ਫਿਲਮਾਂ ਕੀਤੀਆਂ ਸਨ ਅਤੇ ਇਸ ਦੌਰਾਨ ਦੋਵਾਂ ਦਾ ਅਫੇਅਰ ਹੋਇਆ ਸੀ। ਹਾਲਾਂਕਿ ਇਹਨਾਂ ਦਾ ਵਿਆਹ ਰੇਖਾ ਦੇ ਜਨਮ ਤੋਂ ਬਾਅਦ ਹੋਇਆ ਸੀ। ਇਸ ਜੋੜੇ ਦੀਆਂ ਦੋ ਬੇਟੀਆਂ ਹੋਈਆਂ ਰੇਖਾ ਅਤੇ ਰਾਧਾ।**





**ਸ਼ਰੁਤੀ ਹਾਸਨ**
**ਮਾਂਦਾ ਨਾਂ : ਸਾਰਿਕਾ**

ਅਭਿਨੇਤਰੀ ਸ਼ਰੁਤੀ ਹਾਸਨ ਸਾਊਥ ਦੇ ਸੁਪਰ ਹਿੱਟ ਐਕਟ ਕਮਲ ਹਾਸਨ ਅਤੇ ਸਾਰਿਕਾ ਦੀ ਲੜਕੀ ਹੈ। ਵਰਣਨਯੋਗ ਹੈ ਕਿ ਕਮਲ ਹਾਸਨ ਆਪਣੀ ਪਹਿਲੀ ਪਤਨੀ (ਵਾਣੀ) ਨਾਲ ਤਲਾਕ ਲੈਣ ਤੋਂ ਬਾਅਦ ਸਾਰਿਕਾ ਦੇ ਨਾਲ ਰਹਿਣ ਲੱਗੇ ਸਨ। ਕੁਝ ਸਮੇਂ ਬਾਅਦ ਹੀ ਸਾਰਿਕਾ ਦੇ ਗਰਭਵਤੀ ਹੋਣ ਦੀ ਗੱਲ ਸਾਹਮਣੇ ਆਈ। 28 ਜਨਵਰੀ 1986 ਨੂੰ ਸ਼ਰੁਤੀ ਹਾਸਨ ਦਾਜਨਮ ਹੋਇਆ। ਸ਼ਰੁਤੀ ਦੇ ਜਨਮ ਦੇ ਲੱਗਭੱਗ ਦੋ ਸਾਲ ਬਾਅਦ 1988 ਵਿਚ ਸਾਰਿਕਾ ਅਤੇ ਕਮਲ ਨੇ ਵਿਆਹ ਕੀਤਾ ਸੀ। ਸਾਲ 1991 ਵਿਚ ਸਾਰਿਕਾ ਨੇ ਆਪਣੀ ਦੂਜੀ ਲੜਕੀ ਅਕਸ਼ਰਾ ਨੂੰ ਜਨਮ ਦਿੱਤਾ। ਹਾਲਾਕਿ 2004 ਵਿਚ ਕਮਲ ਹਾਸਨ ਅਤੇ ਸਾਰਿਕਾ ਦਾ ਤਲਾਕ ਵੀ ਹੋ ਗਿਆ ਸੀ।



**ਮਸ਼ਾਬਾ ਗੁਪਤਾ**
**ਮਾਂਦਾ ਨਾਂ : ਨੀਨਾ ਗੁਪਤਾ**

ਬਾਲੀਵੁੱਡ ਦੀ ਮਸ਼ਹੂਰ ਡਿਜਾਇਨਰ ਮਸ਼ਾਬਾ ਗੁਪਤਾ ਅਭਿਨੇਤਰੀ ਨੀਨਾ ਗੁਪਤਾ ਦੀ ਲੜਕੀ ਹੈ। ਨੀਨਾ ਅਤੇ ਕ੍ਰਿਕਟਰ ਵਿਵੀਅਨ ਰਿਚਰਡਸ ਦਾ ਅਫੇਅਰ ਕਾਫੀ ਚਰਚਿਤ ਰਿਹਾ ਸੀ। ਰਿਲੇਸ਼ਨਸ਼ਿਪ ਦੀਆਂ ਖਬਰਾਂ ਦੇ ਵਿਚਕਾਰ ਨੀਨਾ ਦੇ ਗਰਭਵਤੀ ਹੋਣ ਦੀ ਗੱਲ ਸਾਹਮਣੇ ਆਈ। ਸਾਲ 1989 ਵਿਚ ਨੀਨਾ ਨੇ ਬੇਟੀ ਮਸ਼ਾਬਾ ਨੂੰ ਜਨਮ ਦਿੱਤਾ ਅਤੇ ਇਕੱਲਿਆਂ ਹੀ ਸਿੰਗਲ ਮਦਰ ਦੇ ਤੌਰ ਤੇ ਉਸਦੀ ਪਰਵਰਿਸ਼ ਕੀਤੀ।



**ਹਰਲੋ ਮੈਡੇਨ**
**ਮਾਂ ਦਾ ਨਾਂ : ਨਿਕੋਲ ਰਿਚੀ**

ਅਮਰੀਕਨ ਅਭਿਨੇਤਰੀ ਅਤੇ ਫੈਸ਼ਨ ਡਿਜਾਇਨਰ ਨਿਕੋ ਰਿਚੀ ਦੀ ਪ੍ਰੈਗਨੈਂਸੀ ਦੀਆਂ ਖਬਰਾਂ ਅਗਸਤ 2007 ਵਿਚ ਆਈਆਂ ਸਨ। ਜਨਵਰੀ 2008 ਵਿਚ ਨਿਕੋਲ ਅਤੇ ਉਹਨਾਂ ਦੇ ਲੰਮੇ ਸਮੇਂ ਤੋਂ ਬੁਆਏ ਫਰੈਂਡ ਰਾਕਰ ਜੋਇਲ ਮੈਡੇਨ ਦੀ ਬੇਟੀ ਹਰਲੋ ਦਾ ਜਨਮ ਹੋਇਆ ਸੀ। ਬੇਟੀ ਦੇ ਪੈਦਾ ਹੋਣ ਤੋਂ ਦੋ ਸਾਲ ਬਾਅਦ ਯਾਨਿ 2010 ਵਿਚ ਇਹਨਾਂ ਨੇ ਵਿਆਹ ਕੀਤਾ ਸੀ।




**ਨੋਰਾ ਜੋਨਸ**
**ਮਾਂ ਦਾ ਨਾਂ : ਸੂ ਜੋਨਸ**

ਅਮਰੀਕਨ ਸਿੰਗਰ, ਗੀਤ ਲੇਖਕ ਅਤੇ ਅਭਿਨੇਤਰੀ ਨੋਰਾ ਜੋਨਸ ਕਨਸਰਟ ਪ੍ਰੋਡਿਊਸਰ ਸੂ ਜੋਨਸ ਅਤੇ ਸਵਰਗੀ ਪੰਡਤ ਰਵੀ ਸ਼ੰਕਰ ਦੀ ਲੜਕੀ ਹੈ। ਪਹਿਲੀ ਪਤਨੀ ਤੋਂ ਅਲੱਗ ਹੋਣ ਦੇ ਬਾਅਦ ਰਵੀ ਸ਼ੰਕਰ ਦਾ ਅਫੇਅਰ ਸੂ ਜੋਨਸ ਨਾਲ ਚੱਲਿਆ। ਇਸ ਤੋਂ ਬਾਅਦ 1979 ਵਿਚ ਨੋਰਾ ਜੋਨਸ ਦਾ ਜਨਮ ਹੋਇਆ। ਵਰਣਨਯੋਗ ਹੈ ਕਿ ਰਵੀ ਸ਼ੰਕਰ ਅਤੇ ਸੂ ਨੇ ਕਦੀ ਵਿਆਹ ਨਹੀਂ ਕੀਤਾ ਸੀ। ਉਹ 1986 ਵਿਚ ਅਲੱਗ ਹੋ ਗਏ ਸਨ।



**ਨੌਰਥ ਵੈਸਟ ਮਾਂ ਦਾ ਨਾਂ: ਕਿਮ ਕਾਰਦੀਸ਼ੀਆ**

ਕਿਮ ਕਾਰਦੀਸ਼ੀਆ ਦੀ ਲੜਕੀ ਨੌਰਥ ਵੈਸਟ ਦਾ ਜਨਮ ਉਹਨਾਂ ਦੇ ਵਿਆਹ ਤੋਂ ਲੱਗਭੱਗ ਇਕ ਸਾਲ ਪਹਿਲਾਂ ਹੋਇਆ ਸੀ। ਰੀਐਲਟੀ ਸ਼ੋਅ ਸਟਾਰ ਕਿਮ ਕਾਰਦੀਆ ਅਤੇ ਮਿਊਜ਼ੀਸ਼ੀਅਨ ਕੇਨੀਆ ਵੈਸਟ ਦੀ ਲੜਕੀ ਨੌਰਥ ਵੈਸਟ ਜੂਨ 2013 ਵਿਚ ਪੈਦਾ ਹੋਈ ਸੀ। ਬੇਟੀ ਦੇ ਜਨਮ ਤੋਂ ਲੱਗਭੱਗ ਇਕ ਸਾਲ ਬਾਅਦ 24 ਮਈ, 2014 ਨੂੰ ਉਹਨਾਂ ਨੇ ਵਿਆਹ ਕਰਵਾਇਆ ਸੀ।



**ਸੂਰੀ ਕਰੂਜ**
**ਮਾਂ ਦਾ ਨਾਂ: ਕੈਟੀ ਹੋਮਸ**

2005 ਵਿਚ ਹਾਲੀਵੁੱਡ ਐਕਟਰ ਟਾਮ ਕਰੂਜ਼ ਅਤੇ ਅਭਿਨੇਤਰੀ ਕੈਟੀ ਹੋਮਸ ਦੇ ਅਫੇਅਰ ਦੇ ਚਰਚੇ ਹੋਏ। ਅਪ੍ਰੈਲ 2006 ਵਿਚ ਇਹਨਾਂ ਦੀ ਲੜਕੀ ਸੂਰੀ ਦਾ ਜਨਮ ਹੋਇਆ। ਬੇਟੀ ਦੇ ਜਨਮ ਦੇ ਲੱਗਭੱਗ 7 ਮਹੀਨੇ ਬਾਅਦ ਯਾਨਿ ਨਵੰਬਰ, 2006 ਵਿਚ ਟਾਮ ਅਤੇ ਕੇਟੀ ਨੇ ਵਿਆਹ ਕੀਤਾ ਸੀ। ਹਾਲਾਂਕਿ 2012 ਵਿਚ ਇਹਨਾਂ ਦਾ ਤਲਾਕ ਹੋ ਗਿਆ ਸੀ।

# ਬੁਆਏ ਫਰੈਂਡ ਦੇ ਧੋਖੇ ਦਾ ਸ਼ਿਕਾਰ ਹੋਈ ਸੀ ਮਹਿਮਾ ਚੌਧਰੀ

ਬਾਲੀਵੁੱਡ ਅਭਿਨੇਤਰੀ ਮਹਿਮਾ ਚੌਧਰੀ ਨੇ ਬੰਗਾਲੀ ਥ੍ਰਿਲਰ ਮੂਵੀ 'ਡਾਰਕ ਚਾਕਲੇਟ' ਵਿਚ ਇੰਦਰਾਣੀ ਮੁਖਰਜੀ ਦਾ ਕਿਰਦਾਰ ਪਲੇਅ ਕੀਤਾ ਹੈ। ਇਹ ਫਿਲਮ ਸ਼ੀਨ ਬੋਰਾ ਮਰਡਲ ਕੇਸ ਤੇ ਆਧਾਰਿਤ ਹੈ। ਫਿਲਮ ਪ੍ਰਮੋਸ਼ਨ ਦੇ ਦੌਰਾਨ ਮਹਿਮਾ ਚੌਧਰੀ ਨੇ ਦੱਸਿਆ ਕਿ ਲੀਏਂਡਰ ਪੇਸ ਨੇ ਉਹਨਾਂ ਨੂੰ ਧੋਖਾ ਦਿੱਤਾ; ਸੀ। ਉਹ ਇਕ ਚੰਗੇ ਟੈਨਿਸ ਖਿਡਾਰੀ ਹਨ ਪਰ ਬਤੌਰ ਇਨਸਾਨ ਬਿਲਕੁਲ ਵੀ ਚੰਗੇ ਨਹੀਂ ਹਨ। ਮੈਨੂੰ ਜਦੋਂ ਪਤਾ ਲੱਗਿਆ ਕਿ ਉਹਨਾਂ ਦੇ ਆਸ ਪਾਸ ਕੋਈ ਹੋਰ ਹੈ ਤਾਂ ਮੈਂ ਹੈਰਾਨ ਰਹਿ ਗਈ। ਉਹਨਾਂ ਦੇ ਜਾਣ ਨਾਲ ਮੇਰੇ ਜੀਵਨ ਵਿਚ ਕੋਈ ਫਰਕ ਨਹੀਂ ਪਿਆ ਬਲਕਿ ਹੁਣ ਤਾਂ ਮੈ ਂਹੋਰ ਜ਼ਿਆਦਾ ਮਚਿਓਰ ਹੋ ਗਈ ਹਾਂ। ਮਹਿਮਾ ਨੇ ਕਿਹਾ- ਲੀਏਂਡਰ ਨੇ ਜੋ ਉਹਨਾਂ ਦੇ ਨਾਲ ਕੀਤਾ, ਉਹੀ ਉਹ ਆਪਣੀ ਮੌਜੂਦਾ ਪਤਨੀ ਰਿਆ ਪਿਲੈ ਦੇ ਨਾਲ ਵੀ ਕਰਨਗੇ। ਵਰਣਨਯੋਗ ਹੈ ਕਿ ਮਹਿਮਾ ਚੌਧਰੀ ਨੇ 2006 ਵਿਚ ਮੁੰਬਈ ਦੇ ਆਰਕੀਟੈਕਟ ਬਾਬੀ ਮੁਖਰਜੀ ਨਾਲ ਵਿਆਹ ਕੀਤਾ ਅਤੇ ਵਿਆਹ ਦੇ ਕੁਝ ਹੀ ਮਹੀਨਿਆਂ ਬਾਅਦ ਹੀ ਉਹਨਾਂ ਨੇ ਲੜਕੀ ਨੂੰ ਜਨਮ ਦਿੱਤਾ। ਕਹਿੰਦੇ ਹਨ ਕਿ ਮਹਿਮਾ ਵਿਆਹ ਤੋਂ ਪਹਿਲਾਂ ਹੀ ਪ੍ਰੈਗਨੈਂਟ ਹੋ ਗਈ ਸੀ। ਹਾਲਾਂਕਿ ਬਾਅਦ ਵਿਚ 2013 ਵਿਚ ਬਾਬੀ ਅਤੇ ਮਹਿਮਾ ਅਲੱਗ ਹੋ ਗਏ। ਮਹਿਮਾ ਚੌਧਰੀ ਮੁਤਾਬਕ ਸਿੰਗਲ ਮਦਰ ਹੋਣ ਦੇ ਕਾਰਨ ਉਹਨਾਂ ਨੂੰ ਬੇਟੀ ਆਰੀਆਨਾ ਦੀ ਦੇਖਭਾਲ ਕਰਨੀ ਪੈਂਦੀ ਸੀ, ਜਿਸ ਕਾਰਨ ਉਹ ਫਿਲਮਾਂ ਵਿਚ ਨਹੀਂ ਆ ਸਕੀ। ਇਸ ਕਰਕੇ ਉਹਨਾਂ ਨੇ ਟੀ. ਵੀ. ਸ਼ੋਅ ਵਿਚ ਜੱਜ ਬਣਨ ਅਤੇ ਸ਼ੋਅ ਰੂਮਾਂ ਦੇ ਰਿਬਨ ਕੱਟਣ ਵਰਗੇ ਕੰਮ ਕੀਤੇ, ਜੋ ਮੇਰੇ ਲਈ ਕਾਫੀ ਕਨਵੀਨੀਐਂਟ ਵੀ ਸਨ।



**ਵਿਆਹ ਦਾ ਪਲਾਨ ਕਰਨ ਬਾਅਦ ਲਿਆਂਗੀ ਤਲਾਕ**

ਮਹਿਮਾ ਦੇ ਮੁਤਾਬਕ ਅਲੱਗ ਰਹਿਣ ਦੇ ਬਾਵਜੂਦ ਹੁਣ ਤੱਕ ਉਹਨਾਂ ਨੇ ਤਲਾਕ ਲੈਣ ਦਾ ਫੈਸਲਾ ਨਹੀ ਂਕੀਤਾ ਹੈ। ਇਸ ਦਾ ਇਕ ਕਾਰਨ ਇਹ ਵੀ ਹੈ ਕਿ ਉਹਨਾਂ ਦੇ ਕੋਲ ਇਹਨਾਂ ਗੱਲਾਂ ਲਈ ਵਕਤ ਨਹੀਂ ਹੈ। ਵੈਸੇ ਵੀ ਮੈਂ ਤਲਾਕ ਉਦੋਂ ਲਿਆਂਗੀ ਜਦੋਂ ਮੈਂ ਨਵੇਂ ਵਿਆਹ ਬਾਰੇ ਪਲਾਨ ਕਰ ਲਵਾਂਗੀ।

ਵਰਣਨਯੋਗ ਹੈ ਕਿ ਮਹਿਮਾ ਚੌਧਰੀ ਨੇ ਬਾਬੀ ਮੁਖਰਜੀ ਨਾਲ ਵਿਆਹ ਕਰਨ ਤੋਂ ਪਹਿਲਾਂ ਕੁਝ ਵਕਤ ਤੱਕ ਟੈਨਿਸ ਪਲੇਅਰ ਲੀਏਂਡਰ ਪੇਸ ਨੂੰ ਡੇਟ ਕੀਤਾ ਸੀ।

ਲੰਮੇ ਸਮੇਂ ਬਾਅਦ ਵੱਡੇ ਪਰਦੇ 'ਤੇ ਨਜ਼ਰ ਆਈ ਮਹਿਮਾ ਨੇ 1997 ਵਿਚ ਸ਼ਾਹਰੁਖ ਖਾਨ ਦੇ ਨਾਲ ਫਿਲਮ 'ਪਰਦੇਸ' ਵਿਚ ਕੰਮ ਕੀਤਾ ਸੀ। ਬਾਅਦ ਵਿਚ ਕੁਝ ਫਿਲਮਾਂ ਕਰਨ ਤੋਂ ਬਾਅਦ ਉਹਨਾਂ ਨੇ 2006 ਵਿਚ ਫਿਲਮ ਉਦਯੋਗ ਤੋਂ ਬ੍ਰੇਕ ਲੈ ਲਿਆ ਸੀ।

# ਯੂਨਾਈਟਡ ਸਪੋਰਟਸ ਕਲੱਬ ਕੈਲੇਫੋਰਨੀਆਂ, ਅਮਰੀਕਾ

ਕੈਲੇਫੋਰਨੀਆਂ ਕਬੱਡੀ ਫੈਡਰੇਸ਼ਨ ਦੇ ਸਹਿਯੋਗ ਨਾਲ

## 12ਵਾਂ ਵਿਸ਼ਵ ਕਬੱਡੀ ਕੱਪ

ਮਿਤੀ 18 ਸਤੰਬਰ 2016 ਦਿਨ ਐਤਵਾਰ ਨੂੰ

(Logan High School 1800 H Street, Union City, California 94587)

ਲੋਗਨ ਹਾਈ ਸਕੂਲ 1800 ਐਚ ਯੂਨੀਅਨ ਸਿਟੀ, ਕੈਲੀਫੋਰਨੀਆਂ 94587 ਦੀਆਂ ਗਰਾਊਂਡਾਂ ਵਿਚ ਕਰਵਾਇਆ ਜਾ ਰਿਹਾ ਹੈ




ਅਮੋਲਕ ਸਿੰਘ ਗਾਖਲ
ਸਰਪ੍ਰਸਤ
ਯੂਨਾਈਟਡ ਸਪੋਰਟਸ ਕਲੱਬ

18 ਸਤੰਬਰ ਦਾ ਦਿਨ ਪੰਜਾਬੀਆਂ ਦੀ ਮਾਂ ਖੇਡ ਕਬੱਡੀ ਲਈ ਰਾਖਵਾਂ ਰੱਖ ਕੇ ਸਾਰਾ ਦਿਨ ਕਬੱਡੀ ਦੇ ਰੰਗ ਸਵੇਰ 9 ਵਜੇ ਤੋਂ ਸ਼ਾਮ 6 ਵਜੇ ਤੱਕ ਵੇਖਣ ਲਈ ਜੇਮਸ ਲੋਗਨ ਹਾਈ ਸਕੂਲ ਵਿਚ ਪਹੁੰਚੋ।

### ਪਹਿਲੇ ਇਨਾਮ ਦੇ ਸਪਾਂਸਰ




ਡਾਇਮੰਡ ਟਰੱਕਿੰਗ ਸਟਾਕਟਨ ਦੇ
ਗੁਲਵਿੰਦਰ ਸਿੰਘ ਗਾਖਲ, ਨੇਕੀ ਅਟਵਾਲ 'ਤੇ ਪਿੰਕੀ ਅਟਵਾਲ

### ਦੂਜੇ ਇਨਾਮ ਦੇ ਸਪਾਂਸਰ



ਸਹੋਤਾ ਪਰਿਵਾਰ ਦੇ
ਜੁਗਰਾਜ ਸਿੰਘ ਸਹੋਤਾ 'ਤੇ
ਨਰਿੰਦਰ ਸਿੰਘ ਸਹੋਤਾ
(ਪਿਤਾ ਸਵ. ਕਸ਼ਮੀਰ ਸਿੰਘ ਸਹੋਤਾ ਦੀ ਯਾਦ ਨੂੰ ਸਮਰਪਿਤ)

### ਗੋਲਡ ਮੈਡਲ ਨਾਲ ਸਨਮਾਨਿਤ ਹੋਣ ਵਾਲੀਆਂ ਸਖ਼ਸ਼ੀਅਤਾਂ



ਮੇਜਰ ਸਿੰਘ ਗਾਖਲ ਸਾਬਕਾ ਕਬੱਡੀ ਖਿਡਾਰੀ (ਯੂਨਾਈਟਡ ਸਪੋਰਟਸ ਕਲੱਬ ਵਲੋਂ) | ਬੇ-ਏਰੀਆ ਸਪੋਰਟਸ ਕਲੱਬ ਦੇ ਬਲਜੀਤ ਸਿੰਘ ਸੰਧੂ (ਯੂਨਾਈਟਡ ਸਪੋਰਟਸ ਕਲੱਬ ਵਲੋਂ ਵਿਸ਼ੇਸ਼ ਸਨਮਾਨ) | ਰਾਣਾ ਵੰਡ ਸਾਬਕਾ ਕਬੱਡੀ ਖਿਡਾਰੀ (ਕੁਲਵੰਤ ਸਿੰਘ ਨਿੱਝਰ ਤੇ ਸੁਖਬੀਰ ਸਿੰਘ ਨਿੱਝਰ ਵਲੋਂ) | ਦੀਪਾ ਮੁਠੱਡਾ ਸਾਬਕਾ ਕਬੱਡੀ ਖਿਡਾਰੀ (ਤੀਰਥ ਗਾਖਲ ਵਲੋਂ) | ਨੱਥਾ ਸਿੰਘ ਗਾਖਲ (ਤੀਰਥ ਗਾਖਲ ਵਲੋਂ) | ਸੰਦੀਪ ਲੁੱਧਰ (ਬੇ-ਏਰੀਆ ਸਪੋਰਟਸ ਕਲੱਬ ਵਲੋਂ)

### ਖੇਡ ਮੇਲੇ ਵਿਚ ਭਾਗ ਲੈਣ ਵਾਲੀਆਂ ਕਲੱਬਾਂ

* ਬੇ ਏਰੀਆ ਸਪੋਰਟਸ ਕਲੱਬ
* ਸੈਂਟਰਲ ਵੈਲੀ ਸਪੋਰਟਸ ਕਲੱਬ
* ਸ਼ਹੀਦ ਊਧਮ ਸਿੰਘ 'ਤੇ ਸ਼ਹੀਦ ਭਗਤ ਸਿੰਘ ਸਪੋਰਟਸ ਕਲੱਬ
* ਫਤਿਹ ਸਪੋਰਟਸ ਕਲੱਬ

ਵਿਸ਼ਵ ਕਬੱਡੀ ਕੱਪ ਦੇ ਮੀਡੀਆ ਇੰਚਾਰਜ
**ਐੱਸ ਅਸ਼ੋਕ ਭੌਰਾ**
Phone: 510 415 3315, Email: ashokbhaura@gmail.com

ਕਬੱਡੀ ਮੈਚਾਂ ਦਾ ਅਨੰਦ ਮਾਨਣ ਲਈ ਖੇਡ ਮੈਦਾਨ 'ਚ ਪਹੁੰਚੋ।
ਕਿਸੇ ਵੀ ਟੀ. ਵੀ. ਚੈਨਲ 'ਤੇ ਸਿੱਧਾ ਪ੍ਰਸਾਰਨ ਨਹੀਂ ਹੋਵੇਗਾ।

ਕਬੱਡੀ ਲਈ ਪਾਏ ਵਿਸ਼ੇਸ਼ ਯੋਗਦਾਨ ਬਦਲੇ ਕੈਲੇਫੋਰਨੀਆਂ ਕਬੱਡੀ ਫੈਡਰੇਸ਼ਨ ਦੇ ਸਮੂਹ ਅਹੁਦੇਦਾਰਾਂ ਅਤੇ ਕਬੱਡੀ ਨੂੰ ਸਮਰਪਿਤ ਰਹੀਆਂ ਸਖ਼ਸ਼ੀਅਤਾਂ ਦਾ ਵਿਸ਼ੇਸ਼ ਸਨਮਾਨ ਹੋਵੇਗਾ

**ਖੇਡ ਪ੍ਰੇਮੀਆਂ ਨੂੰ ਖੁੱਲ੍ਹਾ ਸੱਦਾ ਦਾਖਲਾ ਮੁਫਤ**

ਸਿਟੀ ਪ੍ਰਸ਼ਾਸ਼ਨ ਦੀਆਂ ਹਦਾਇਤਾਂ ਮੁਤਾਬਿਕ ਗਰਾਊਂਡ ਤੋਂ ਬਾਹਰ ਪਾਣੀ ਜਾਂ ਸੋਡਾ ਮੁੱਲ ਜਾਂ ਮੁੱਫਤ ਨਾ ਵੰਡਣ ਦੀ ਬੇਨਤੀ ਹੈ।

ਕੋਈ ਵਿਅਕਤੀਗਤ ਖੇਡ ਨਹੀਂ ਹੋਵੇਗੀ

ਹਰ ਵਾਰ ਦੀ ਤਰ੍ਹਾਂ ਰਾਜਾ ਸਵੀਟਸ ਦਾ ਲਜ਼ੀਜ਼ ਫੂਡ ਵੀ ਉਪਲਬਧ ਹੋਵੇਗਾ

ਵਿਸ਼ਵ ਕਬੱਡੀ ਕੱਪ ਦੇ ਉਦਘਾਟਨ ਮੌਕੇ ਬੱਚਿਆਂ ਦੀ ਪਰੇਡ ਹੋਵੇਗੀ

ਸੈਨਹੋਜ਼ੇ ਗੁਰੂਘਰ ਦੀ ਪ੍ਰਬੰਧਕ ਕਮੇਟੀ ਵਲੋਂ ਵਿਸ਼ਵ ਕਬੱਡੀ ਕੱਪ ਨੂੰ ਪੂਰਨ ਸਹਿਯੋਗ

ਗਦਰੀ ਬਾਬਿਆਂ ਦੇ ਇਤਿਹਾਸਕ ਗੁਰੂਘਰ ਸਟਾਕਟਨ ਦੀ ਪ੍ਰਬੰਧਕ ਕਮੇਟੀ ਵਲੋਂ ਵਿਸ਼ਵ ਕਬੱਡੀ ਕੱਪ ਨੂੰ ਪੂਰਨ ਸਹਿਯੋਗ

ਫਰੀਮਾਂਟ ਗੁਰੂਘਰ ਦੀ ਪ੍ਰਬੰਧਕ ਕਮੇਟੀ ਵਲੋਂ ਵਿਸ਼ਵ ਕਬੱਡੀ ਕੱਪ ਨੂੰ ਪੂਰਨ ਸਹਿਯੋਗ



ਮੱਖਣ ਸਿੰਘ ਬੈਂਸ ਚੇਅਰਮੈਨ | ਇਕਬਾਲ ਸਿੰਘ ਗਾਖਲ ਉਪ ਚੇਅਰਮੈਨ | ਬਲਵੀਰ ਸਿੰਘ ਭਾਟੀਆ ਪ੍ਰਧਾਨ | ਪਲਵਿੰਦਰ ਸਿੰਘ ਗਾਖਲ ਡਾਇਰੈਕਟਰ | ਜੁਗਰਾਜ ਸਿੰਘ ਸਹੋਤਾ ਉਪ ਪ੍ਰਧਾਨ | ਗੁਰਦਾਵਰ ਸਿੰਘ ਮਹੇੜੂ ਜਨਰਲ ਸਕੱਤਰ | ਐੱਸ ਅਸ਼ੋਕ ਭੌਰਾ ਮੀਡੀਆ ਇੰਚਾਰਜ | ਪਿੰਕੀ ਅਟਵਾਲ ਡਾਇਰੈਕਟਰ

### ਪਹੁੰਚ ਰਹੇ ਵਿਸ਼ੇਸ਼ ਮਹਿਮਾਨ

*ਸੇਵਾ ਸਿੰਘ ਰੰਧਾਵਾ
*ਜਗੀਰ ਸਿੰਘ ਬੈਂਸ
*ਪਰਮਜੀਤ ਸਿੰਘ ਦਿਓਲ
*ਬੱਗਾ ਸਿੰਘ ਕਾਲਾਸੰਘਿਆਂ
*ਰਾਣਾ ਢਿੱਲੋਂ
*ਬਿੱਕਰ ਸਿੰਘ ਪਰਿਵਾਰ
*ਮੱਖਣ ਸਿੰਘ ਧਾਲੀਵਾਲ
*ਲੱਖਾ ਗਾਜ਼ੀਪੁਰੀਆ



*ਜਸਵੀਰ ਸਿੰਘ ਸੰਧੂ ਸਾਬਕਾ ਐੱਮ ਪੀ ਕੈਨੇਡਾ



ਪਰਮਜੀਤ ਸਿੰਘ ਪੰਮੀ ਕਬੱਡੀ ਕੋਚ | ਸਾਧੂ ਸਿੰਘ ਸਲਾਹਕਾਰ | ਨਰਿੰਦਰ ਸਿੰਘ ਸਹੋਤਾ ਖਜਾਨਚੀ | ਦਲਵਿੰਦਰ ਪੱਡਾ ਡਾਇਰੈਕਟਰ | ਨੱਥਾ ਸਿੰਘ ਗਾਖਲ ਸਲਾਹਕਾਰ | ਦੇਬੀ ਸੋਹਲ ਸਿੱਧਵਾਂ ਦੋਨਾ ਡਾਇਰੈਕਟਰ | ਬਖਤਾਵਰ ਸਿੰਘ ਗਾਖਲ ਡਾਇਰੈਕਟਰ | ਜਸਵੀਰ ਸਿੰਘ ਗਾਖਲ ਡਾਇਰੈਕਟਰ | ਗੁਰਪ੍ਰੀਤ ਸਿੰਘ ਗਾਖਲ ਡਾਇਰੈਕਟਰ

### ਕੁਮੈਂਟੇਟਰ

1. ਮੈਡਮ ਆਸ਼ਾ ਸ਼ਰਮਾ
2. ਰਾਜਵਿੰਦਰ ਸਿੰਘ ਰੰਡਿਆਲਾ
3. ਮੱਖਣ ਅਲੀ
4. ਇਕਬਾਲ ਗਾਲਿਬ
5. ਕਾਲਾ ਰਛੀਨ

## Sponsors

Surjit Singh Tutt, Ranjit Singh Tutt, Aman Truck Line, Tirath S. Gakhal, Sikh Panchayat Fremont, Yadwinder Singh Sohal, Randhir Singh Nijjar, Paramjit Singh Lidher, Surinder Singh Atwal, Harduman Singh, Billa Sanghera, Dhanna Singh Kabaddi Coach, Sant Singh Hothi, Sukhwant S. Klair, Baljinder S. Klair, Kashmir S. Dhoot, Inderjit Singh Third, Gurcharan Singh Maan, Raj Bhanot ( Hindu Temple Sunnyvale), Raghbir Singh Shergill, Santokh Singh Jajj.

Lachhar Bros., Mike Boparai Winco Truck Stop & Plaza, Kulwant Singh Nijjar, Sukhvir Singh Nijjar, Baljit Singh Sahota, Amarjit Singh Sangha, Raghbir Singh Gakhal, Sodhi Indiana, Pargan Singh, Natomas Liquior, Mangal Singh Bhandal, Amrik Chand Lakha CPA, S S Trucking, Sewa Singh Randhawa Canada, Paramjit Singh Deol Canada, Gurnam Singh, Kulwant Singh Khaira (Chairman Sri Guru Teg Bahadur Sports Club), Jass Sohal Canada, Jagir Singh Sabzi Mandi, Balkar Singh Lidhar, Harjinder Singh Lidhar, Ranjit Singh Dhillon.

Lakhvir Singh Patwari, Rana Atwal, Sukhminder Machhiana, Mehnga Singh Sarpanch, Manjit Singh, Kuldip Singh Dhaliwal, Jinder Johal, Sarbjit Singh Dhaliwal, Jack Ram & Paul Ram, National Transport, Travel for less, Tirath Singh Sallh, Bill Bains, Jasvir Takhar, Major Singh Gakhal, Jagtar Singh, Harbhajan Singh Gakhal, TS Badwal, Ranvir Singh, Gurmej Singh Gakhal, Sohan Singh Gakhal, Avtar Singh, Bhupinder Singh Parmar, Shankar Singh, Such Ram Bharta, Darshan Aujla, Kashmir Dhugha, Jaswant Singh Sra, Santokh Singh Takhar, Shashi Pal, Jasvir Singh Sohal, Sewa Singh Sidhwan, Boota Singh Sidhwan, Parmjit Singh Khehra, Jaswinder Shergill, Balwinder Virk, Bittu Rai, Malagher Khehra, Ravinder Johal, Baljit Bassi, Malwinder Singh Chahal, Bhupinder Singh Gill Gholia, Avtar Singh Tari, Kuldip Mann, Rana Kahlon, Lakhi Kala Sanghia, Mahinder Singh, Randhir Singh Kang, Jasvir Singh Nahal, Hardeep S. Aulakh, Balbir Singh Sheemar, Dharmpal Jhamat, Avtar Singh, Bombay Pizza House, Harvinder S. Dhaliwal, Avtar s. Bains, Jindu Brar, Balbir Bhatti, Jassi Dhillon, Soni Gakhal.

## Supporter Organizations

Yuba Brother Hockey Sutter, Bay Area Sports Club, Central Velly Sports Club, Shaheed Baba Deep Singh Sports Club, Fateh Sports Club, Shaheed Udham & Shaheed Bhagat Singh Sports Club, Santa Clara Sports Club, Sanjose Punjabi Mela Sports Club.

# KB USED AUTO SALES



**8655 B Monterey Street Gilroy, CA 95020**

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ



# K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust

## CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

# AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



Call:
530-824-5134

## ਪੁਰਾਣੇ ਟਾਇਰਾਂ ਦੀ ਸੇਲ

ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

**NEW & USED TIRES**
WASH, LUBE, BRAKES

Call:
650-642-0697

**3525 Highway 99, West Corning, CA 96021**
Across the Street from TA Truck Stop